
ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿ

# ਆਪਣੇ ਖ਼ਿਲਾਫ਼

(ਮੂਲ ਪਾਠ ਅਤੇ ਆਲੋਚਨਾ)



ਸੰਪਾਦਕ

ਮਨਜੀਤ ਸਿੰਘ (ਪ੍ਰੋ.)    ਡਾ. ਜਸਪਾਲ ਕੌਰ

Academy of the Punjab in North America: http://www.apnaorg.com

# ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿ

# ਆਪਣੇ ਖ਼ਿਲਾਫ਼

## (ਮੂਲ ਪਾਠ ਅਤੇ ਆਲੋਚਨਾ)



Academy of the Punjab in North America: http://www.apnaorg.com

# ਰਵਿੰਦਰ ਰਵੀ ਰਚਿਤ ਪੁਸਤਕਾਂ

**ਕਵਿਤਾ** : ਦਿਲ ਦਰਿਆ ਸਮੁੰਦਰੋਂ ਡੂੰਘੇ, ਬੁੱਕਲ ਦੇ ਵਿਚ ਚੋਰ, ਬਿੰਦੂ, ਮੌਨ ਹਾਦਸੇ, ਦਿਲ-ਟ੍ਰਾਂਸਪਲਾਂਟ ਤੋਂ ਬਾਅਦ, ਸ਼ਹਿਰ ਜੰਗਲੀ ਹੈ, ਮੇਰੇ ਮੌਸਮ ਦੀ ਵਾਰੀ, ਜਲ ਭਰਮ-ਜਲ, ਚਿੱਟੇ ਕਾਲੇ ਧੱਬੇ, ਸੀਮਾਂ ਆਕਾਸ਼, ਸ਼ੀਸ਼ੇ 'ਤੇ ਦਸਤਕ, ਆਪਣੇ ਖ਼ਿਲਾਫ਼, ਸੂਰਜ ਤੇਰਾ ਮੇਰਾ, ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ, ਛਾਵਾਂ ਤੇ ਪਰਛਾਵੇਂ, ਬਾਜ਼ ਦੀ ਨਜ਼ਰ, ਨਵੀਂ ਸਦੀ ਦੀ ਨਵੀਂ ਨਸਲ, ਸ਼ਬਦਾਂ ਦੇ ਚਿਹਰੇ, ਨਿਹੋਂਦ ਦਾ ਗੀਤ

**ਸਮੁੱਚੀ ਕਵਿਤਾ** : ਅਕੱਥ-ਕਥਾ, ਸੈਂਚੀ ਪਹਿਲੀ, 1955-66 (ਭਾਰਤ), ਵਣ-ਵਾਣੀ, ਸੈਂਚੀ ਦੂਜੀ, 1967-74 (ਕੀਨੀਆ), ਪਿਆਸਾ ਬੱਦਲ, ਸੈਂਚੀ ਤੀਜੀ 1975-86 (ਕੈਨੇਡਾ), ਸ਼ਬਦ ਸਾਗਰ, ਸੈਂਚੀ ਚੌਥੀ, 1986-2003 (ਕੈਨੇਡਾ), ਪਿੰਡ ਬ੍ਰਹਮੰਡ, ਸੈਂਚੀ ਪੰਜਵੀਂ, 2003-2014 (ਕੈਨੇਡਾ)

**ਕਾਵਿ-ਨਾਟਕ** : ਬੀਮਾਰ ਸਦੀ, ਦਰ ਦੀਵਾਰਾਂ, ਅੱਧੀ ਰਾਤ ਦੁਪਹਿਰ, ਚੌਕ ਨਾਟਕ, ਰੂਹ ਪੰਜਾਬ ਦੀ, ਸਿਫ਼ਰ ਨਾਟਕ, ਤਿੰਨ ਨਾਟਕ ('ਮੱਕੜੀ ਨਾਟਕ', 'ਰੁਕੇ ਹੋਏ ਯਥਾਰਥ' ਤੇ 'ਪਛਾਣ ਨਾਟਕ'), ਮਨ ਦੇ ਹਾਣੀ, ਮਖੌਟੇ ਤੇ ਹਾਦਸੇ, ਚੱਕ੍ਰਵਯੂਹ ਤੇ ਪਿਰਾਮਿਡ, ਆਪੋ ਆਪਣੇ ਦਰਿਆ, ਹੋਂਦ ਨਿਹੋਂਦ, ਪਰਤੱਖ ਤੋਂ ਅਗਾਂਹ (ਦੋ ਕਾਵਿ ਨਾਟਕ : 'ਭਰਮ-ਜਲ' ਅਤੇ 'ਸਿਆਸੀ ਦੰਦ-ਕਥਾ')

**ਸਮੁੱਚਾ ਨਾਟਕ** : ਮੰਚ ਨਾਟਕ (1974-1990), ਮੇਰੇ ਕਾਵਿ-ਨਾਟਕ-1 (1974-1983), ਮੇਰੇ ਕਾਵਿ- ਨਾਟਕ-2 (1984-1987), ਮੇਰੇ ਕਾਵਿ-ਨਾਟਕ-3 (1990- 2005), ਮੇਰੇ ਕਾਵਿ- ਨਾਟਕ-4 (2008-2010)

**ਤ੍ਰੈਲੜੀ ਨਾਟਕ** : ਸੂਰਜ ਨਾਟਕ (1974-1983)

**ਨਾਟਕ ਤੇ ਰੰਗਮੰਚ** : ਦੋ ਨਾਟਕ ਤੇ ਰੰਗਮੰਚ

**ਕਹਾਣੀ** : ਚਰਾਵੀ, ਜੁਰਮ ਦੇ ਪਾਤਰ, ਸ਼ਹਿਰ ਵਿਚ ਜੰਗਲ, ਕੋਨ ਪ੍ਰਤੀਕੋਨ, ਮੈਲੀ ਪੁਸਤਕ, ਜਿੱਥੇ ਦੀਵਾਰਾਂ ਨਹੀਂ, ਕੰਪਿਊਟਰ ਕਲਚਰ, ਆਪਣੇ ਆਪਣੇ ਟਾਪੂ, ਗੋਰੀਆਂ ਸ਼ਹੀਦੀਆਂ

**ਸਮੁੱਚੀ ਕਹਾਣੀ** : ਅਘਰਵਾਸੀ (1955-1984), ਮੇਰੀ ਕਹਾਣੀ (1955-2005), ਮੇਰੀਆਂ ਸਾਰੀਆਂ ਕਹਾਣੀਆਂ (1955-2010)

**ਚਰਚਤ ਕਹਾਣੀ** : ਸਮੇਂ ਦੇ ਨਾਲ ਨਾਲ (1955-1989)

**ਪ੍ਰਤਿਨਿਧ ਕਹਾਣੀ**: ਖੰਭਾਂ ਵਾਲੇ ਪਿੰਜਰੇ (1955-2000), ਚੋਣਵੀਆਂ ਕਹਾਣੀਆਂ (ਇਸਤਰੀ ਮਰਦ ਪ੍ਰਸੰਗ), ਚੋਣਵੀਆਂ ਕਹਾਣੀਆਂ-2 (ਬ੍ਰਹਮੰਡਕ ਸਰੋਕਾਰ)

**ਸਫ਼ਰਨਾਮਾ** : ਸਿਮਰਤੀਆਂ ਦੇ ਦੇਸ਼

**ਵਾਰਤਕ** : ਮੇਰੀ ਸਾਹਿਤਕ ਸਵੈ-ਜੀਵਨੀ, ਐਟਸੈਟਰਾ-2, ਐਟਸੈਟਰਾ-3, ਮੇਰਾ ਜੀਵਨ, ਮੇਰਾ ਸਾਹਿਤ (ਸਾਹਿਤਿਕ ਸ੍ਵੈ ਜੀਵਨੀ), ਐਟਸੈਟਰਾ-4

**ਸਮੀਖਿਆ** : ਪ੍ਰਯੋਗਸ਼ੀਲ ਕਾਵਿ-ਦਰਪਨ, ਮੇਰਾ ਕਾਵਿ-ਨਾਟ-ਲੋਕ, ਐਟਸੈਟਰਾ-1, ਮੇਰਾ ਥੀਏਟਰ ਤੇ ਇੱਕੀਵੀਂ ਸਦੀ

**ਸੰਪਾਦਨ** : ਵਿਸ਼ਵ ਪੰਜਾਬੀ ਸਾਹਿਤ, ਕਵਿਤਾ ਸਨਮੁਖ, ਕਥਾ ਸਨਮੁਖ, ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ (ਅਭਿਨੰਦਨ ਗ੍ਰੰਥ), ਕਥਾ ਸਨਮੁਖ-2

Wind Song (Poetry), Wind Song-2 (Poetry)

**ਅੰਗਰੇਜ਼ੀ** : Restless Soul (Poetry), Cosmic Symphony (Short Stories)

**ਹੋਰਨਾਂ ਨਾਲ ਸਾਂਝੀਆਂ** : The Rebel Sound (Poetry)
The Voices of Dissent (Poetry), Green Snow (Poetry)

**ਹਿੰਦੀ** : ਅੰਧੇਰਾ ਯੂਕਲਿਪਟਸ ਔਰ ਆਗ (ਕਹਾਣੀਆਂ), ਸੂਰਜ ਕਾ ਤਕੀਆ (ਕਵਿਤਾ)।

## ਪਾਕਿਸਤਾਨ ਵਿਚ (ਸ਼ਾਹਮੁਖੀ ਲਿੱਪੀ ਵਿਚ)

**ਕਾਵਿ-ਸੰਗ੍ਰਹਿ** : ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ, ਸ਼ਬਦਾਂ ਦੇ ਚਿਹਰੇ, ਨਿਹੋਂਦ ਦਾ ਗੀਤ, ਨਵੀਂ ਸਦੀ ਦੀ ਨਵੀਂ ਨਸਲ

**ਚੋਣਵੀਂ ਕਵਿਤਾ** : ਹੀਰਿਆਂ ਦਾ ਚੋਗ (1974-89)

**ਚੋਣਵੀਂ ਕਹਾਣੀ** : ਖੰਭਾਂ ਵਾਲੇ ਪਿੰਜਰੇ (1955-2000)

**ਸਮੁੱਚਾ ਨਾਟਕ** : ਮੰਚ ਨਾਟਕ (1974-1990), ਕਾਵਿ-ਨਾਟਕ : ਮਨ ਦੇ ਹਾਣੀ

Academy of the Punjab in North America: http://www.apnaorg.com

## ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿ

# ਆਪਣੇ ਖ਼ਿਲਾਫ਼

### (ਮੂਲ ਪਾਠ ਅਤੇ ਆਲੋਚਨਾ)


-ਸੰਪਾਦਕ-

**ਡਾ. ਜਸਪਾਲ ਕੌਰ**
(ਐਸੋਸੀਏਟ ਪ੍ਰੋਫ਼ੈਸਰ)

**ਡਾ. ਮਨਜੀਤ ਸਿੰਘ**
(ਪ੍ਰੋਫ਼ੈਸਰ ਤੇ ਸਾਬਕਾ ਮੁਖੀ)

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ-7



ਨੈਸ਼ਨਲ ਬੁਕ ਸ਼ਾਪ
ਪਲੱਈਅਰ ਗਾਰਡਨ ਮਾਰਕਿਟ,
ਚਾਂਦਨੀ ਚੌਕ, ਦਿੱਲੀ-110 006



Academy of the Punjab in North America: http://www.apnaorg.com

**Ravinder Ravi's poerty-collection**
**APNE KHILAF**
*(original text & criticism)*

-editors-

**Jaspal Kaur (Dr.)**
M. No.: 09953622511

**Manjit Singh (Prof.)**
M. No.: 09868773902

Published by :
**NATIONAL BOOK SHOP**
Pleasure Garden Market, Chandni Chowk, Delhi-110006
Ph. : 011-23264342, 9212055321
Email:nbs.bookstore@gmail.com

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is publihed and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic mechanical, photocopying, recording or otherwise), without the prior written permission of both the copyright owner and the obove-mentioned publisher of this book.*

ਪਹਿਲੀ ਵਾਰ : 2017

ISBN 978-81-7116-000-0

**PRICE : ₹ 395.00**

ਪ੍ਰਕਾਸ਼ਕ
**ਨੈਸ਼ਨਲ ਬੁਕ ਸ਼ਾਪ** ਪਲੱਈਅਰ ਗਾਰਡਨ ਮਾਰਕਿਟ,
ਚਾਂਦਨੀ ਚੌਕ, ਦਿੱਲੀ-110006 ਫੋਨ : 011-23264342, 9212055321

*ਕੰਪਿਊਟਰ ਟਾਈਪ ਸੈਟਿੰਗ* : **ਕੁਲਦੀਪ ਸਿੰਘ** ਦਿੱਲੀ (M. 9811544085)

*ਪ੍ਰਿੰਟਰ* : **ਬੀ. ਕੇ. ਆਫਸੈੱਟ** ਦਿੱਲੀ-110032

Academy of the Punjab in North America: http://www.apnaorg.com

# ਸਮਰਪਣ

ਪੰਜਾਬੀ ਅਦਬ

ਦੇ

**ਡੀ.ਐੱਨ.ਏ.**

ਦੀ

ਨਿਸ਼ਾਨਦੇਹੀ ਕਰਨ ਵਾਲੇ

ਅਮਰੀਕਾ ਵਾਸੀ ਪ੍ਰਬੁੱਧ ਲੇਖਕ ਤੇ ਵਿਗਿਆਨੀ

**ਡਾ. ਗੁਰੂਮੇਲ ਜੀ**

ਨੂੰ

Academy of the Punjab in North America: http://www.apnaorg.com

# ਤਤਕਰਾ

ਸਵਾਗਤੀ ਸ਼ਬਦ ਡਾ. ਮਨਜੀਤ ਸਿੰਘ, ਡਾ. ਜਸਪਾਲ ਕੌਰ 11
ਕੈਨੇਡਾ ਦੀ ਪੰਜਾਬੀ ਕਵਿਤਾ : ਪਾਠਕੀ ਪੜ੍ਹਤ -ਡਾ. ਜਸਪਾਲ ਕੌਰ 15

**ਮੂਲ ਪਾਠ**

01. ਕੈਦ 30
02. ਮਾਂ ਦਾ ਇਕ ਸਿਰਨਾਵਾਂ -ਡਾ. ਹਰਿਭਜਨ ਸਿੰਘ 31
03. ਖ਼ਲਾਅ ਅੰਦਰ ਖ਼ਲਾਅ 33
04. ਆਪਣਾ ਦੇਸ਼ 34
05. ਆਪਣੇ ਖ਼ਿਲਾਫ਼-1, 2, 3 35
06. ਰੇਲ ਦੀ ਪਟੜੀ 'ਤੇ ਸਮੁੰਦਰ-1, 2 40
07. ਰੇਲ ਦੀ ਪਟੜੀ 'ਤੇ ਸ਼ਹਿਰ 42
08. ਰੇਲ ਦੀ ਪਟੜੀ 'ਤੇ ... 44
09. ਮੂਰਖ, ਮੱਛੀਆਂ ਤੇ ਬੇੜੀਆਂ 44
10. ਕਿਰਨ ਨੇ ਸੂਰਜ ਲਿਖਿਆ ਹੈ 46
11. ਵਿਅਕਤੀ ਬਨਾਮ ਕੰਪਿਊਟਰ 48
12. ਬਿੰਦੂਆਂ ਦੇ ਸ਼ੀਸ਼ਾਕਾਰ ਨਿਰੰਤਰ ਰੂਪ ਤੇ ਮੈਂ 51
13. ਵਿਹਲ 53
14. ਸ਼ਬਦ ਦੀ ਦੁਨੀਆਂ 54
15. ਅੰਦਰ ਬਾਹਰ ਵੇਖਦਿਆਂ 56
16. ਕੱਚ ਸੱਚ 60
17. ਲੋਅ ਤੇ ਛਾਂ 61

Academy of the Punjab in North America: http://www.apnaorg.com

18. ਮੇਰਾ ਬਿੰਦੂ ਮੇਰਾ ਸੂਰਜ 61
19. ਅਗਲੀ ਨਸਲ ਦੇ ਬੀਜ 62
20. ਸ਼ਬਦਾਂ ਤੇ ਅਰਥਾਂ ਵਿਚਕਾਰ 63
21. ਮੌਕ ਯੁੱਧ 64
22. ਸਿਆਸੀ ਕੈਦੀ ਦੀ ਡਾਇਰੀ 'ਚੋਂ ਇਕ ਪੰਨਾ 66
23. ਚਿੰਤਨ 68
24. ਇਕ ਹੋਰ ਸੂਰਜ 69
25. ਖਿੜਕੀ ਵਿੱਚੋਂ ਵੇਖਦਿਆਂ : ਪ੍ਰਭਾਵ-ਚਿੱਤਰ 70
26. ਜਨਵਰੀ 1985 ਦੀ ਜਨੀਵਾ ਗੱਲ-ਬਾਤ ਦੌਰਾਨ ਕੁਝ ਪ੍ਰਭਾਵ 71
27. ਮਾਨਵ ਬਨਾਮ ਯੰਤਰ 73
28. ਮੁਕਤੀ 74
29. ਮੈਂ-ਕੇਂਦ੍ਰਿਤ 75
30. ਤੇਲ ਦੇ ਖੂਹ ਵਿਚ ਦੰਗਿਆੜਾ 75
31. ਸ਼ੂਨਯ-ਗਤੀ 76
32. ਸੱਚ ਦੇ ਸਿਰਨਾਵੇਂ 76
33. ਵਿਸੰਗਤ ਆਤਮ-ਵਾਰਤਾਲਾਪ 76
34. ਛੁਪੀਆਂ ਅੱਖਾਂ ਦੀ ਡਗਰ 77
35. ਰੋਬੋਟ 77
36. 'ਨ੍ਹੇਰ-ਗੁਫ਼ਾ 78
37. ਟੈਲੀਵੀਯਨੀ ਨਸਲ 78
38. ਇਕ ਇਕ ਹੋਇਆ ਗਰੋਹ 78
39. ਦਾਣੇ ਬੰਦ ਬਰਬਾਦੀ 80
40. ਹੱਵਾ ਦੀ ਡਾਇਰੀ 'ਚੋਂ ਇਕ ਪੰਨਾ 82
41. ਸ੍ਵੈ-ਸੰਬਾਦ 85
42. ਗੀਤਾਂ ਦੀ ਕਨਸੋਅ 86
43. ਚੌਕ ਨਾਟਕ ਦੇ ਗੀਤ 87
44. ਜਾਗੋ 89

Academy of the Punjab in North America: http://www.apnaorg.com

45. ਸੋਤਾ 91
46. ਛੱਲਾ 92
47. ਹੀਰ 94
48. ਮਾਹੀਆ 95
49. ਜਾਗੋ 96
50. ਪੰਜ ਦਰਿਆ ਅਸੀਂ ਪਲਕੀਂ ਪਾਏ 101
51. ਅੱਗ ਦਾ ਦਰਿਆ 102
52. ਜੰਗਲ ਦੀ ਰੁੱਤ 103
53. ਵੱਟ ਤੋਂ ਬਾਰੂਦ ਤਕ 104
54. ਰਾਜਨੀਤਕ ਬਲਾਤਕਾਰ 106
55. ਪੰਜਾਬ ਦੀ ਲਾਸ਼ 107
56. ਸੂਹਾ ਚਿੰਤਨ 109
57. ਕਿਸ ਨੇ ਸੂਰਜ ਪਕੜ ਲਿਆ 110
58. ਸੰਤ ਸਿਪਾਹੀ 111
59. ਖੇਤੀ ਲੋਕਾਂ ਸੇਤੀ 112
60. ਨਰਸਿੰਘ 114
61. ਆਦਿ-ਸਵਾਲ 116
62. ਇਕ ਅੱਖ ਹੰਝ ਤੇ ਦੂਜੀ ਮੁਸਕਾਣ 117
63. ਇਤਿਹਾਸ 118
64. ਸ਼ਹੀਦੀ ਦੀ ਰੁੱਤੇ 119
65. ਕੋਰਟ ਮਾਰਸ਼ਲ 120
66. ਵਾਹਣ 120
67. ਦੇਸ਼-ਫੇਰੀ ਤੋਂ ਬਾਅਦ 121
68. ਅੰਬ ਦਾ ਰੁੱਖ 124
69. ਬੋਲੇਗਾ ਸੱਚ ਕਿਹੜਾ ? 126
70. ਕਿਹੜਾ ਸਿਰ ? 127
71. ਕਿੱਥੇ ਗਏ ਉਹ ਸੂਰਖ ਸਿਪਾਹੀ ??? 128

Academy of the Punjab in North America: http://www.apnaorg.com

**ਅੰਤਿਕਾ-ਇਕ**
72. ਆਪਣੇ ਖ਼ਿਲਾਫ਼ -ਪ੍ਰੋ. ਬ੍ਰਹਮਜਗਦੀਸ਼ ਸਿੰਘ 129
**ਅੰਤਿਕਾ-ਦੋ**
73. ਆਪਣੇ ਖ਼ਿਲਾਫ਼ -ਡਾ. ਦੇਵਿੰਦਰ ਕੌਰ 133
**ਅੰਤਿਕਾ-ਤਿੰਨ**
74. ਆਪਣੇ ਖ਼ਿਲਾਫ਼ -ਡਾ. ਹਰਿਭਜਨ ਸਿੰਘ 136
**ਅੰਤਿਕਾਵਾਂ**
01. ਬ੍ਰਹਿਮੰਡ ਕਵੀ ਰਵੀ -ਡਾ. ਗੁਰੂਮੇਲ (ਅਮਰੀਕਾ) 139
02. ਮਹਾਂ ਨਗਰ -ਡਾ. ਪ੍ਰੇਮ ਪ੍ਰਕਾਸ਼ ਸਿੰਘ (ਕੈਨੇਡਾ) 142
03. ਦੀਪਕ -ਅਜਾਇਬ ਕਮਲ (ਕੀਨੀਆਂ) 161
04. ਆਪਣਾ ਆਪਣਾ ਈਸ਼ਵਰ -ਅਜਾਇਬ ਕਮਲ (ਕੀਨੀਆਂ) 165
05. ਆਪਣੇ ਖ਼ਿਲਾਫ਼-1 -ਅਜਾਇਬ ਕਮਲ (ਕੀਨੀਆਂ) 168
06. ਆਪਣਾ ਦੇਸ਼ -ਅਜਾਇਬ ਕਮਲ (ਕੀਨੀਆਂ) 177
07. ਆਪਣਾ ਦੇਸ਼ -ਡਾ. ਜਸਪਾਲ ਕੌਰ (ਭਾਰਤ) 181
08. ਰੇਲ ਦੀ ਪਟੜੀ 'ਤੇ ਸਮੁੰਦਰ-1,2 -ਅਜਾਇਬ ਕਮਲ (ਕੀਨੀਆਂ) 188
09. ਮੂਰਖ, ਮੱਛੀਆਂ ਤੇ ਬੇੜੀਆਂ -ਅਜਾਇਬ ਕਮਲ (ਕੀਨੀਆਂ) 194
10. ਸ਼ਬਦ ਦੀ ਦੁਨੀਆਂ -ਡਾ. ਜਸਪਾਲ ਕੌਰ (ਭਾਰਤ) 197
11. ਪੰਜਾਬ ਦੀ ਲਾਸ਼ -ਡਾ. ਜਸਪਾਲ ਕੌਰ (ਭਾਰਤ) 202
12. ਗੰਢਾਂ : ਗਲੋਬਲ ਚੇਤਨਾ ਵਾਲਾ ਕਾਵਿ -ਡਾ. ਮਨਜੀਤ ਸਿੰਘ 208
13. ਪੰਜ ਦਰਿਆ ਅਸੀਂ ਪਲਕੀਂ ਪਾਏ -ਡਾ. ਜਸਪਾਲ ਕੌਰ (ਭਾਰਤ) 211
14. ਪ੍ਰਸ਼ਨਾਵਲੀ 216
**ਅੰਤਿਮ ਅੰਤਿਕਾ ; ਰਵਿੰਦਰ ਰਵੀ ਦੀਆਂ ਪੁਸਤਕਾਂ ਤੇ ਹੋਰ ਵੇਰਵੇ**
15. ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿਆਂ ਦਾ ਵੇਰਵਾ 221
16. ਰਵਿੰਦਰ ਰਵੀ ਰਚਿਤ ਕਾਵਿ-ਨਾਟਕਾਂ ਦਾ ਵੇਰਵਾ 224
17. ਰਵਿੰਦਰ ਰਵੀ ਰਚਿਤ ਕਹਾਣੀ-ਸੰਗ੍ਰਹਿਆਂ ਦਾ ਵੇਰਵਾ 226
18. ਰਵਿੰਦਰ ਰਵੀ ਰਚਿਤ ਫੁਟਕਲ ਪੁਸਤਕਾਂ ਦਾ ਵੇਰਵਾ 228
19. ਰਵਿੰਦਰ ਰਵੀ ਦੀ ਸਵੈ-ਜੀਵਨੀ 7 ਵੀਡੀਓ-ਭਾਗਾਂ ਵਿਚ 229
20. ਰਵਿੰਦਰ ਰਵੀ ਦੇ ਸਾਹਿਤ ਉੱਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ 230

Academy of the Punjab in North America: http://www.apnaorg.com

# ਸਵਾਗਤੀ ਸ਼ਬਦ

ਕੈਨੇਡਾ ਵਾਸੀ ਰਵਿੰਦਰ ਰਵੀ, ਪੰਜਾਬੀ ਦਾ ਇਕ ਸਰਬਾਂਗੀ ਲੇਖਕ ਹੈ। ਇਸ ਕਥਨ ਵਿਚ, ਕਿੰਤੂ-ਪਰੰਤੂ ਦੀ ਕੋਈ ਗੁੰਜਾਇਸ਼ ਨਜ਼ਰ ਨਹੀਂ ਆਉਂਦੀ ਕਿਉਂਕਿ, ਉਸ ਨੇ ਕਵਿਤਾ, ਕਹਾਣੀ, ਨਾਟਕ, ਕਾਵਿ-ਨਾਟਕ, ਸਫ਼ਰਨਾਮਾ, ਸਾਹਿਤਕ ਸ੍ਵੈ-ਜੀਵਨੀਆਂ, ਆਲੋਚਨਾ, ਅਨੁਵਾਦ ਆਦਿ ਅਦਬੀ ਖੇਤਰਾਂ ਵਿਚ, ਬਰਾਬਰ ਦੀ ਹੱਥ-ਅਜ਼ਮਾਈ ਕੀਤੀ ਹੈ। ਭਾਵੇਂ, ਰਵਿੰਦਰ ਰਵੀ ਨੇ, ਆਪਣੀ ਸਾਹਿਤ-ਸਿਰਜਣਾ ਦਾ ਕਾਰਜ, ਭਾਰਤੀ ਪੰਜਾਬ ਵਿਚ ਰਹਿੰਦਿਆਂ ਆਰੰਭ ਕੀਤਾ, ਪਰ ਅਕਸਰ ਉਸ ਨੂੰ ਇਕ 'ਪਰਵਾਸੀ ਪੰਜਾਬੀ ਲੇਖਕ' ਵਜੋਂ ਹੀ ਚਰਚਾ ਦਾ ਵਿਸ਼ਾ ਬਣਾਇਆ ਜਾਂਦਾ ਹੈ। ਸ਼ਾਇਦ ਇਸ ਲਈ, ਕਿਉਂਕਿ, ਉਸਦੀ ਸਾਹਿਤ-ਸਿਰਜਣਾ ਦਾ ਵੱਡਾ ਭਾਗ, ਕੀਨੀਆ ਤੇ ਕੈਨੇਡਾ ਵਿਖੇ ਵਾਸ ਕਰਦਿਆਂ, ਹੋਂਦ ਵਿਚ ਆਇਆ। ਇਸ ਸੰਬੰਧ ਵਿਚ ਯਾਦ ਰੱਖਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਕਿਸੇ ਲੇਖਕ ਨੂੰ 'ਪਰਵਾਸੀ ਲੇਖਕ' ਹੋਣ ਦੀ ਸੰਗਿਆ ਦੇਣੀ, ਕੋਈ ਮਾੜੀ ਗੱਲ ਨਹੀਂ ਹੁੰਦੀ। ਇੰਝ ਅਕਸਰ ਇਸ ਲਈ ਕੀਤਾ ਜਾਂਦਾ ਹੈ, ਕਿਉਂਕਿ, 'ਪਰਵਾਸੀ ਸਾਹਿਤ', ਆਧੁਨਿਕ ਪੰਜਾਬੀ ਸਾਹਿਤ ਦੀ ਇਕ ਵੱਖਰੀ ਕੋਟੀ (category) ਹੈ। ਇਸ ਕੋਟੀ ਦੇ ਸਾਹਿਤ ਵਿਚ, ਪਰਵਾਸੀ ਜੀਵਨ ਦੀਆਂ ਸੰਗਤੀਆਂ-ਵਿਸੰਗਤੀਆਂ, ਅੰਤਰ-ਕਿਰਿਆਵਾਂ (interactions), ਮਾਨਵੀ ਹੋਂਦ ਦੇ ਸੰਤਾਪਾਂ, ਅਨੁਭਵਾਂ, ਸਭਿਆਚਾਰਕ ਤਣਾਵਾਂ ਆਦਿ ਨੂੰ, ਕਲਾਤਮਕ-ਰੂਪਾਂਤਰਣ ਦਿੱਤਾ ਜਾਂਦਾ ਹੈ। ਇਸ ਸਭ ਕੁੱਝ ਸਦਕਾ, ਇਸ ਕੋਟੀ ਦੇ ਸਾਹਿਤ ਦੀ ਆਪਣੀ ਵੱਖਰੀ 'ਪਛਾਣ' (identity) ਹੋਂਦ ਵਿਚ ਆਉਂਦੀ ਹੈ। ਸੋ, ਕਿਸੇ ਲੇਖਕ ਨੂੰ 'ਪਰਵਾਸੀ ਲੇਖਕ' ਕਹਿਣ ਨਾਲ, ਉਸ ਦਾ ਸਾਹਿਤਕ-ਰੁਤਬਾ ਘੱਟਦਾ ਨਹੀਂ, ਸਗੋਂ ਇਸ ਨਾਲ ਉਸ ਦੇ ਸਾਹਿਤ ਦੀ ਆਪਣੀ ਵੱਖਰੀ ਪਛਾਣ ਜ਼ਰੂਰ ਕਾਇਮ ਹੁੰਦੀ ਹੈ। ਰਵਿੰਦਰ ਰਵੀ, ਇਕ ਪਰਵਾਸੀ ਲੇਖਕ ਹੋਣ ਦੇ ਨਾਲ਼ ਨਾਲ਼, ਪੰਜਾਬੀ ਸਾਹਿਤ ਦੀ ਮੁੱਖਧਾਰਾ (main stream) ਦਾ ਲੇਖਕ ਵੀ ਹੈ। ਉਹ ਪੰਜਾਬੀ ਸਾਹਿਤ ਦਾ ਮਾਣ ਹੈ ਅਤੇ ਨਵੇਂ ਰਚੇ ਜਾ ਰਹੇ ਪੰਜਾਬੀ ਸਾਹਿਤ ਦਾ ਸਿਰਨਾਵਾਂ ਵੀ। ਉਸ ਦਾ ਰਚਨਾ ਸੰਸਾਰ, ਉਸ ਦੇ ਅਨੁਭਵ-ਖੇਤਰ ਅਤੇ ਅਧਿਐਨ-ਖੇਤਰ ਜਿਤਨਾ ਹੀ ਵਿਸ਼ਾਲ ਹੈ। ਉਸ ਦੇ ਅਨੁਭਵ-ਖੇਤਰ ਵਿਚਲੀ ਵੰਨ-ਸੁਵੰਨਤਾ ਨੇ, ਉਸ ਦੀ



Academy of the Punjab in North America: http://www.apnaorg.com

ਸਾਹਿਤਕਾਰੀ ਨੂੰ ਹਮੇਸ਼ਾ ਦਾਰਸ਼ਨਿਕ ਡੂੰਘਾਈ ਦਿੱਤੀ ਹੈ। ਸ਼ਾਇਦ ਇਸੇ ਕਰਕੇ ਉਸ ਨੂੰ ਬੜੇ ਸਹਿਜ ਰੂਪ ਵਿਚ 'ਬ੍ਰਹਿਮੰਡੀ ਚੇਤਨਾ' ਦਾ ਲੇਖਕ ਕਿਹਾ ਜਾਣ ਲੱਗਿਆ। ਜ਼ਿਕਰਯੋਗ ਹੈ ਕਿ ਰਵਿੰਦਰ ਰਵੀ, ਪ੍ਰਯੋਗਵਾਦੀ ਪੰਜਾਬੀ ਕਾਵਿ-ਧਾਰਾ ਦੇ ਮੋਢੀਆਂ ਵਿਚੋਂ ਇਕ ਹੈ। ਡਾ. ਜਸਬੀਰ ਸਿੰਘ ਆਹਲੂਵਾਲੀਆ, ਅਜਾਇਬ ਕਮਲ ਤੇ ਰਵਿੰਦਰ ਰਵੀ ਹੁਰਾਂ ਨੇ ਹੀ, ਪ੍ਰਗਤੀਵਾਦੀ ਪੰਜਾਬੀ ਸ਼ਾਇਰੀ ਵਿਚ ਆਈ ਖੜੋਤ ਦੀ ਸਥਿਤੀ ਨੂੰ ਤੋੜਣ ਲਈ, 'ਪ੍ਰਯੋਗਵਾਦੀ ਕਾਵਿ-ਧਾਰਾ' ਅਤੇ 'ਪ੍ਰਯੋਗਵਾਦੀ ਕਾਵਿ-ਚਿੰਤਨ' ਨੂੰ, ਪੰਜਾਬੀ 'ਚ ਸਾਂਝੇ ਤੌਰ 'ਤੇ ਜਨਮ ਦਿੱਤਾ। ਇਹ ਤੱਥ ਬਾਕੀ ਦੇ ਦੋ ਵਿਦਵਾਨ ਕਵੀਆਂ ਦੇ ਨਾਲ਼ ਨਾਲ਼, ਰਵਿੰਦਰ ਰਵੀ ਦੀ ਵਿਲੱਖਣ ਸਾਹਿਤ-ਸਮਰੱਥਾ ਤੇ ਯੋਗਤਾ ਦਾ ਵੀ ਸੂਚਕ ਹੈ। ਹਿੰਸਾ-ਪ੍ਰਤੀਹਿੰਸਾ, ਨਸ਼ੀਲੇ ਪਦਾਰਥਾਂ ਦੇ ਅਸਰ, ਨਸਲਵਾਦ, ਦੇਹ-ਵਿਉਪਾਰ, ਭ੍ਰਿਸ਼ਟ-ਰਾਜਨੀਤੀ, ਵਿਸ਼ਵੀਕਰਨ, ਦਹਿਸ਼ਤਗਰਦੀ, ਮਨੁੱਖੀ ਰਿਸ਼ਤਿਆਂ ਵਿਚਲੇ ਤਣਾਅ, ਮਾਨਸਿਕ ਗੁੰਝਲਾਂ, ਖਪਤ ਦਾ ਸਭਿਆਚਾਰ, ਪੀੜ੍ਹੀ-ਪਾੜਾ, ਮਸ਼ੀਨੀਕਰਨ ਤੇ ਉਦਯੋਗੀਕਰਨ 'ਚੋਂ ਉਪਜੀ ਇਕੱਲਤਾ ਤੇ ਬੇਗਾਨਗੀ, ਮੌਜੂਦਾ ਪੰਜਾਬ ਸੰਕਟ ਜਿਹੇ ਅਹਿਮ ਵਿਸ਼ੇ, ਰਵਿੰਦਰ ਰਵੀ ਦੀਆਂ ਲਿਖਤਾਂ ਵਿਚ ਅਕਸਰ ਚਰਚਾ ਦਾ ਕੇਂਦਰ ਬਣਦੇ ਰਹੇ ਹਨ। ਸਮੇਤ ਭਾਰਤ ਤੇ ਪੰਜਾਬ, ਸਮੁੱਚੇ ਵਿਸ਼ਵ ਵਿਚ ਵਾਪਰਣ ਵਾਲੇ ਲਗਭਗ ਹਰ ਵਰਤਾਰੇ ਦਾ, ਉਸ ਨੇ ਪੂਰੀ ਗੰਭੀਰਤਾ ਨਾਲ ਨੋਟਿਸ ਲਿਆ ਹੈ ਅਤੇ ਉਸ ਨੂੰ ਕਲਾਤਮਕ ਰੂਪਾਂਤਰਣ ਦੇਣ ਦੀ ਕੋਸ਼ਿਸ਼ ਕੀਤੀ ਹੈ। ਨਵੇਂ ਨਵੇਂ ਪ੍ਰਯੋਗਾਂ ਰਾਹੀਂ ਉਸ ਨੇ, ਸਾਹਿਤ ਦੇ ਖੇਤਰ ਵਿਚ ਆਈ ਹਰ ਕਿਸਮ ਦੀ ਖੜੋਤ ਨੂੰ ਤੋੜਣ ਦਾ ਸਫ਼ਲ ਯਤਨ ਕੀਤਾ ਹੈ। ਸ਼ਾਇਦ ਇਨ੍ਹਾਂ ਕਾਰਨਾਂ ਕਰਕੇ ਹੀ ਉਹ, ਆਪਣੇ ਸਮਕਾਲੀ ਲੇਖਕਾਂ ਨਾਲ਼ੋਂ, ਸਭ ਤੋਂ ਵਧੇਰੇ ਚਰਚਾ ਦਾ ਵਿਸ਼ਾ ਰਿਹਾ ਹੈ।

ਕਹਾਣੀ, ਨਾਟਕ ਤੇ ਕਾਵਿ-ਨਾਟਕ ਦੇ ਨਾਲ਼ ਨਾਲ਼ ਕਵਿਤਾ, ਖ਼ਾਸ ਕਰਕੇ, ਪਰਵਾਸੀ ਪੰਜਾਬੀ ਕਵਿਤਾ ਨੂੰ, ਰਵਿੰਦਰ ਰਵੀ ਦਾ ਯੋਗਦਾਨ ਬਹੁ-ਪਰਤੀ ਵੀ ਹੈ ਅਤੇ ਬਹੁ-ਆਯਾਮੀ ਵੀ। ਇਸੇ ਗੱਲ ਨੂੰ ਧਿਆਨ ਵਿਚ ਰੱਖਦਿਆਂ, ਉਸ ਦੇ ਬਹੁ-ਚਰਚਿਤ ਕਾਵਿ-ਸੰਗ੍ਰਹਿ 'ਆਪਣੇ ਖ਼ਿਲਾਫ਼'* ਨੂੰ, ਇੱਥੇ ਵੱਖਰੇ ਤੌਰ 'ਤੇ, ਇਕ ਪਾਠ-ਪੁਸਤਕ ਦੇ ਰੂਪ ਵਿਚ, ਮੁੜ ਪ੍ਰਕਾਸ਼ਤ ਕਰਨ ਦਾ ਯਤਨ ਕੀਤਾ ਗਿਆ ਹੈ। ਇਕ ਆਦਰਸ਼ ਪਾਠ-ਪੁਸਤਕ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਇੱਥੇ, 'ਆਪਣੇ ਖ਼ਿਲਾਫ਼' ਕਾਵਿ-ਸੰਗ੍ਰਹਿ ਦੇ ਮੂਲ ਪਾਠ ਦੇ ਨਾਲ਼, ਰਵਿੰਦਰ ਰਵੀ ਦੀ ਸ਼ਾਇਰੀ ਉਪਰ ਹੋਈ ਆਲੋਚਨਾ ਦੇ ਕੁੱਝ ਨਮੂਨਿਆਂ ਨੂੰ,

* "ਆਪਣੇ ਖ਼ਿਲਾਫ਼" ਦਾ ਪਹਿਲਾ ਐਡੀਸ਼ਨ 1986 ਵਿਚ ਛਪਿਆ ਸੀ।



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਅੰਤਿਕਾਵਾਂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਤਾਂ ਜੋ ਵਿਦਿਆਰਥੀਆਂ ਨੂੰ, ਰਵੀ-ਕਾਵਿ ਸਮਝਣ ਵਿਚ, ਦਿੱਕਤਾਂ ਦਾ ਸਾਮ੍ਹਣਾ ਨਾ ਕਰਨਾ ਪਵੇ। ਇਹ ਆਲੋਚਨਾਤਮਕ ਨਮੂਨੇ, ਸਿਰਫ਼ ਸੰਕੇਤ ਮਾਤਰ ਹਨ। ਵਿਦਿਆਰਥੀ ਇਨ੍ਹਾਂ ਸੰਕੇਤਾਂ ਨੂੰ ਆਧਾਰ ਬਣਾ ਕੇ, ਇਸ ਸੰਗ੍ਰਹਿ ਵਿਚ ਦਰਜ਼ ਸ਼ਾਇਰੀ ਨੂੰ ਨਵੇਂ ਸਿਰਿਉਂ ਚਰਚਾ ਦਾ ਵਿਸ਼ਾ ਬਣਾ ਸਕਦੇ ਹਨ।

ਇਸ ਪਾਠ-ਪੁਸਤਕ ਦੇ ਅੰਤ 'ਤੇ ਇਕ ਪ੍ਰਸ਼ਨਾਵਲੀ ਵੀ ਅੰਕਿਤ ਕੀਤੀ ਗਈ ਹੈ। ਇਸ ਪ੍ਰਸ਼ਨਾਵਲੀ ਵਿਚ, ਇਮਤਿਹਾਨਾਂ ਵਿਚ ਪੁੱਛੇ ਜਾਣ ਵਾਲ਼ੇ, ਕੁੱਝ ਸੰਭਾਵੀ ਸਵਾਲ ਦਰਜ਼ ਹਨ। ਰਵਿੰਦਰ ਰਵੀ ਦੇ ਸਮੁੱਚੇ ਸਾਹਿਤਕ-ਬਿੰਬ ਨਾਲ ਜੁੜਣ ਲਈ ਇਸ ਪਾਠ-ਪੁਸਤਕ ਦੇ ਮੁੱਢ ਵਿਚ ਸੰਬੰਧਤ ਲੇਖਕ ਦੀਆਂ ਲਗਭਗ ਸਾਰੀਆਂ ਲਿਖਤਾਂ ਦਾ ਸੰਕੇਤ-ਮਾਤਰ ਜ਼ਿਕਰ ਮੌਜੂਦ ਹੈ। ਆਪਣੀਆਂ ਬੁਨਿਆਦੀ ਕਿਸਮ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਸਮੇਤ, ਹੁਣ ਇਹ ਪਾਠ-ਪੁਸਤਕ ਤੁਹਾਡੇ ਹੱਥਾਂ ਵਿਚ ਹਾਜ਼ਰ ਹੈ।

ਸਾਨੂੰ ਤੁਹਾਡੇ ਹੁੰਗਾਰੇ ਦੀ ਹਮੇਸ਼ਾਂ ਉਡੀਕ ਰਹੇਗੀ। ਆ...ਮੀ...ਨ...।

-ਸੰਪਾਦਕ-


**ਮਨਜੀਤ ਸਿੰਘ (ਪ੍ਰੋ.)**
ਸਾਬਕਾ ਮੁਖੀ, ਪੰਜਾਬੀ ਵਿਭਾਗ
ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ, ਦਿੱਲੀ-7
ਮੋ.: 09868773902
ਈ-ਮੇਲ:singhdr.manjit@yahoo.in

**ਜਸਪਾਲ ਕੌਰ (ਡਾ.)**
ਐਸੋਸੀਏਟ ਪ੍ਰੋਫ਼ੈਸਰ
ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ, ਦਿੱਲੀ-7
ਮੋ.: 09953622511
ਈ-ਮੇਲ:drjaspalkaur@gmail.com





IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**



Academy of the Punjab in North America: http://www.apnaorg.com

IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

# ਕੈਨੇਡਾ ਦੀ ਪੰਜਾਬੀ ਕਵਿਤਾ : ਪਾਠਕੀ ਪੜ੍ਹਤ

-ਡਾ. ਜਸਪਾਲ ਕੌਰ*

ਹੱਥਲੇ ਪਰਚੇ ਦਾ ਸਰੋਕਾਰ ਕੈਨੇਡਾ ਦੀ ਪੰਜਾਬੀ ਸ਼ਾਇਰੀ ਦੇ ਮੁੱਖ ਰੁਝਾਨਾਂ ਨਾਲ ਹੈ। ਇਸ ਸੰਬੰਧੀ ਜਾਣਕਾਰੀ ਤਾਂ ਉਥੋਂ ਦੀ ਸ਼ਾਇਰੀ ਨਾਲ ਪਾਠਕੀ ਸੰਵਾਦ ਰਾਹੀਂ ਹੀ ਸੰਭਵ ਹੋ ਸਕਦੀ ਹੈ। ਕਵਿਤਾ ਨੂੰ ਸੰਵਾਦੀ ਜ਼ਾਵੀਏ ਤੋਂ ਮੁਖ਼ਾਤਿਬ ਹੋਣ ਤੋਂ ਪਹਿਲਾਂ ਦੋਹਾਂ ਸਭਿਆਚਾਰਾਂ ਦਾ ਆਪਸੀ ਨਾਤਾ ਕਿਹੋ ਜਿਹਾ ਹੈ ਇਹ ਜਾਣਨਾ ਵੀ ਲਾਜ਼ਮੀ ਬਣਦਾ ਹੈ।

ਵਿਸ਼ਵ ਪੱਧਰ 'ਤੇ ਅੱਜ ਭਾਰਤੀ-ਪੰਜਾਬੀ ਸਭਿਆਚਾਰ ਦਾ ਫੈਲਾਅ ਹੈ। ਆਪਣੇ ਇਸ ਫੈਲਾਅ ਸਮੇਂ ਇਸ ਦਾ ਸੰਵਾਦ ਵਿਸ਼ਵ ਦੇ ਅਨੇਕ ਸਭਿਆਚਾਰਾਂ ਨਾਲ ਹੁੰਦਾ ਰਿਹਾ ਹੈ। ਵਿਸ਼ਵ ਪੱਧਰ 'ਤੇ ਪੰਜਾਬੀ ਸਭਿਆਚਾਰ ਦਾ ਸਥਾਨਕ ਸਭਿਆਚਾਰਾਂ ਨਾਲ ਆਦਾਨ-ਪ੍ਰਦਾਨ, ਅਨੁਕੂਲਣ, ਵਿਲੀਨੀਕਰਣ ਵਾਲਾ ਨਾਤਾ ਕਿਹਾ ਜਾ ਸਕਦਾ ਹੈ। ਪਰ ਅੱਜ ਵਿਸ਼ਵੀਕਰਨ ਦੇ ਦੌਰ ਵਿਚ ਜਦੋਂ ਵਿਸ਼ਵਵਿਆਪੀ ਸਭਿਆਚਾਰ ਦਾ ਸੰਕਲਪ ਸਵੀਕਾਰਿਆ ਜਾਣ ਲੱਗਾ ਹੈ ਤਾਂ ਵਿਸ਼ਵ ਦੀ ਧਰਾਤਲ ਤੇ ਮੌਜੂਦ ਇਨ੍ਹਾਂ ਵੰਨ-ਸੁਵੰਨੇ ਸਭਿਆਚਾਰਾਂ ਦੀ ਸੁਤੰਤਰ ਹਸਤੀ/ਹੋਂਦ ਕੀ ਹੋਵੇਗੀ ? ਕੀ ਉਹ ਵਿਸ਼ਵ ਸਭਿਆਚਾਰ ਵਿਚ ਹੀ ਵਿਲੀਨ ਹੋ ਗਏ ਹਨ ? ਜਾਂ ਆਪਣੀ ਆਜ਼ਾਦ ਹਸਤੀ ਸੰਗ ਮੌਲ ਰਹੇ ਹਨ ? ਜਾਂ ਫਿਰ ਅਨੁਕੂਲਣ ਰਾਹੀਂ ਦੋਹਰੇ ਸਭਿਆਚਾਰਾਂ ਨੂੰ ਅਪਣਾ ਰਹੇ ਹਨ ? ਸੰਸਾਰ ਦੇ ਇਕ ਵਿਸ਼ਵ-ਪਿੰਡ ਵਜੋਂ ਸਵੀਕਾਰੇ ਜਾਣ 'ਤੇ ਅਜਿਹੇ ਅਨੇਕਪਰਤੀ ਪ੍ਰਸ਼ਨ ਹੋਂਦ ਦੇ ਮਸਲਿਆਂ ਨੂੰ ਉਭਾਰਦੇ ਹਨ। ਭਾਰਤੀ/ਪੰਜਾਬੀ ਦੀ ਹੋਂਦ ਨੂੰ ਪੱਛਮ ਜਾਂ ਯੋਰੋਪ ਵਿਚ ਸਵੀਕਾਰਿਆ ਵੀ ਜਾ ਰਿਹਾ ਹੈ ਜਾਂ ਨਹੀਂ ? ਪੱਛਮ/ਪੂਰਬ ਯੋਰੋਪ/ਏਸ਼ੀਆ ਦੀ ਵਰਗੀਕ੍ਰਿਤ ਸੋਚ ਜਾਂ ਧਾਰਣਾ ਅਜੋਕੀ ਸਮਾਨੰਤਰੀ ਦ੍ਰਿਸ਼ਟੀ ਅਧੀਨ ਕਿੰਨਾ ਕੁ ਪਰਿਵਰਤਿਤ ਹੋਈ ਹੈ ? ਭਾਰਤੀ/ਪੰਜਾਬੀ ਆਪਣੀ ਲੋਕਧਾਰਾਈ ਬ੍ਰਹਮ-ਕੇਂਦਰਿਤ ਸੋਚ ਸੰਗ ਤੁਰਦਾ ਪੱਛਮ ਦੀ ਵਿਗਿਆਨਕ, ਖਪਤਕਾਰੀ ਪਦਾਰਥਕ

---

* ਐਸੋਸੀਏਟ ਪ੍ਰੋਫ਼ੈਸਰ, ਦਿੱਲੀ ਯੂਨੀਵਰਸਿਟੀ, ਦਿੱਲੀ।



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਦੁਨੀਆਂ ਵਿਚ ਵਿਚਰਦਾ, ਦੋ ਸਭਿਆਚਾਰਾਂ ਦੀ ਜੀਵੰਤ ਹੋਂਦ ਨਾਲ ਕਿਹੋ ਜਿਹੀ ਮਾਨਸਿਕਤਾ ਦਾ ਧਾਰਣੀ ਹੁੰਦਾ ਹੈ ? ਇਸ ਸੰਬੰਧੀ ਗਿਆਨ ਤਾਂ ਕੈਨੇਡਾ ਦੀ ਪੰਜਾਬੀ ਕਵਿਤਾ ਦੀ ਪਾਠਕੀ ਪੜ੍ਹਤ ਤੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਅੱਜ ਵਿਸ਼ਵੀਕਰਣ ਦੇ ਦੌਰ ਵੇਲੇ ਜਦੋਂ ਕੈਨੇਡਾ ਬਹੁ-ਸਭਿਆਚਾਰਾਂ (Multi-Culture) ਵਾਲਾ ਮੁਲਕ ਹੈ ਤਾਂ ਪੰਜਾਬੀ ਸਭਿਆਚਾਰ ਦੀ ਹੋਂਦ-ਮੂਲਕ ਪਛਾਣ ਦਾ ਆਧਾਰ ਕੀ ਬਣਦਾ ਹੈ ? ਪੰਜਾਬੀ ਸਭਿਆਚਾਰ ਦੀ ਸ਼ਨਾਖਤ ਉਥੋਂ ਦੇ ਰਾਜਸੀ, ਸਮਾਜਕ, ਆਰਥਕ, ਸਭਿਆਚਾਰਕ ਸੰਰਚਨਾਤਮਕ-ਪ੍ਰਬੰਧਾਂ ਤੋਂ ਹੀ ਸਿਆਣੀ ਜਾ ਸਕਦੀ ਹੈ। ਕੈਨੇਡਾ ਨਾਲ ਭਾਰਤੀ ਪੰਜਾਬੀਆਂ ਦੇ ਸਰੋਕਾਰ ਮੁਢੋਂ ਕਿਹੋ ਜਿਹੇ ਰਹੇ ? ਪੰਜਾਬੀ ਉਥੇ ਕਦੋਂ ਕੁ ਗਏ ? ਇਹ ਕੁਝ ਅਜਿਹੇ ਪ੍ਰਸ਼ਨ ਹਨ ਜਿਸ ਲਈ ਇਤਿਹਾਸਕ ਪ੍ਰਸੰਗ ਨੂੰ ਜਾਣੇ ਬਗੈਰ ਸਮਕਾਲੀਨ ਸਥਿਤੀਆਂ ਤਕ ਪਹੁੰਚ ਨਹੀਂ ਕਰ ਸਕਦੇ। ਇਸ ਲਈ ਇਹ ਜਾਣਨਾ ਲਾਜ਼ਮੀ ਜਾਪਦਾ ਹੈ ਕਿ ਉਹ ਕਿਹੜੇ ਕਾਰਣ/ਸਥਿਤੀਆਂ ਸਨ ਜਿਨ੍ਹਾਂ ਸਦਕਾ ਕੈਨੇਡੀਅਨ ਪੰਜਾਬੀ ਕਾਵਿ ਰਾਸ਼ਟਰੀ ਚੇਤਨਾ, ਗ਼ੁਲਾਮ-ਹੋਂਦ ਤੋਂ ਖਪਤਕਾਰੀ ਪਦਾਰਥਕ, ਮੰਡੀਕਰਣ ਅਤੇ ਗਲੋਬਲ ਪੱਧਰ ਤੀਕ ਦੇ ਅਨੰਤ ਪਾਸਾਰਾਂ/ਪਰਤਾਂ ਵਲ ਨੂੰ ਵੱਧਦਾ ਹੈ।

ਕੈਨੇਡਾ ਵੀ ਭਾਰਤ ਵਾਂਗ ਬ੍ਰਿਟੇਨ ਦੀ ਬਸਤੀ ਸੀ। ਨਸਲ ਭੇਦ ਦੇ ਆਧਾਰ ਤੇ ਬਸਤੀਵਾਦੀਆਂ ਦਾ ਆਪਣੀਆਂ ਵੱਖੋ-ਵੱਖਰੀਆਂ ਬਸਤੀਆਂ ਨਾਲ ਵਰਤੋਂ-ਵਿਹਾਰ ਵੀ ਵੱਖਰਾ ਸੀ। ਬਸਤੀਕਾਰਾਂ ਦੀ ਰਣਨੀਤੀ ਨੇ ਗੋਰੇ/ਕਾਲੇ ਦੇ ਭੇਦ ਨੂੰ ਦ੍ਰਿੜ ਕੀਤਾ। ਵੀਹਵੀਂ ਸਦੀ ਦੇ ਆਰੰਭ ਵਿਚ ਭਾਰਤੀ ਲੋਕਾਂ ਨੇ ਰੁਜ਼ਗਾਰ ਖ਼ਾਤਿਰ ਪਰਵਾਸ ਕੀਤਾ। ਜਗੀਰਦਾਰੀ ਪ੍ਰਥਾ ਵਿਚੋਂ ਗਏ ਭਾਰਤੀ ਮਜ਼ਦੂਰ, ਘੱਟ ਪੈਸਿਆਂ ਤੇ ਵੀ ਕੰਮ ਕਰਨ ਨੂੰ ਤਿਆਰ ਹੋ ਜਾਂਦੇ। ਨਤੀਜਨ ਕੈਨੇਡਾ ਵਿਚਲੀਆਂ ਗੋਰੇ ਮਜ਼ਦੂਰਾਂ ਦੀਆਂ ਜਥੇ-ਬੰਦੀਆਂ, ਸਾਮਰਾਜੀ-ਬਸਤੀਵਾਦੀ ਤਾਕਤਾਂ ਨਾਲ ਟਕਰਾਉਣੋਂ ਅਸਮਰਥ ਹੋਣ ਲੱਗੀਆਂ। ਦੂਜੇ ਪਾਸੇ ਭਾਰਤੀ ਕਾਮਿਆਂ ਪ੍ਰਤੀ ਇਨ੍ਹਾਂ ਦਾ ਰੋਹ ਈਰਖਾ ਵਿਚ ਬਦਲ ਗਿਆ। ਇਸ ਪ੍ਰਚੰਡ ਰੋਸ ਮੁਜ਼ਾਹਰਿਆਂ ਦੇ ਫਲਸਰੂਪ ਇਨ੍ਹਾਂ ਨੇ ਏਸ਼ੀਅਨ ਮਜ਼ਦੂਰ ਨੂੰ ਮਾਰ-ਕੁਟ ਕੇ ਦੇਸੋਂ ਕੱਢਣ ਦੀ ਲਹਿਰ ਚਲਾ ਦਿੱਤੀ। "5 ਸਤੰਬਰ 1907 ਨੂੰ ਛੇ ਸੌ ਹਥਿਆਰਬੰਦ ਗੋਰੇ ਮਜ਼ਦੂਰਾਂ ਨੇ ਜਾਪਾਨੀਆਂ ਤੇ ਹਿੰਦੀਆਂ ਉਤੇ ਜਥੇਬੰਦ ਹਮਲਾ ਕਰ ਦਿਤਾ।"

ਇਥੋਂ ਹੀ ਰੰਗ, ਨਸਲ ਦੇ ਭੇਦ-ਨੀਤੀ ਰੰਗ ਫੜ ਗਈ ਤੇ ਏਸ਼ੀਆਈ ਮਜ਼ਦੂਰਾਂ ਦੇ ਆਉਣ ਉੱਤੇ ਰੋਕ ਲੱਗ ਗਈ। ਕੈਨੇਡਾ ਗੋਰੇ ਲੋਕਾਂ ਲਈ ਮਹਿਫ਼ੂਜ਼ ਰੱਖਿਆ ਜਾਵੇ ਦੇ ਨਾਰੇ ਬੁਲੰਦ ਹੋਣ ਲੱਗੇ। "1910 ਵਿਚ ਕੈਨੇਡਾ ਦੀ ਪ੍ਰੀਵੀ ਕੌਂਸਲ ਨੇ ਇਕ ਕਾਨੂੰਨ ਪਾਸ ਕਰਕੇ ਕੁਝ ਇਕ ਠੋਸ ਸ਼ਰਤਾਂ ਰੱਖ ਦਿੱਤੀਆਂ, ਕੈਨੇਡਾ ਦੇ ਸਾਹਿਲ ਤੇ ਉਤਰਨ ਵਾਲੇ ਹਰ ਪਰਵਾਸੀ ਕੋਲ ਦੋ ਸੌ ਡਾਲਰ ਨਕਦ ਹੋਣੇ ਚਾਹੀਦੇ ਹਨ, ਕੈਨੇਡਾ ਅੱਪੜਨ ਵਾਲਾ ਹਰ ਪਰਵਾਸੀ ਅਪਣੇ ਮੁਲਕ ਤੋਂ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਸਿੱਧਾ ਜਹਾਜ਼ ਲੈ ਕੇ ਆਵੇ, ਯਾਨੀ ਕਿ ਉਸ ਦਾ ਸਫ਼ਰ ਟੁੱਟਵਾਂ ਨਹੀਂ ਹੋਣਾ ਚਾਹੀਦਾ।" ਉਨ੍ਹਾਂ ਦਿਨਾਂ ਵਿਚ ਕੋਈ ਵੀ ਜਹਾਜ਼ ਕੈਨੇਡਾ ਸਿੱਧਾ ਨਹੀਂ ਜਾਂਦਾ ਸੀ ਸਗੋਂ ਭਾਰਤੀਆਂ ਨੂੰ ਕੈਨੇਡਾ ਪਹੁੰਚਣ ਲਈ ਹਾਂਗਕਾਂਗ ਜਾਂ ਜਾਪਾਨ ਵਿਚ ਜਹਾਜ਼ ਬਦਲਣਾ ਪੈਂਦਾ ਸੀ। ਕੈਨੇਡਾ ਵੱਸਦੇ ਹਿੰਦੁਸਤਾਨੀਆਂ ਨੂੰ ਪੀਲੇ ਤਾਪ ਅਤੇ ਮਲੇਰੀਏ ਦੇ ਘਰ ਹੰਡੂਰਸ ਭੇਜਣ ਦੀ ਤਜ਼ਵੀਜ਼ ਤਿਆਰ ਕੀਤੀ ਗਈ। ਭਾਰਤੀ ਨੁਮਾਇੰਦਿਆਂ (ਠਾਕਰ ਸਿੰਘ ਤੇ ਸ਼ਾਮ ਸਿੰਘ) ਦਾ ਡੈਲੀਗੇਸ਼ਨ 25 ਅਕਤੂਬਰ 1908 ਨੂੰ ਹੰਡੂਰਸ ਗਿਆ ਤੇ 7 ਨਵੰਬਰ ਨੂੰ ਵਾਪਸ ਪਰਤਿਆ। ਉਨ੍ਹਾਂ ਦੀ ਤਜ਼ਵੀਜ਼ ਹਿੰਦੋਸਤਾਨੀਆਂ ਨੂੰ ਉੱਥੇ ਨਾ ਭੇਜਣ ਦੀ ਤੇ ਹਕੂਮਤ ਦਾ ਜ਼ੋਰ ਹਿੰਦੀਆਂ ਨੂੰ ਭੇਜਣ ਦੀ ਸੀ। ਹਿੰਦੋਸਤਾਨੀ ਮਜ਼ਦੂਰਾਂ ਦੀ ਭਾਰੀ ਗਿਣਤੀ ਇਨ੍ਹਾਂ ਬੀਮਾਰੀਆਂ ਨਾਲ ਮਰ ਚੁੱਕੀ ਸੀ। ਇਹ ਮਜ਼ਦੂਰ ਜ਼ਿਆਦਾਤਰ 1857 ਦੇ ਗਦਰ ਦੀ ਕਾਮਯਾਬੀ ਤੋਂ ਬਾਅਦ ਉਜਾੜੇ ਗਏ ਕਿਸਾਨ ਸਨ। ਇਨ੍ਹਾਂ ਟਾਪੂਆਂ ਤੇ ਹਿੰਦੋਸਤਾਨੀਆਂ ਦੀ ਹਾਲਤ ਨੀਮ ਗੁਲਾਮੀ ਵਾਲੀ ਸੀ। ਭਾਰਤੀ ਮਜ਼ਦੂਰਾਂ ਲਈ ਕਬਰਿਸਤਾਨ ਬਣਿਆ ਹੰਡੂਰਸ, ਕੈਨੇਡਾ ਸਰਕਾਰ ਤੇ ਭਾਰਤੀ ਮਜ਼ਦੂਰਾਂ ਦਰਮਿਆਨ ਕਸ਼ਮਕਸ਼ ਤੁਰਦੀ ਰਹੀ ਤੇ ਇਨ੍ਹਾਂ ਕਾਮਿਆਂ ਨਾਲ ਜ਼ਬਰ ਦੀ ਹਾਲਤ ਤੀਕ ਪਹੁੰਚ ਗਈ।

ਕੈਨੇਡਾ ਸਰਕਾਰ ਦੀ ਨੀਤੀ ਕਿ ਭਾਰਤੀ ਸਿੱਧੇ ਜਹਾਜ਼ ਰਾਹੀਂ ਕੈਨੇਡਾ ਆਉਣ ਉਤੇ ਅਮਲ ਕਰਦਿਆਂ ਗੁਰਦਿੱਤ ਸਿੰਘ ਨੇ ਜਾਪਾਨੀ ਜਾਹਾਜ਼ "ਕਾਮਾਗਾਟਾ ਮਾਰੂ" 4 ਅਪ੍ਰੈਲ 1914 ਨੂੰ ਠੇਕੇ 'ਤੇ ਲੈ ਕੇ 376 ਮੁਸਾਫ਼ਰਾਂ ਸੰਗ ਕੈਨੇਡਾ ਲਈ ਤੋਰਿਆ ਅਤੇ 24 ਮਈ ਨੂੰ ਉਥੇ ਪਹੁੰਚਿਆ, ਪਰ ਕੈਨੇਡਾ ਸਰਕਾਰ ਨੇ ਉਨ੍ਹਾਂ ਨੂੰ ਉਤਰਨ ਨਾ ਦਿੱਤਾ। ਹਕੂਮਤ ਵੱਲੋਂ ਪਾਬੰਦੀਆਂ ਕਾਰਨ ਜਹਾਜ਼ 14 ਸਤੰਬਰ 1914 ਨੂੰ ਕਲਕੱਤੇ ਬਜਬਜ ਘਾਟ ਦੇ ਸਾਹਿਲ ਤੇ ਪਹੁੰਚਿਆ। ਮੁਸਾਫ਼ਰਾਂ ਦੇ ਗੱਡੀ ਚੜ੍ਹਨ ਵੇਲੇ ਪੁਲਿਸ ਨਾਲ ਤਕਰਾਰ ਹੋਈ। ਪੁਲਿਸ ਫਾਈਰਿੰਗ ਨਾਲ 19 ਮੁਸਾਫ਼ਰ ਸ਼ਹੀਦ ਹੋ ਗਏ। 96 ਮੁਸਾਫ਼ਰਾਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ। ਕੁਝ ਨੂੰ ਲੰਮੀ ਕੈਦ ਕਰ ਦਿੱਤੀ ਗਈ। ਬਾਬਾ ਗੁਰਦਿੱਤ ਸਿੰਘ ਤੇ ਕੁਝ ਮੁਸਾਫ਼ਰ ਫ਼ਰਾਰ ਹੋ ਗਏ। ਇਹ ਸਾਰੀ ਸਾਜ਼ਿਸ਼ ਬਸਤੀਵਾਦੀਆਂ ਦੀ ਪਹਿਲਾਂ ਹੀ ਘੜੀ ਹੋਈ ਚਾਲ ਕਹੀ ਜਾ ਸਕਦੀ ਹੈ। ਭਾਰਤੀ/ਪੰਜਾਬੀ ਕੈਨੇਡਾ ਦੀ ਧਰਤੀ ਤੇ ਬੈਠੇ ਸਭਿਆਚਾਰਕ ਤਨਾਉ, ਉਦਰੇਵਾਂ, ਮਾਨਸਿਕ ਪੀੜਾ ਨੂੰ ਭੋਗਦਿਆਂ ਆਪਣੀ ਹੋਂਦ ਦੀ ਤਲਾਸ਼ ਲਈ ਇਕਜੁੱਟ ਹੋ ਜ਼ਾਲਿਮਾਨਾ ਮਾਹੌਲ ਵਿਚ ਵੀ ਸੰਘਰਸ਼ਸ਼ੀਲ ਰਹੇ। ਬਸਤੀਵਾਦੀ ਸਾਮਰਾਜਵਾਦੀ ਰਾਜ-ਪ੍ਰਬੰਧ ਵੀ ਏਸ਼ੀਆਈ ਲੋਕਾਂ ਨੂੰ ਗੁਲਾਮ/ਦਾਸ ਵਾਲੇ ਰੂਪ ਦਾ ਸ਼ਨਾਖ਼ਤੀ ਮਾਹੌਲ ਇਨ੍ਹਾਂ ਭਾਰਤੀ ਪੰਜਾਬੀਆਂ ਅੰਦਰ ਵਿਦਰੋਹ ਦੇ ਬੀਜ ਬੀਅ ਗਿਆ। ਫਲਸਰੂਪ ਕੈਨੇਡਾ ਤੇ ਅਮਰੀਕਾ ਵਿਚ ਆਪਣੇ ਹੱਕਾਂ ਲਈ ਲੜਾਈ ਤੇ ਮੁਲਕ ਦੀ ਗੁਲਾਮੀ ਦੂਰ ਕਰਨ ਦੀ ਤੜਪ 1857 ਦੇ ਗ਼ਦਰ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਨੂੰ ਪੁਨਰ-ਸੁਰਜੀਤ ਕਰ ਗਈ। ਇਸ ਇਨਕਲਾਬੀ ਲਹਿਰ ਨੇ ਜਥੇਬੰਦ ਮੁਹਿੰਮ ਰਾਹੀਂ ਮੁਲਕ ਦੀ ਆਜ਼ਾਦੀ ਦਾ ਬੀੜਾ ਚੁੱਕਿਆ। ਇਨ੍ਹਾਂ ਦੀ ਇਨਕਲਾਬੀ ਸੋਚ ਕਲਮਬੱਧ ਹੋ ਵਿਦੇਸ਼ੀ ਧਰਤੀ ਤੇ ਅਖ਼ਬਾਰਾਂ ਵਿਚ ਛਪਣ ਲੱਗੀ। 'ਸੁਦੇਸ਼ ਸੇਵਕ', 'ਸੰਸਾਰ', 'ਪਰਦੇਸੀ ਖਾਲਸਾ', 'ਹਿੰਦੁਸਤਾਨੀ', 'ਆਰੀਅਨ', 'ਸਨ' ਆਦਿ ਪਰਚਿਆਂ, ਅਖ਼ਬਾਰਾਂ ਲਈ ਲਿਖਣ ਵਾਲੇ ਲਿਖਾਰੀਆਂ ਦਾ ਮੁੱਖ ਮੰਤਵ ਭਾਰਤੀ ਪੰਜਾਬੀਆਂ ਨੂੰ ਜਥੇਬੰਦ ਕਰਨਾ, ਆਪਣੀ ਹੋਂਦ ਲਈ ਚੇਤੰਨ ਕਰਨਾ, ਜ਼ੁਲਮ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਨਾ, ਧਰਮ ਨਿਰਪੱਖਤਾ ਤੇ ਹਿੰਦੁਸਤਾਨ ਦੀ ਆਜ਼ਾਦੀ ਲਈ ਤਰੱਦਦ ਅਤੇ ਸੁਤੰਤਰ ਰਾਸ਼ਟਰ ਦੀ ਸਥਾਪਨਾ ਦਾ ਸੰਕਲਪ। ਲੇਖਕਾਂ/ਸ਼ਾਇਰਾਂ ਨੇ ਲੇਖ/ਕਵਿਤਾਵਾਂ ਦੀ ਸਿਰਜਣਾ ਰਾਹੀਂ ਬਸਤੀਵਾਦੀਆਂ ਦੇ ਵਿਰੁੱਧ ਜਹਾਦ ਦਾ ਲਿਖਤੀ ਆਗਾਜ਼ ਕੀਤਾ। ਗ਼ਦਰ ਲਹਿਰ ਦਾ ਅਖ਼ਬਾਰ 'ਗ਼ਦਰ ਦੀ ਗੂੰਜ' (ਨਵੰਬਰ 1913, 7 ਅੰਕ 1913-1917) ਭਾਵੇਂ ਅਮਰੀਕਾ ਦੇ ਸ਼ਹਿਰ ਸਾਨਫਰਾਂਸਿਸਕੋ ਦੇ ਯੁਗਾਂਤਰ ਆਸ਼ਰਮ ਤੋਂ ਨਿਕਲਦਾ ਸੀ ਪਰ ਉਸ ਲਈ ਲਿਖਣ ਵਾਲੇ ਲੇਖਕ ਜ਼ਿਆਦਾਤਰ ਕੈਨੇਡਾ ਵਿਚ ਵਸਦੇ ਸਨ। ਦੋਹਾਂ ਮੁਲਕਾਂ ਵਿਚ ਭਾਰਤੀ ਰਾਜਨੀਤਿਕ ਤੇ ਦੇਸ਼ ਭਗਤ ਆਗੂ ਹਿੰਦੁਸਤਾਨ ਦੀ ਰਾਜਨੀਤਿਕ ਆਜ਼ਾਦੀ ਲਈ ਸਰਗਰਮ ਸਨ। ਇਹ ਹਫਤਾਵਾਰੀ ਪਰਚਾ ਪਹਿਲਾਂ ਉਰਦੂ, ਫਿਰ ਪੰਜਾਬੀ ਤੇ ਮਗਰੋਂ ਮਰਾਠੀ, ਬੰਗਾਲੀ, ਗੁਜਰਾਤੀ ਤੇ ਅੰਗ੍ਰੇਜ਼ੀ ਵਿਚ ਵੀ ਛਪਦਾ ਰਿਹਾ। ਬਹੁ-ਭਾਸ਼ਾਵਾਂ ਵਿਚ ਅਨੁਵਾਦਿਤ ਤੇ ਪ੍ਰਕਾਸ਼ਿਤ ਇਹ ਪਰਚਾ ਮੁਲਕ ਦੇ ਕੋਨੇ ਕੋਨੇ ਤਕ ਤਾਂ ਆਜ਼ਾਦੀ ਦੇ ਬੀਜ, ਬੀਜ ਰਿਹਾ ਸੀ, ਪਰ ਅੰਤਰਰਾਸ਼ਟਰੀ ਪੱਧਰ 'ਤੇ ਜਿੱਥੇ ਵੀ ਭਾਰਤੀ/ਪੰਜਾਬੀ ਵਸਦੇ ਸਨ ਇਹ ਪਰਚਾ ਉਨ੍ਹਾਂ ਲਈ ਆਜ਼ਾਦੀ ਸੰਘਰਸ਼ ਦੀ ਗਾਥਾ ਸਿਰਜ ਰਿਹਾ ਸੀ। ਬ੍ਰਿਟਿਸ਼ ਸਾਮਰਾਜਵਾਦੀਆਂ ਵਲੋਂ, ਇਸ ਪ੍ਰਤਿਰੋਧੀ ਕਾਵਿ ਨੂੰ ਜ਼ਬਤ ਵੀ ਕੀਤਾ ਗਿਆ। ਆਜ਼ਾਦੀ ਤੋਂ 46 ਸਾਲ ਬਾਅਦ 1993 ਵਿਚ ਪਹਿਲੀ ਵਾਰ ਇਸ ਕਾਵਿ ਨੂੰ ਪੁਸਤਕ ਰੂਪ ਵਿਚ ਦੇਸ਼ ਭਗਤਾਂ ਦੀ ਬਾਣੀ 'ਗ਼ਦਰ ਦੀ ਗੂੰਜ' ਨਾਂ ਹੇਠ ਪ੍ਰਕਾਸ਼ਿਤ ਕੀਤਾ ਗਿਆ। ਇਉਂ ਆਜ਼ਾਦੀ ਤੋਂ ਪਹਿਲਾਂ ਦੀਆਂ ਇਹ ਰਚਨਾਵਾਂ ਆਜ਼ਾਦੀ ਤੋਂ ਮਗਰੋਂ ਵੀ ਅਣਗੌਲੀਆਂ ਰਹੀਆਂ। ਇਥੇ ਦੋ ਨੁਕਤੇ ਉੱਭਰ ਕੇ ਆਉਂਦੇ ਹਨ ਕਿ ਇਕ ਬਸਤੀ ਤੋਂ ਦੂਜੀ ਬਸਤੀ ਤੀਕ ਇਨ੍ਹਾਂ ਗਦਰੀਆਂ ਨੂੰ ਬਸਤੀਵਾਦੀਆਂ ਦੀ ਦੋਹਰੀ ਮਾਰ ਝੱਲਣੀ ਪਈ। ਇਕ ਬੰਨੇ ਤਾਂ ਬਸਤੀਵਾਦੀਆਂ ਦੀ ਪੂਰਬਵਾਦੀ (Orientalism) ਸੋਚ ਤੇ ਦੂਜੇ ਬੰਨੇ ਗੋਰੇ/ਕਾਲੇ ਦਾ ਭੇਦ। ਹੰਡੂਰਸ, ਕਾਮਾਗਾਟਾ ਮਾਰੂ, ਬਜਬਜ ਘਾਟ ਦੀਆਂ ਦਰਦਨਾਕ ਘਟਨਾਵਾਂ ਆਦਿ ਤਸੀਹੇ ਦਾ ਕਾਰਨ ਸ਼ਾਇਦ ਕਿਤੇ ਬਸਤੀਵਾਦੀਆਂ ਦੀ ਰਣਨੀਤੀ ਤੇ ਮਾਨਸਿਕਤਾ ਵਿਚ ਪਏ ਡਰ ਨੂੰ ਦਰਸਾਉਂਦੇ ਹਨ। ਕਿਉਂ ਜੋ ਕਿਤੇ ਕੈਨੇਡਾ ਦੇ ਬਸਤੀਵਾਦੀ ਵੀ ਇਨਕਲਾਬ ਨਾ ਛੇੜ ਲੈਣ।

ਬਸਤੀਕਾਰ ਤੇ ਬਸਤੀਵਾਸੀ ਦੇ ਆਪਸੀ ਸੰਬੰਧਾਂ ਨੂੰ ਗ਼ਦਰ-ਕਾਵਿ ਦੀ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਧਰਾਤਲ ਤੋਂ ਸਮਝਣ/ਵਾਚਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਇਥੇ ਗੁਲਾਮੀ/ਆਜ਼ਾਦੀ ਦੀ ਮੁਠਭੇੜ ਸਹਿਜੇ ਹੀ ਉੱਭਰ ਆਉਂਦੀ ਹੈ। ਜਿਸ ਨੂੰ ਫੈਨਨ ਨੇ 'ਮੁਠ ਭੇੜ ਦਾ ਸਾਹਿਤ' ਕਿਹਾ ਹੈ। ਆਪਣੇ ਮੁਲਕ ਨੂੰ ਆਜ਼ਾਦ ਕਰਾਉਣਾ ਗ਼ਦਰੀ ਸ਼ਾਇਰਾਂ ਦਾ ਮੂਲ ਮਕਸਦ ਬਣਦਾ ਹੈ। ਉੱਤਰਬਸਤੀਵਾਦੀ ਚਿੰਤਕ ਫਰਾਂਸ ਫੈਨਨ ਕਿਸੇ ਵੀ ਰਾਸ਼ਟਰ ਦੇ ਸਾਹਿਤ ਨੂੰ ਰਾਜਨੀਤਿਕ ਆਜ਼ਾਦੀ ਸੰਘਰਸ਼ ਲਈ ਇਕ ਮਹੱਤਵਯੋਗ ਸੰਦ ਮੰਨਦਾ ਹੈ। ਇਹ ਗ਼ਦਰੀ ਸ਼ਾਇਰ ਆਪਣੀ ਲਿਖਤ ਨਾਲ ਆਪਣਾ ਨਾਂ ਦਰਜ ਨਹੀਂ ਕਰਦੇ। ਜਿਸ ਦੇ ਦੋ ਕਾਰਨ ਕਹੇ ਜਾ ਸਕਦੇ ਹਨ ਇਕ ਤਾਂ ਇਹ ਕਿ ਮੁਲਕ ਦੀ ਆਜ਼ਾਦੀ ਲਈ ਜਹਾਦ ਇਨ੍ਹਾਂ ਦੇ ਨਾਂ ਨਾਲੋਂ ਵੱਧ ਮਹੱਤਵਪੂਰਨ ਹੈ ਦੂਜਾ ਇਕ ਬਸਤੀ ਤੋਂ ਦੂਜੀ ਬਸਤੀ ਵਿਚ ਰਹਿੰਦਿਆਂ ਇਹ ਸ਼ਾਇਰ ਬਸਤੀਵਾਦੀਆਂ ਦੀ ਦੋਹਰੀ ਮਾਰ ਤੋਂ ਆਪਣਾ ਬਚਾਅ ਕਰਦੇ ਕਹੇ ਜਾ ਸਕਦੇ ਹਨ। ਇਸੇ ਅਨਾਮੀ (ਤਖੱਲਸਨੁਮਾ ਮਸਲਤ ਪ੍ਰੀਤਮ, ਦੁਖੀ, ਫਕੀਰ, ਟੁੰਡੀਲਾਟ, ਹਮਦਮ ਆਦਿ) ਨਾਂ ਰਾਹੀਂ ਉਹ ਹੋਰਨਾਂ ਸੂਬਿਆਂ/ਰਾਜਾਂ ਦੇ ਬਸਤੀਵਾਸੀਆਂ ਨਾਲ ਗੁਪਤ ਸੰਪਰਕ ਨੂੰ ਬਸਤੀਕਾਰਾਂ ਤੋਂ ਲੁਕਵੇਂ ਪੈਂਤੜੇ ਵਜੋਂ ਅਪਣਾਉਂਦੇ ਹਨ। ਕਿਸਾਨ ਲਹਿਰ 'ਚੋਂ ਉਪਜੀ ਇਹ ਗ਼ਦਰ ਲਹਿਰ ਜਿਥੇ ਆਪਣੀ ਗੁਲਾਮੀ ਤੋਂ ਮੁਕਤੀ ਦਾ ਰਾਹ ਤਲਾਸ਼ਦੀ ਹੈ, ਉਥੇ ਇਕਜੁੱਟਤਾ, ਧਰਮ ਨਿਰਪੇਖਤਾ, ਸਾਂਝੀਵਾਲਤਾ ਇਸ ਦੇ ਅਗਲੇ ਪੜਾਅ ਕਹੇ ਜਾ ਸਕਦੇ ਹਨ। ਜਿਥੇ ਰੰਗ, ਨਸਲ, ਕੌਮ, ਧਰਮ, ਰਾਜਨੀਤੀ ਵਾਲੇ ਕਿਸੇ ਵੰਡ-ਵਿਤਕਰੇ ਲਈ ਕੋਈ ਥਾਂ ਨਹੀਂ। ਫਿਰੰਗੀਆਂ ਪ੍ਰਤੀ ਵਿਦਰੋਹ ਰਚਦੀ ਇਹ ਸ਼ਾਇਰੀ ਅੰਤਰਰਾਸ਼ਟਰੀ ਪੱਧਰ ਦੀ ਸੋਚ ਰੱਖਦੀ ਹੈ। ਵਿਸ਼ਵ ਭਰ ਵਿਚ ਵਸਦੇ ਹਿੰਦੁਸਤਾਨੀਆਂ ਨੂੰ ਇਕਜੁੱਟ ਕਰਨਾ ਇਸ ਦਾ ਮੂਲ ਮਨੋਰਥ ਬਣਦਾ ਹੈ। ਬਸਤੀਵਾਦੀਆਂ ਦੀ ਸਮਾਜਕ-ਸੰਰਚਨਾ ਨੂੰ ਵਿਸਥਾਪਿਤ ਕਰਨਾ ਅਤੇ ਆਪਣੀ ਖੁੱਸੀ ਹੋਈ ਪਛਾਣ ਨੂੰ ਮੁੜ ਸਥਾਪਿਤ ਕਰਨਾ ਇਸ ਦਾ ਯਤਨ ਹੀ ਨਹੀਂ ਮੂਲ ਮੁੱਦਾ ਹੋ ਨਿਬੜਦਾ ਹੈ। ਆਪਣੇ ਟੀਚੇ ਦੀ ਪੂਰਤੀ ਲਈ ਲੋਕਾਈ ਨੂੰ ਗੁਲਾਮ-ਹੋਂਦ ਦਾ ਅਹਿਸਾਸ ਕਰਵਾ ਆਪਣੀ ਮੁਕਤੀ ਲਈ ਪ੍ਰੇਰਿਤ ਕਰਦੀ ਇਹ ਸ਼ਾਇਰੀ ਬਸਤੀਵਾਸੀਆਂ ਅੰਦਰ ਨਵੀਂ ਆਸ ਜਗਾਉਂਦੀ ਹੈ। ਗ਼ਦਰ-ਕਾਵਿ ਨਾਲ ਬਾਵਸਤਾ ਸ਼ਾਇਰ ਹਿੰਦੂ, ਸਿੱਖ ਅਤੇ ਮੁਸਲਿਮ ਧਰਮਾਂ ਤੋਂ ਪਰ੍ਹੇ ਜਾਂ ਸਾਂਝੀਵਾਲਤਾ, ਧਰਮ ਨਿਰਪੱਖਤਾ ਦਾ ਅਹਿਮ ਨੁਕਤਾ ਉਭਾਰਦੇ ਹਨ। ਇਉਂ ਉਹ ਆਪਣੇ ਅਤੀਤ ਤੋਂ ਵਰਤਮਾਨ ਤੀਕ ਦੀਆਂ ਸਥਿਤੀਆਂ ਨੂੰ ਵਿਸਥਾਪਿਤ ਕਰ ਆਪਣੇ ਮੁਲਕ ਦੀ ਸੈ੍-ਰਾਜਨੀਤਕ ਹੋਂਦ ਦੀ ਮੁੜ ਬਹਾਲੀ ਲਈ ਜਤਨਸ਼ੀਲ ਹੁੰਦੇ ਹਨ। ਪਰ ਗ਼ਦਰੀ ਧਰਮ ਨੂੰ ਰੱਦਦੇ ਨਹੀਂ ਸਗੋਂ ਉਸ ਆਡੰਬਰ ਨੂੰ ਰੱਦਦੇ ਹਨ ਜੋ ਇਕਜੁੱਟਤਾ ਦੇ ਖਿੰਡਾਓ ਦਾ ਕਾਰਨ ਬਣਦਾ ਹੈ। ਭਾਰਤੀ ਸਭਿਆਚਾਰਕ ਸੰਰਚਨਾ ਜਦੋਂ ਕਿ ਆਪਣੇ ਮੂਲ ਸੁਭਾਅ ਵਿਚ ਬਹੁ-ਰੰਗੀ ਵਿਕੋਲਿਤਰੇ ਸੁਭਾਅ ਵਾਲੀ ਹੈ ਉਥੇ ਮਾਨਵਤਾ ਦਾ ਹੁੰਗਾਰਾ ਭਰਦਾ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਗ਼ਦਰੀ-ਕਾਵਿ ਸਾਂਝੀਵਾਲਤਾ ਦਾ ਪੈਗਾਮ ਬਣਦਾ ਹੈ। ਇਸ ਕਾਵਿ ਦਾ ਸੁਰ ਸੰਵਾਦੀ ਹੈ ਜੋ ਭਾਵੇਂ ਦੇਖਣ ਨੂੰ ਕਿੰਨਾ ਹੀ ਸਾਦਾ ਤੇ ਸਤਹੀ ਥੀਮਿਕ ਧਰਾਤਲ ਵਾਲਾ ਜਾਪੇ ਪਰ ਇਸ ਸੰਵਾਦ ਵਿਚ ਦੂਜੀ ਧਿਰ ਦੀ ਜਵਾਬਦੇਹੀ ਵੀ ਸ਼ਾਮਿਲ ਹੈ। ਕਿੰਨੀ ਵਾਰ ਸ਼ਾਇਰ ਆਪਣੇ ਗੌਰਵਮਈ ਸਿੱਖ ਇਤਿਹਾਸ ਨੂੰ ਦੁਹਰਾਉਂਦੇ ਗੁਰੂਆਂ ਪੀਰਾਂ ਦੀਆਂ ਕੁਰਬਾਨੀਆਂ ਨਾਲ ਸੰਵਾਦ ਰਚਾਉਂਦੇ ਗੌਰਵਮਈ ਵਿਰਸੇ ਦੀ ਪੁਖਤਾ ਧਰਾਤਲ ਤੀਕ ਜਾ ਅਪੜਦੇ ਹਨ। ਸੰਤ-ਸਿਪਾਹੀ ਦਾ ਮਾਡਲ ਸਾਹਮਣੇ ਰੱਖ ਆਪਣੀ ਹੋਂਦ/ਸ਼ਨਾਖਤ/ਅਸਤਿਤਵ ਲਈ ਲੋਕਾਈ ਨੂੰ ਪ੍ਰੇਰਿਤ ਕਰਦੇ ਹਨ। ਗੁਰੂਆਂ ਦੇ ਵਲੋਂ ਸਮਾਜ ਨੂੰ ਬਦਲਣ ਦੇ ਇਤਿਹਾਸਕ ਸੱਚ ਨੂੰ ਹੀ ਮੁੜ ਦੁਹਰਾਉਂਦੇ ਹਨ। ਇਹ ਸ਼ਾਇਰੀ ਆਪਣੇ ਮੁਲਕ ਦੇ ਵੇਲੇ ਦੇ ਰਾਜਨੀਤਿਕ ਆਗੂਆਂ ਉਪਰ ਤਿੱਖੇ ਵਿਅੰਗ ਸਿਰਜਦੀ ਹੈ। ਬਸਤੀਕਾਰਾਂ ਦੀ ਰਣਨੀਤੀ ਨੂੰ ਅੰਜਾਮ ਦੇਣ ਵਿਚ ਕਿਤੇ ਇਨ੍ਹਾਂ ਦਾ ਅਹਿਮ ਰੋਲ ਵੀ ਬਣਦਾ ਹੈ।

**ਗੂਰਨਮਿੰਟ ਨੇ ਦੋਸਤੋ ਭੇਜ ਦਿਤੇ ਕਈ ਦੇਸ਼ ਘਾਤੀ ਹਿੰਦੋਸਤਾਨ ਵਾਲੇ॥**
**ਖਬ੍ਰਦਾਰ ਰੈਹਿਣਾਂ ਏਨਾਂ ਪਾਪੀਆਂ ਤੋਂ ਮਿਤ੍ਰ ਨਹੀਂ ਹਨ ਦਗਾ ਕਮਾਨ ਵਾਲੇ॥**
**ਹੱਥੀਂ ਆਪਣੀ ਕੋਈ ਨਾਂ ਕੰਮ ਕਰਦੇ ਗੂਰਨਮਿੰਟ ਕੋਲੋਂ ਪੈਸਾ ਖਾਨ ਵਾਲੇ॥**
**ਪੈਸਾ ਲੁੱਟਦੇ ਕੌਮ ਦੇ ਨਾਲ ਧੋਖੇ ਮੌਜਾਂ ਕਰਨ ਵੇਹਲੇ ਮੁਫਤ ਖਾਨ ਵਾਲੇ॥**
(ਗ਼ਦਰ ਦੀ ਗੂੰਜ)

**ਹਿੰਦੀ ਹੋਣ ਨਾਂ ਜੋ ਵਿਚ ਵੈਨਕੋਵਰ। ਜਾਲਮ ਠੀਕ ਦਿੰਦੇ ਭੁੱਖੇ ਮਾਰ ਸਾਨੂੰ॥**
**ਵਾਂਗ ਕੁਕੜਾਂ ਦੇ ਸਾਨੂੰ ਬੰਦ ਕੀਤਾ। ਸ਼ਾਇਦ ਸਮਝਿਆ ਈ ਵਫਾਦਾਰ ਸਾਨੂੰ॥**
**ਇਕ ਦਿਨ ਦੇਣ ਰਾਸ਼ਨ ਸੱਭ ਦਿਨ ਬੰਦ ਰੱਖਣ। ਦਿੰਦੇ ਦੁਖ ਬੇਤਰਸ ਹਜ਼ਾਰ ਸਾਨੂੰ॥**
**ਚਿੱਠੀ ਭੇਜਦੇ ਤਾਂ ਬਾਹਰ ਨਹੀਂ ਦਿੰਦੇ। ਪਾੜ ਕੈਹਿਣ ਭੁੱਲ ਗਈ ਵਿਚਾਰ ਸਾਨੂੰ॥**
(ਗ਼ਦਰ ਦੀ ਗੂੰਜ)

ਸਰਲ ਸਾਦੀ ਬੋਲੀ ਵਿਚ ਵਿਅੰਗਤਾਮਕ ਸੁਰ ਉਚਾਰਦੀ ਇਹ ਕਵਿਤਾ ਵੇਲੇ ਦੀ ਤਸਵੀਰ ਹੀ ਨਹੀਂ ਉਭਾਰਦੀ ਸਗੋਂ ਦੇਸ਼ ਭਗਤੀ ਦਾ ਮੁਜੱਸਮਾ ਵੀ ਕਹੀ ਜਾ ਸਕਦੀ ਹੈ। ਆਧੁਨਿਕ ਪੰਜਾਬੀ ਕਵਿਤਾ ਦਾ ਇਹ ਰੂਪ ਮੱਧਕਾਲੀ ਕਾਵਿ-ਪਰੰਪਰਾ ਦਾ ਅਨੁਸਰਣ ਕਰਨ ਵਾਲਾ ਮੌਲਿਕ-ਕਾਵਿ ਕਿਹਾ ਜਾ ਸਕਦਾ ਹੈ। ਗ਼ਦਰੀ ਸ਼ਾਇਰ ਬੈਂਤ, ਕਬਿੱਤ, ਛੰਦ, ਬਾਰਾਮਾਂਹ, ਪੈਂਤੀ ਅੱਖਰੀ ਆਦਿ ਕਾਵਿ-ਰੂਪਾਂ ਦੀ ਤਰਜ਼ ਤੇ ਆਪਣੀ ਕਾਵਿ-ਸਿਰਜਣ ਕਰਦੇ ਹਨ। ਇਸ ਦਾ ਮੂਲ ਕਾਰਨ ਲੋਕ-ਮਨਾਂ ਤੀਕ ਸਹਿ-ਸੰਚਾਰ ਕਿਹਾ ਜਾ ਸਕਦਾ ਹੈ। ਗ਼ਦਰ-ਕਾਵਿ ਹੀ ਨਹੀਂ ਪੰਜਾਬੀ ਸਾਹਿਤ ਦਾ ਮੁਹਾਂਦਰਾ ਮੁੱਢ ਤੋਂ ਹੀ ਬਸਤੀਵਾਦੀ ਸੋਚ ਦਾ ਵਿਰੋਧ ਸਿਰਜਦਾ ਹੈ। ਇਉਂ ਧਰਮ ਨਿਰਪੇਖਤਾ, ਆਜ਼ਾਦੀ ਲਈ ਪ੍ਰਤੀਬੱਧਤਾ, ਗ਼ੁਲਾਮ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਹੋਂਦ ਦੀ ਪਛਾਣ, ਅੰਤਰਰਾਸ਼ਟਰੀ ਸੋਚ ਵਾਲੀ ਭਵਿੱਖਮੁਖੀ ਇਹ ਸ਼ਾਇਰੀ ਬਸਤੀਵਾਦੀ ਦੌਰ ਅੰਦਰ ਆਪਣੀ ਸਵੈ-ਰਾਜਨੀਤਿਕ ਸ਼ਨਾਖਤ ਲਈ ਜੂਝਦੀ ਹੈ।

ਇਉਂ ਸਭਿਆਚਾਰਕ ਪੱਖੋਂ ਇਨ੍ਹਾਂ ਸ਼ਾਇਰਾਂ ਦਾ ਨਾਤਾ ਨਫ਼ਰਤ ਭਰਿਆ ਜੁੜਦਾ ਹੈ ਤੇ ਅਜਿਹੇ ਵਾਤਾਵਰਣ ਵਿਚ ਇਨ੍ਹਾਂ ਨੂੰ ਉਨ੍ਹਾਂ ਦਾ ਜ਼ਾਲਿਮਾਨਾ ਰੰਗ ਵਧੇਰੇ ਨਜ਼ਰੀ ਪੈਂਦਾ ਹੈ। ਬਸਤੀਵਾਦੀ ਤੇ ਸਾਮਰਾਜੀ ਪੱਛਮੀ ਸ਼ਕਤੀਆਂ ਨੇ ਹਰ ਹੀਲੇ ਆਪਣੀ ਪ੍ਰਭੁਤਾ (Hegemony) ਨੂੰ ਕਾਇਮ ਰਖਿਆ। ਦੱਬੇ-ਕੁਚਲੇ (Suppressed) ਏਸ਼ੀਅਨ ਇਨ੍ਹਾਂ ਦਮਨਕਾਰੀ (Oppresses) ਸ਼ਕਤੀਆਂ ਦੀ ਨਜ਼ਰ ਵਿਚ ਪੱਛਮੀ (Occident) ਤੇ ਪੂਰਬੀ (Orient) ਵਜੋਂ ਪਛਾਣੇ ਗਏ। ਇਉਂ ਪੂਰਬੀਆਂ ਪ੍ਰਤੀ ਇਨ੍ਹਾਂ ਦੀ ਧਾਰਨਾ ਦੱਬੇ-ਕੁਚਲੇ ਗਰੀਬ ਲਾਚਾਰ ਲੋਕਾਂ ਵਾਲੀ ਬਣ ਗਈ, ਜਿਸ ਨੂੰ ਕਿ ਜਨਮ ਇਨ੍ਹਾਂ ਬਸਤੀਵਾਦੀ ਪੂੰਜੀਵਾਦੀ ਤਾਕਤਾਂ ਨੇ ਦਿੱਤਾ।

ਕੈਨੇਡਾ ਦਾ ਪੰਜਾਬੀ-ਕਾਵਿ ਰਾਸ਼ਟਰੀ-ਚੇਤਨਾ ਤੋਂ ਆਪਣਾ ਆਗਾਜ਼ ਕਰਦਾ ਮੁੱਢੋਂ ਹੀ ਆਪਣੀ ਸਭਿਆਚਾਰਕ ਪਛਾਣ ਪ੍ਰਤੀ ਚੇਤੰਨ ਹੈ। ਭਾਵੇਂ ਇਹ ਸ਼ਾਇਰ ਸਰਲ ਕਵੀਸ਼ਰੀ ਵਿਚ ਹੀ ਆਪਣੀ ਗੱਲ ਕਹਿੰਦੇ ਹਨ, ਪਰ ਇਸ ਵਿਚ ਕੋਈ ਦੋ ਰਾਇ ਨਹੀਂ ਕਿ ਇਹ ਸ਼ਾਇਰ ਆਪਣੀ ਹੋਂਦ (identity) ਪੱਖੋਂ ਸੁਚੇਤ ਸਨ। ਮਨੋਰਥ ਕੇਂਦ੍ਰਿਤ ਇਨਕਲਾਬੀ ਸੁਰ ਵਾਲੀ ਇਹ ਰਚਨਾ ਭਾਰਤ ਦੀ ਆਜ਼ਾਦੀ ਲਈ ਪੁਖ਼ਤਾ ਪਿੱਠਭੂਮੀ ਬਣਦੀ ਹੈ। ਘਰੋਂ ਬੇਘਰੇ ਹੋਣ ਦਾ ਅਹਿਸਾਸ ਪਰਵਾਸੀ ਲੇਖਕਾਂ ਦੀ ਲੇਖਣੀ ਵਿਚ ਬੜੀ ਸ਼ਿੱਦਤ ਨਾਲ ਪੇਸ਼ ਹੋਇਆ ਹੈ। ਅਸਲ ਵਿਚ ਆਪਣੇ ਮੁੱਢਲੇ ਪਰਵਾਸ ਤੋਂ ਅੱਜ ਤੀਕ ਇਹ ਉਥੋਂ ਦੇ ਰਾਜਨੀਤਕ, ਆਰਥਕ, ਸਭਿਆਚਾਰਕ ਹਾਲਾਤ ਨਾਲ ਟਕਰਾ ਰਹੇ ਹਨ।

ਇਵੇਂ ਗ਼ਦਰ ਕਾਵਿ ਤੋਂ ਹੀ ਆਪਣੀਆਂ ਜੜ੍ਹਾਂ ਪ੍ਰਤੀ ਉਦਾਸੀਨਤਾ ਦੀ ਗੱਲ ਤਾਂ ਤੁਰਦੀ ਹੈ ਪਰ ਕੇਂਦਰੀ ਸੁਰ ਇਨਕਲਾਬੀ ਹੋਣ ਕਾਰਨ ਇਹ ਉਦਰੇਵਾਂ ਬਹੁਤਾ ਤੀਖਣ ਨਹੀਂ ਨਜ਼ਰੀਂ ਪੈਂਦਾ, ਜਦੋਂ ਕਿ ਬਾਅਦ ਦੀ ਸ਼ਾਇਰੀ ਉਸ ਸਮਾਜ ਦੇ ਵਤੀਰੇ ਕਾਰਨ ਉਸ ਸਿਸਟਮ ਵਿਚ ਆਪਣੇ ਪੈਰ ਜਮਾਉਣ ਲਈ ਔਖਿਆਈ ਮਹਿਸੂਸ ਕਰਦੀ ਹੈ। ਨਤੀਜਨ ਉਸ ਦਾ ਆਪਣੇ ਵਤਨ/ਸਭਿਆਚਾਰ ਨਾਲ ਮੋਹ ਬੜੀ ਸ਼ਿੱਦਤ ਨਾਲ ਉਜਾਗਰ ਹੁੰਦਾ ਹੈ। ਪੂੰਜੀਵਾਦੀ, ਖਪਤਕਾਰੀ, ਸਨਅਤੀ ਸਮਾਜ ਸਭਿਆਚਾਰ ਵਿਚ ਵਿਚਰਦੇ ਉਸ ਚੌਗਿਰਦੇ ਨਾਲ ਵਾਬਸਤਾ ਹੁੰਦੇ ਇਹ ਪਰਵਾਸੀ ਵਤਨ ਮੋਹ ਤੋਂ ਵਿਸ਼ਵੀਕਰਣ ਦੀਆਂ ਵੰਗਾਰਾਂ ਵਲ ਨੂੰ ਪਰਵਾਜ਼ ਕਰਦੇ ਕਹੇ ਜਾ ਸਕਦੇ ਹਨ। ਬ੍ਰਹਿਮੰਡ ਜਾਂ ਵਿਸ਼ਵ-ਪਿੰਡ (Global village) ਵਾਲੇ ਇਸ ਦੌਰ ਵਿਚ ਜਦੋਂ ਬਹੁ-ਸਭਿਆਚਾਰਾਂ ਵਾਲੀਆਂ ਕੌਮਾਂ ਇਕ ਥਾਂ ਰਹਿੰਦੀਆਂ ਹਨ ਤਾਂ ਅਨੁਕੂਲੀਕਰਣ (Adaptation) ਵਿਲੀਨੀਕਰਣ (Assimilation) ਦੀਆਂ ਸੰਭਾਵਨਾਵਾਂ ਦਾ ਉਪਜਣਾ ਕੁਦਰਤੀ ਹੈ। ਇਹ ਸ਼ਾਇਰ ਕਿਹੋ ਜਿਹੀਆਂ ਸਭਿਆਚਾਰਕ ਪ੍ਰਸਥਿਤੀਆਂ ਵਿਚੋਂ ਗੁਜ਼ਰ ਰਹੇ ਹਨ ? ਇਸ ਦਾ ਅੰਦਾਜ਼ਾ ਤਾਂ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਇਥੋਂ ਦੀ ਸਿਰਜਿਤ ਸ਼ਾਇਰੀ/ਪਾਠਕੀ ਪਰ੍ਹਤ ਤੋਂ ਹੀ ਹੋ ਸਕਦਾ ਹੈ।

"ਅੱਕ ਕੁੱਕੜੀ ਦੇ ਫੰਬੇ ਖਿੰਡੇ,
ਬਿਖਰੇ ਵਿਚ ਹਵਾਵਾਂ।
ਸਵੈ-ਪਹਿਚਾਣ ਉੱਡੇ, ਭਟਕੇ
ਦੇਸ਼, ਦੀਪ, ਦਿਸ਼ਾਵਾਂ
ਜੜ੍ਹਾਂ ਵਾਲਿਓ! ਜੜ੍ਹ ਦੇ ਸੁਫ਼ਨੇ,
ਲੱਥੇ ਵਿਚ ਖਲਾਵਾਂ।
ਮਾਂ-ਭੋਂ ਬਾਝੋਂ ਕਿਥੇ ਪੱਲ੍ਹਰਣ
ਸਭ ਬੇਗਾਨੀਆਂ ਥਾਵਾਂ
ਮੋਹ-ਮਾਇਆ ਦੇ ਕਈ ਸਿਰਨਾਵੇਂ
ਮਾਂ ਦਾ ਇਕ ਸਿਰਨਾਵਾਂ"

(ਰਵਿੰਦਰ ਰਵੀ)

"ਅਸੀਂ, ਕੈਨੇਡਾ ਵਾਸੀ
ਵਿਸ਼ਵ ਭਰ 'ਚ ਮਨੁੱਖੀ ਹੱਕਾਂ ਦੇ ਰਖਵਾਲੇ
ਅਤੇ ਬਹੁ-ਸਭਿਆਚਾਰ ਦੇ ਧਾਰਣੀ ਹਾਂ-
ਪਰ ਆਪਣੇ ਹੀ ਦੇਸ਼ ਦੀਆਂ ਘੱਟ-ਗਿਣਤੀਆਂ ਨਾਲ
ਜ਼ਿੰਦਗੀ ਦੇ ਹਰ ਖੇਤਰ ਅਤੇ ਪਹਿਲੂ ਵਿਚ
ਰੰਗ ਨਸਲ, ਕੌਮ ਦੇ ਸੁਆਲ ਉਤੇ ਵਿਤਕਰਾ ਕਰਦੇ ਹਾਂ
ਸਿਰਫ ਇਸ ਲਈ ਕਿਉਂ ਜੁ
ਉਨ੍ਹਾਂ ਦਾ ਰੰਗ ਚਿੱਟਾ ਨਹੀਂ।"

(ਸੁਖਿੰਦਰ)

"ਉਸਨੂੰ ਪਤਾ ਹੈ ਕਿ ਹਰ ਦੇਸ਼
ਗਿਣਤੀ ਦੇ ਕੁਝ ਹੱਥਾਂ 'ਚ ਖਿਡੌਣਾ ਹੈ
ਇਨ੍ਹਾਂ ਹੱਥਾਂ ਦੇ ਉਹ ਚੱਪੂ ਚਲਾ ਰਿਹਾ ਹੈ।
ਗੀਤ ਗਾ ਆਪਣਾ ਰਾਹ ਬਣਾ ਰਿਹਾ ਹੈ।
ਉਂਗਲੀ ਤੇ ਗਲੋਬ ਘੁਮਾ ਰਿਹਾ ਹੈ।"

...

"ਵਿਸ਼ਵ ਵਿਉਪਾਰ ਕੇਂਦਰ ਦਾ ਸਿਖਰ
ਪੈਰਾਂ 'ਚ ਡਿੱਗ ਪਿਆ ਹੈ।
ਧਰਮ ਭਟਕ, ਮਨੁੱਖ ਹਲਕ ਗਿਆ ਹੈ।



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਟਾਵਰ, ਟਾਵਰ ਕਰਕੇ ਹੁਣ ਤਕ
ਜੋ ਕਲਪਿਆ ਸੀ ...
ਪਤਝੜ ਦੀ ਬੁਰੀ ਨਜ਼ਰ
ਪੱਤੀ ਪੱਤੀ
ਕਿਰ, ਬਿਖਰ ਗਿਆ ਹੈ।"

(ਰਵਿੰਦਰ ਰਵੀ)

"ਏਸੇ ਮਸ਼ੀਨੀ ਯੁਗ ਵਿਚ ਮੈਨੂੰ,
ਚੇਤੇ ਚੱਕੀ ਚਰਖਾ ਆਵੇ
ਕਿੱਥੇ ਗਈਆਂ ਖੂਹ ਦੀਆਂ ਟਿੰਡਾਂ,
ਕਿਤੇ ਭੀ ਹੁਣ ਨਾ ਨਜ਼ਰੀਂ ਆਵੇ।"

(ਸੁਸ਼ੀਲ ਕੌਰ)

"ਕਿਸੇ ਭਾਸ਼ਾ ਦੇ ਦੋ ਚਾਰ ਟੁੱਟੇ ਭੱਜੇ ਲਫ਼ਜ਼ਾਂ ਦੀ
ਮੁਹਤਾਜ ਨਹੀਂ ਹੁੰਦੀ ਕੋਈ ਸਭਿਅਤਾ
ਸਭਿਅਤਾ ਤਾਂ ਤੁਹਾਡੇ ਖ਼ੂਨ 'ਚ ਪੁੰਗਰਦੀ ਹੈ
ਤੁਹਾਡੇ ਜ਼ਿਹਨ 'ਚ ਤੇ ਤੁਹਾਡੀਆਂ ਤਲੀਆਂ ਤੇ ਉੱਗਦੀ ਹੈ।"

(ਮਨਜੀਤ ਮੀਤ)

"ਕੱਚ ਦੀ ਧਰਤੀ
ਕੱਚ ਦੇ ਘਰ
ਕੱਚ ਦੇ ਬੰਦੇ
ਕੱਚ ਦੀਆਂ ਸੋਚਾਂ
ਕੱਚ ਦੇ ਹਾਸੇ
ਕੱਚ ਦੇ ਸੰਸੇ
ਕੱਚ ਦੇ ਥਲ 'ਤੇ
ਸੱਚ ਦੀ ਤ੍ਰਿਸ਼ਨਾ ਭਟਕਦੀ ਹੈ।"

(ਪੁਸ਼ਪਦੀਪ)

"ਸਾਰੀ ਧਰਤੀ ਮੰਡੀ ਬਣ ਗਈ ਹੈ
ਲੋਕ ਬੋਲੀ ਦੇਣੀ ਸਿੱਖ ਗਏ ਹਨ
ਬੋਲੀ ਪਾਉਣੀ ਭੁੱਲ ਗਏ ਹਨ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

**ਇਹ ਬਾਣੀਆ ਸਭਿਆਚਾਰ ਹੈ**
**ਏਥੇ ਇਕੱਲੀ ਦ੍ਰੋਪਦੀ ਹੀ ਨਹੀਂ**
**ਮਾਂ ਪਿਓ, ਭੈਣ ਭਰਾ, ਮਿੱਤਰ**
**ਸਭ ਦਾਅ ਤੇ ਲਗਦੇ ਹਨ।"**

(ਨਵਤੇਜ ਭਾਰਤੀ)

ਇਉਂ ਉਪਰੋਕਤ ਕਾਵਿ ਦੇ ਪਾਠਕੀ ਸਫਰ 'ਚੋਂ ਗੁਜ਼ਰਦਿਆਂ ਦੋ ਗੱਲਾਂ ਸਪਸ਼ਟ ਹਨ ਕਿ ਬਸਤੀਵਾਦੀ ਪ੍ਰਵਚਨ ਤੇ ਉਸ ਦੇ ਪ੍ਰਤੀਉੱਤਰ ਵਜੋਂ ਉੱਤਰ-ਬਸਤੀਵਾਦੀ ਪ੍ਰਵਚਨ ਇਨ੍ਹਾਂ ਰਚਨਾਵਾਂ ਦੇ ਸੰਗਠਨਕਾਰੀ ਪ੍ਰਬੰਧ ਨੂੰ ਚਿਤਵਦਾ ਹੈ। ਪਰਵਾਸੀ ਪੰਜਾਬੀ ਕਾਵਿ ਭਾਵੁਕਤਾ ਤੋਂ ਪਰਵਾਸੀ ਚੇਤਨਾ ਵਲ ਨੂੰ ਸਫ਼ਰ ਕਰਦਾ ਕਿਹਾ ਜਾ ਸਕਦਾ ਹੈ। ਆਪਣੀਆਂ ਜੜ੍ਹਾਂ ਤੋਂ ਵਿਸਥਾਪਿਤ ਇਹ ਪੰਜਾਬੀ ਜਦੋਂ ਪੱਛਮ/ਯੋਰੋਪ ਵਿਚ ਆਪਣੀਆਂ ਸਾਰਥਕ ਲੋੜਾਂ ਅਤੇ ਸਮਾਜਕ ਸਥਾਪਤੀ ਲਈ ਤਰੱਦਦਸ਼ੀਲ ਹੋਏ ਤਾਂ ਇਨ੍ਹਾਂ ਨੂੰ ਬਸਤੀਵਾਦੀਆਂ ਦੀਆਂ ਨੀਤੀਆਂ ਦਾ ਸ਼ਿਕਾਰ ਹੋਣਾ ਪਿਆ। ਉਦਰੇਵਾਂ ਜਿਥੇ ਭਾਵੁਕ ਪੱਧਰ 'ਤੇ ਇਨ੍ਹਾਂ ਨੂੰ ਕਮਜ਼ੋਰ ਕਰਦਾ ਹੈ ਉਥੇ ਬੌਧਿਕ ਪੱਧਰ 'ਤੇ ਆਪਣੀ ਮਿੱਟੀ ਦਾ ਅਮੀਰ ਸਭਿਆਚਾਰਕ ਵਿਰਸਾ ਪੂੰਜੀਵਾਦੀ ਮੁਲਕਾਂ ਦੀ ਖਪਤਕਾਰੀ ਪਦਾਰਥਕ ਵੰਗਾਰਾਂ ਨਾਲ ਜੂਝਣ ਵਿਚ ਸਹਾਇਕ ਵੀ ਹੁੰਦਾ ਹੈ। ਪਰਵਾਸੀ ਅਨੁਭਵਾਂ ਨੇ ਇਨ੍ਹਾਂ ਦੀ ਮਾਨਸਿਕਤਾ ਨੂੰ ਭਾਵੁਕਤਾ ਤੋਂ ਚੇਤਨਾ ਨਾਲ ਜੋੜਿਆ। ਇਸ ਨੂੰ ਪਰਵਾਸੀ ਚੇਤਨਾ ਦਾ ਵਿਸ਼ਾ-ਬਿੰਦੂ ਵੀ ਕਿਹਾ ਜਾ ਸਕਦਾ ਹੈ। ਧਾਰਮਕ ਕਦਰਾਂ-ਕੀਮਤਾਂ ਦੀਆਂ ਜੜ੍ਹਾਂ ਇਸ ਮੰਡੀਕਰਣ ਵਾਲੇ ਦੌਰ ਵਿਚ ਖੋਖਲੀਆ ਹੋ ਰਹੀਆਂ ਹਨ। ਬਸਤੀਵਾਦੀਆਂ ਦੀ ਵਿਸ਼ਵੀਕਰਣ ਦੀ ਤਜਵੀਜ਼ ਇਨ੍ਹਾਂ ਏਸ਼ੀਆਈ ਮੁਲਕਾਂ ਨੂੰ ਖੋਰਨ ਦੀ ਰਾਜਨੀਤੀ ਹੈ। ਵਿਸ਼ਵ ਵਿਉਪਾਰ-ਕੇਂਦਰ ਦੀ ਘਟਨਾ ਭਾਵੇਂ ਇਨ੍ਹਾਂ ਸਾਮਰਾਜੀ ਬਸਤੀਵਾਦੀ ਤਾਕਤਾਂ ਨੂੰ ਹਿਲਾਉਣ ਦਾ ਯਤਨ ਕਹੀ ਜਾ ਸਕਦੀ ਹੈ, ਇਹ ਯੋਰੋਪ ਤੇ ਅਮਰੀਕਾ ਵਰਗੀਆਂ ਪੂੰਜੀਵਾਦੀ ਤਾਕਤਾਂ ਨੂੰ ਏਸ਼ੀਅਨ ਮੁਲਕਾਂ ਵਲੋਂ ਚੁਣੌਤੀ ਕਹੀ ਜਾ ਸਕਦੀ ਹੈ।

ਆਪਣੀ ਹੋਂਦ ਦੀ ਤਲਾਸ਼ ਲਈ ਲਗਾਤਾਰ ਸੰਘਰਸ਼ਸ਼ੀਲ ਪੰਜਾਬੀ/ਏਸ਼ੀਅਨ ਨੂੰ ਬਸਤੀਵਾਦੀ ਵਿਚਾਰਧਾਰਾ ਨਸਲ ਤੇ ਰੰਗ-ਭੇਦ ਦੀ ਰਾਜਨੀਤੀ ਤਹਿਤ ਪੱਛਮੀ/ਪੂਰਬੀ ਦੇ ਨਾਲ-ਨਾਲ ਗੋਰੇ/ਕਾਲੇ ਦੇ ਰੂਪ ਵਿਚ ਪਛਾਣਦੀ ਹੈ। ਇੰਗਲੈਂਡ, ਕੈਨੇਡਾ ਵਿਚ ਨਸਲਵਾਦ ਦਾ ਰੂਪ ਸਭ ਤੋਂ ਘਿਨੌਣਾ ਸੀ। ਬਰਤਾਨੀਆਂ ਵਿਚ ਰੰਗ-ਨਸਲ ਦੇ ਭੇਦ ਕਾਰਨ ਨਸਲਵਾਦ ਦਾ ਇਕ ਵੱਖਰਾ ਭਿਆਨਕ/ਘਿਨੌਣਾ ਰੂਪ ਸਾਹਮਣੇ ਆਉਂਦਾ ਹੈ। ਭਾਰਤੀ ਪੰਜਾਬੀ ਨੂੰ ਰਿਹਾਇਸ਼ ਲੱਭਣ ਵਿਚ ਔਖ, ਕੈਫਿਆਂ, ਪੱਬਾਂ ਵਿਚ ਜਾਣ ਦੀ ਰੋਕ, ਬੱਚਿਆਂ ਦੀ ਸਿੱਖਿਆ ਵਿਚ ਫਰਕ, ਘੱਟ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਉਜ਼ਰਤ ਤੇ ਨੌਕਰੀ, ਭਾਰਤੀਆਂ ਨੂੰ ਕੁਲੀ ਕਹਿ ਕੇ ਬੁਲਾਉਣਾ, ਪੂਰਬੀਆਂ ਨਾਲ ਪੱਛਮੀ ਲੋਕਾਂ ਦਾ ਕੰਮ ਕਰਨ ਤੋਂ ਇਨਕਾਰ ਕਰਨਾ, ਸੜਕ ਗੱਡੀਆਂ ਵਿਚ ਨਸਲੀ ਬੋਲ-ਕਬੋਲ। ਪੱਛਮ/ਯੋਰੋਪ ਵਿਚ ਸਭ ਤੋਂ ਵੱਧ ਨਸਲੀ-ਵਿਤਕਰਾ ਬਰਤਾਨੀਆਂ ਵਿਚ ਤੀਖਣ ਰੂਪ ਵਿਚ ਸੀ। ਭਾਰਤੀ ਪੰਜਾਬੀ ਸਾਹਿਤਕਾਰਾਂ ਦੀ ਜਦੋਂ ਅਜਿਹੀਆਂ ਭੇਦ ਵਾਲੀਆਂ ਹਕੀਕਤਾਂ ਨਾਲ ਸਾਂਝ ਪਈ ਤਾਂ ਇਨ੍ਹਾਂ ਦੀ ਮਨ-ਮਾਨਸਿਕਤਾ ਅਜਿਹੀਆਂ ਦਰਦਨਾਕ ਪ੍ਰਸਥਿਤੀਆਂ ਨੂੰ ਆਪਣੀ ਸਿਰਜਨਾ ਦਾ ਆਧਾਰ ਬਣਾਉਂਦੀ ਹੈ। ਗ਼ਦਰ-ਕਾਵਿ ਤੋਂ ਹੀ ਨਸਲੀ-ਵਿਤਕਰੇ ਵਾਲੀਆਂ ਸਥਿਤੀਆਂ ਦੇ ਅਕਸ ਪਛਾਣੇ ਜਾ ਸਕਦੇ ਹਨ। ਇਹ ਕਾਵਿ-ਰਚਨਾਵਾਂ ਭਾਰਤੀ/ ਪੰਜਾਬੀ ਨੂੰ ਹੋਂਦ ਪ੍ਰਤੀ ਚੇਤੰਨ ਕਰਦੀਆਂ ਉੱਤਰ-ਬਸਤੀਵਾਦੀ ਪ੍ਰਵਚਨ ਸਿਰਜਦੀਆਂ ਹਨ। ਪੱਛਮ/ਪੂਰਬ ਦੀ ਪਛਾਣ ਵਿਸ਼ਵ ਭਰ ਵਿਚ ਗੋਰੇ/ਕਾਲੇ ਵਿਚ ਕੀਤੀ ਜਾਣ ਲਗੀ। ਅਜਿਹੀ ਦੁਵੰਡ ਪੰਜਾਬੀਆਂ ਲਈ ਸਮਾਜਕ/ਆਰਥਕ ਪੱਖੋਂ ਵਸੋਂ ਲਈ ਨਾ ਕੇਵਲ ਜਟਿਲ ਸਥਿਤੀ ਪੈਦਾ ਕਰਦੀ ਹੈ ਸਗੋਂ ਉਨ੍ਹਾਂ ਦੇ ਮਾਨਸਿਕ ਤਨਾਓ ਦਾ ਕਾਰਨ ਵੀ ਬਣਦੀ ਹੈ। ਪਰਵਾਸੀ ਪੰਜਾਬੀ ਸ਼ਾਇਰਾਂ ਨੇ ਅਜਿਹੀ ਸਥਿਤੀਆਂ ਨੂੰ ਤਿੱਖੇ ਵਿਅੰਗ ਰਾਹੀਂ ਚਿਤਰਿਆ ਹੈ।

ਇਉਂ ਇਨ੍ਹਾਂ ਤ੍ਰਾਸਦਿਕ ਸਥਿਤੀਆਂ/ਅਨੁਭਵਾਂ ਨਾਲ ਸੰਵਾਦ ਰਚਦੇ ਪੰਜਾਬੀ ਸ਼ਾਇਰ ਪੂਰਬ ਤੇ ਪੱਛਮ ਵਿਚਕਾਰਲੀ ਦੂਰੀ, ਬਹੁ-ਸਭਿਆਚਾਰਕ ਮੁਲਕਾਂ ਵਿਚ ਬਸਤੀਵਾਦੀਆਂ ਦੀ ਜ਼ੋਰਾਵਰੀ ਅਤੇ ਘੱਟ-ਗਿਣਤੀਆਂ ਨਾਲ ਹੁੰਦੇ ਅਸੱਭਿਅਕ ਵਿਹਾਰ ਨੂੰ ਪ੍ਰਤੱਖ ਤੌਰ 'ਤੇ ਸਿਰਜਦੇ ਹਨ। ਭਾਰਤੀ ਪੰਜਾਬੀਆਂ ਲਈ ਕੇਵਲ ਉਥੋਂ ਦੀਆਂ ਸਥਿਤੀਆਂ ਹੀ ਮਾਨਸਿਕ ਤਣਾਓ ਦਾ ਕਾਰਨ ਨਹੀਂ ਬਣਦੀਆਂ ਸਗੋਂ ਇਹ ਤਣਾਓ ਸਭਿਆਚਾਰਕ/ਵਿੱਥ ਅਤੇ ਪੀੜ੍ਹੀ-ਵਿੱਥ ਕਰਕੇ ਹੋਰ ਵੀ ਜਟਿਲ ਬਣ ਜਾਂਦਾ ਹੈ। ਸਭਿਆਚਾਰਕ ਪੱਖ ਤੋਂ ਪੱਛਮ/ਪੂਰਬ, ਖਪਤਕਾਰੀ ਪਦਾਰਥਕ ਸਭਿਆਚਾਰ/ਬ੍ਰਹਮ ਕੇਂਦ੍ਰਿਤ ਸੋਚ ਵਾਲੇ ਸਭਿਆਚਾਰ ਦਾ ਵਕਫ਼ਾ ਇਨ੍ਹਾਂ ਦੀ ਮਾਨਸਿਕਤਾ ਨੂੰ ਇਨ੍ਹਾਂ ਦੇ ਜੜ-ਸਭਿਆਚਾਰ ਨਾਲ ਜੋੜੀ ਰੱਖਦਾ ਹੈ। ਪਰ ਪੂੰਜੀਵਾਦੀ ਮੁਲਕਾਂ ਵਿਚ ਆਪਣੇ ਆਪ ਨੂੰ ਟਿਕਾਉਣ ਲਈ ਇਨ੍ਹਾਂ ਨੂੰ ਉਥੋਂ ਨਾਲ ਸੰਵਾਦ ਰਚਣਾ ਵੀ ਜ਼ਰੂਰੀ ਸੀ। ਗਲੋਬਲ ਪੱਧਰ 'ਤੇ ਅਨੇਕ ਸਭਿਆਚਾਰਾਂ ਦਾ ਆਪਸੀ ਸੰਵਾਦ ਟਕਰਾਅ/ਵਿਲੱਖਣਤਾਵਾਂ/ਗੁਣਾਂ ਸਮੇਤ ਪ੍ਰਕਾਰਜ ਕਰਦਾ ਹੈ। ਅਜਿਹੇ ਵੇਲੇ ਭਾਵੇਂ ਇਹ ਸਭਿਆਚਾਰ ਕੇਂਦ੍ਰਿਤ (Culture centred) ਰਹਿੰਦੇ ਹਨ। ਪਰ ਅਨੁਕੂਲਣ (Adaptation) ਅਤੇ ਵਿਲੀਨੀਕਰਨ (Assimilation) ਦੀਆਂ ਸਥਿਤੀਆਂ ਇਨ੍ਹਾਂ ਨੂੰ ਉਥੇ ਰਚਣ-ਬਸਣ ਵਿਚ ਮਦਦਗਾਰ ਬਣਦੀਆਂ ਹਨ। ਭਾਰਤੀ ਪੰਜਾਬੀਆਂ ਦੀ ਨਵੀਂ ਪੀੜ੍ਹੀ ਲਈ ਪੰਜਾਬੀ ਸਭਿਆਚਾਰ ਦੀ ਸਹਿਕ ਉਨੀ ਨਹੀਂ ਜਿੰਨੀ ਕਿ ਪੂਰਬਲੀਆਂ ਪੀੜ੍ਹੀਆਂ ਦੀ ਸੀ। ਉਥੇ ਜੰਮੀ-ਪਲੀ ਪੀੜ੍ਹੀ ਉਥੋਂ ਦੇ ਸਭਿਆਚਾਰ ਨੂੰ ਹੀ ਆਪਣਾ ਮੂਲ ਸਭਿਆਚਾਰ ਮੰਨਦੀ ਹੈ।



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਪਰਵਾਸੀ ਪੰਜਾਬੀ ਸ਼ਾਇਰੀ ਵਿਚ ਕੁਛ ਸੱਜਰੇ ਕਾਵਿ-ਸੰਗ੍ਰਹਿ ਅੱਜ ਵੀ ਭਾਵੁਕਤਾ ਨਾਲ ਓਤਪ੍ਰੋਤ, ਜੜ੍ਹਾਂ ਵਲ ਝਾਕਦੇ, ਧਾਰਮਕ ਅਤੇ ਇਤਿਹਾਸਕ ਵੇਰਵਿਆਂ ਨੂੰ ਇਕ ਧਰਤੀ, ਸਰਲ ਕਵੀਸ਼ਰੀ ਵਿਚ ਕਲਮਬੱਧ ਕਰਦੇ ਹਨ। ਪਰ ਇਸ ਦੇ ਨਾਲ ਹੀ ਕੁਛ ਅਜਿਹੀਆਂ ਰਚਨਾਵਾਂ ਵੀ ਪ੍ਰਾਪਤ ਹੁੰਦੀਆਂ ਹਨ ਜੋ ਅਜੋਕੀਆਂ ਵਿਸ਼ਵ ਵੰਗਾਰਾਂ ਨੂੰ ਕਲਮਬੱਧ ਕਰਦੀਆਂ ਹਨ। ਜਿਥੇ ਅੱਜ ਦੁਨੀਆਂ ਵਿਸ਼ਵ ਪਿੰਡ (Global village) ਵਜੋਂ ਸਵੀਕਾਰੀ ਜਾ ਰਹੀ ਹੈ ਉਥੇ ਸਾਹਿਤਕਾਰਾਂ ਦੀ ਮਾਨਸਿਕਤਾ ਵੀ ਵਿਸ਼ਵ ਪਿੰਡ ਪੱਧਰ 'ਤੇ ਵਾਪਰਨ ਵਾਲੀਆਂ ਘਟਨਾਵਾਂ/ਸਥਿਤੀਆਂ/ਵੰਗਾਰਾਂ ਵਲ ਨੂੰ ਰੁਝਾਨ ਕਰਦੀ ਬ੍ਰਹਿਮੰਡੀ ਸਰੋਕਾਰਾਂ ਨਾਲ ਜੁੜਦੀ ਹੈ। ਵਿਸ਼ਵ ਪੱਧਰ ਤੇ ਆਤੰਕਵਾਦ ਅੱਜ ਇਕ ਵੱਡਾ ਮਸਲਾ ਬਣਦਾ ਜਾ ਰਿਹਾ ਹੈ। ਇਸ ਨਾਲ ਨਿਪਟਣ ਲਈ ਅੰਤਰਰਾਸ਼ਟਰੀ ਪੱਧਰ ਦੀਆਂ ਜੱਥੇ ਬੰਦੀਆਂ/ਸੰਗਠਨ ਸਾਮ੍ਹਣੇ ਆ ਰਹੇ ਹਨ। ਪਰਵਾਸੀ ਪੰਜਾਬੀ ਸ਼ਾਇਰੀ ਨਾਲ ਸੰਵਾਦ ਰਚਾਂਦੇ ਹਾਂ ਤਾਂ ਵਿਸ਼ਵ ਪੱਧਰ 'ਤੇ ਪਨਪ ਰਹੇ ਆਤੰਕੀ ਮਾਹੌਲ ਨੂੰ ਸਿਰਜਦੀਆਂ ਨਜ਼ਮਾਂ ਵੀ ਮਿਲਦੀਆਂ ਹਨ। ਲੋਕਾਂ ਅੰਦਰੋਂ ਮਨੁੱਖਤਾ ਦੀ ਭਾਵਨਾ ਦਿਨ-ਬ-ਦਿਨ ਘੱਟਦੀ ਜਾ ਰਹੀ ਹੈ ਇਹੀ ਕਾਰਨ ਹੈ ਉਹ ਆਤਮਘਾਤੀ ਮਨੁੱਖੀ ਬੰਬ ਬਣਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਵਿਸ਼ਵ ਪੱਧਰ 'ਤੇ ਆਤੰਕ ਦਾ ਇਹ ਮਾਹੌਲ ਜਟਿਲ ਸਥਿਤੀਆਂ ਨੂੰ ਸਿਰਜ ਰਿਹਾ ਹੈ। ਮੌਜੂਦਾ ਸੱਤਾ/ਰਾਜਨੀਤੀ/ਨੌਕਰਸ਼ਾਹੀ ਉਪਰ ਵੀ ਪਰਵਾਸੀ ਪੰਜਾਬੀ ਕਵਿਤਾ ਤਿੱਖੇ ਵਿਅੰਗ ਸਿਰਜਦੀ ਹੈ। ਇਸ ਦੇ ਨਾਲ-ਨਾਲ ਵਿਸ਼ਵ ਪੱਧਰ 'ਤੇ ਜਿੱਥੇ ਵਿਗਿਆਨੀ ਗਲੋਬਲ ਵਾਰਮਿੰਗ ਵਰਗੇ ਅਹਿਮ ਮੁੱਦੇ ਨਾਲ ਨਜਿੱਠ ਰਹੇ ਹਨ ਤਾਂ ਪਰਵਾਸੀ ਪੰਜਾਬੀ ਕਵਿਤਾ ਵੀ ਅਜਿਹੇ ਗੰਭੀਰ ਮਸਲਿਆਂ ਨਾਲ ਜੂਝ ਰਹੀ ਹੈ। ਅੱਜ ਅਸੀਂ ਮਨੁੱਖਾਂ ਨਾਲ ਹੁੰਦੇ ਅਮਾਨਵੀ ਵਿਹਾਰ ਦੇ ਨਾਲ-ਨਾਲ ਕੁਦਰਤ ਨਾਲ ਵੀ ਜ਼ੋਰ-ਜ਼ਬਰ ਵਾਲਾ ਰੁਖ਼ ਅਖ਼ਤਿਆਰ ਕਰ ਲਿਆ ਹੈ। ਫਲਸਰੂਪ ਆਉਣ ਵਾਲੇ ਸਮੇਂ ਵਿਚ ਇਸ ਦੋਹਰੀ ਮਾਰ ਨੂੰ ਝਲਦੀਆਂ ਨਸਲਾਂ ਦਾ ਭਵਿੱਖ ਕੀ ਹੋਵੇਗਾ ? ਇਸ ਪ੍ਰਤੀ ਇਥੋਂ ਦੀ ਸ਼ਾਇਰੀ ਇਉਂ ਸੰਕੇਤ ਕਰਦੀ ਹੈ :

**ਧਰਤੀ ਦੀ ਕੰਜਕਤਾ ਦਾ**
**ਅਸਾਂ ਚੀਰ-ਹਰਣ ਕੀਤਾ ਹੈ**
**ਸਾਡੀ ਉਦਯੋਗਿਕ ਕ੍ਰਾਂਤੀ ਨੇ**
**ਕੁਦਰਤ ਦਾ ਸਗਲਾ ਸਾਹ-ਸਤ ਪੀਤਾ ਹੈ**
**ਵਾਯੂ-ਮੰਡਲ 'ਚ ਚਾਰੇ ਪਾਸੇ**
**ਮਾਰੂ ਜ਼ਹਿਰ ਘੁਲ ਗਇਆ ਹੈ**
**ਹਵਾ ਤੇ ਪਾਣੀ 'ਚ**


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

**ਸਾਡੀ ਸੋਚ ਤੇ ਅਮਲ ਦਾ**
**ਕੁਕਰਮ ਘੁਲ ਗਇਆ ਹੈ।**

(ਮਨਜੀਤ ਮੀਤ)

**ਤਿੱਬਤ ਉਤੇ**
**ਹੋਇਆ ਕਬਜ਼ਾ**
**ਇਰਾਕ ਉਤੇ**
**ਹੋਇਆ ਹਮਲਾ**
**ਅਫ਼ਗਾਨੀ ਔਰਤਾਂ ਦੀ**
**ਦੁਰਗਤੀ**
**ਗੋਲੀਆਂ ਨਾਲ ਮਰਦੇ**
**ਚੀਨੀ ਵਿਦਿਆਰਥੀ**
**ਮੂਰਖਾਂ ਦੇ ਹੱਥਾਂ ਵਿਚ ਫੜਿਆ**
**ਐਟਮ ਬੰਬ।**

(ਸੁਖਪਾਲ)

ਇਉਂ ਮਿਥਿਕ/ਇਤਿਹਾਸਕ ਦੁਨੀਆਂ, ਭਾਵੁਕਤਾ, ਪਰਵਾਸੀ ਚੇਤਨਾ, ਆਤੰਕਵਾਦ, ਗਲੋਬਲ ਵਾਰਮਿੰਗ, ਅਮਨੁੱਖੀ ਵਤੀਰਾ ਆਦਿ ਤੀਕ ਦੀਆਂ ਨਵੀਨ ਸਥਿਤੀਆਂ/ਸਰੋਕਾਰਾਂ ਨਾਲ ਜੁੜਦੀ, ਕੇਂਦਰ ਤੋਂ ਵਿਕੇਂਦਰ ਵਲ ਵੱਧਦੀ ਇਹ ਸ਼ਾਇਰੀ ਬਹੁ-ਪਰਤੀ/ਬਹੁ-ਪਾਸਾਰੀ ਕਹੀ ਜਾ ਸਕਦੀ ਹੈ। ਇਉਂ ਪਰਵਾਸੀ ਪੰਜਾਬੀ ਆਪਣੇ ਘਰਾਂ ਦੀ ਤਲਾਸ਼ ਕਰਦੇ ਪਰਵਾਸੀ/ਬਨਵਾਸ/ਸਿਕਲੀਗਰ/ਆਵਾਸੀ/ਜਲਾਵਤਨ/ਵਿਸਥਾਪਨ ਨੂੰ ਨਵੇਂ ਅਰਥਾਂ ਤੀਕ ਪਰਿਭਾਸ਼ਤ ਕਰਦੇ ਹਨ। ਬੀਤੇ ਨੂੰ ਆਤਮਸਾਤ ਕਰ ਆਪਣੀ ਹੋਂਦ ਦੀ ਸ਼ਨਾਖ਼ਤ ਲਈ ਨਵੀਆਂ ਸੰਭਾਵਨਾਵਾਂ ਤਲਾਸ਼ਦੇ ਹਨ। ਆਪਣੀ ਸ੍ਵੈ-ਚੋਣ ਅਧੀਨ ਆਪਣੇ ਲਈ ਸੰਘਰਸ਼ ਕਰਦੇ, ਆਪਣੀ ਸੋਚ ਨੂੰ ਮੁੜ ਪਰਤਣ ਤਕ ਘਟਾਉਂਦੇ ਨਹੀਂ ਸਗੋਂ ਗਤੀਸ਼ੀਲਤਾ ਇਨ੍ਹਾਂ ਦੀ ਮਾਨਸਿਕਤਾ ਵਿਚ ਲਗਾਤਾਰ ਪ੍ਰਕਾਰਜਸ਼ੀਲ ਰਹਿੰਦੀ ਹੈ। ਗੁਲਾਮ ਜੀਵਨ ਤੋਂ ਆਗਾਜ਼ ਕਰਦੇ ਉਥੋਂ ਦੇ ਸਿਸਟਮ/ਹਕੂਮਤ ਨਾਲ ਲਗਾਤਾਰ ਸੰਵਾਦ ਰਚਦੇ ਅੱਜ ਇਹ ਉਥੋਂ ਦੇ ਸਿਆਸੀ ਚੌਗਿਰਦੇ ਵਿਚ ਪ੍ਰਵੇਸ਼ ਕਰ ਗਏ ਹਨ। ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਇਨ੍ਹਾਂ ਦੇ ਸੰਵਾਦਾਂ ਤੋਂ ਹੀ ਮਿਲਦਾ ਹੈ। ਪਰ ਵਿਸ਼ਵੀਕਰਣ ਵਾਲੇ ਇਸ ਦੌਰ ਵਿਚ ਭਾਵੇਂ ਬਹੁ-ਸਭਿਆਚਾਰਾਂ ਦੀ ਸਮਾਨਤਾ ਦਿਸਦੀ ਹੈ, ਪਰ ਸਥਾਨਕ ਸਭਿਆਚਾਰ ਦੀ ਸਰਦਾਰੀ (Hegemony) /ਹਾਵੀ (Dominat) / ਏਕਾਧਿਕਾਰ (Monopoly)। ਇਨ੍ਹਾਂ ਉਪਰ ਆਪਣਾ ਦਬਾਅ ਬਣਾਈ ਰੱਖਦੀ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਹੈ। ਘੱਟ-ਗਿਣਤੀ ਦੀ ਸਭਿਆਚਾਰਕ ਪਛਾਣ ਇਨ੍ਹਾਂ ਲਈ ਇਕ ਪਛਾਣ-ਚਿੰਨ੍ਹ (Tokenism) ਹੀ ਹੈ ਤਾਂ ਜੋ ਇਨ੍ਹਾਂ ਦੇ ਉੱਤਰ-ਬਸਤੀਵਾਦੀ ਪ੍ਰਵਚਨਾਂ ਨੂੰ ਰੋਕਿਆ ਜਾ ਸਕੇ। ਪਰ ਇਹ ਪਛਾਣ ਅੱਜ ਉਥੋਂ ਦੇ ਸਥਾਨਕ ਸਭਿਆਚਾਰਾਂ ਲਈ ਵੰਗਾਰ ਵੀ ਕਹੀ ਜਾ ਸਕਦੀ ਹੈ ਕਿਉਂ ਜੋ ਪੰਜਾਬੀ ਅੱਜ ਜਿਵੇਂ ਉਥੋਂ ਦੀਆਂ ਸਿਆਸੀ, ਆਰਥਕ ਸੰਸਥਾਵਾਂ ਵਿਚ ਅਹਿਮ ਥਾਂ ਹਾਸਿਲ ਕਰ ਰਹੇ ਹਨ। ਅਜਿਹਾ ਵਾਪਰਨ ਨਾਲ ਸਥਾਨਕ ਸਭਿਆਚਾਰਾਂ ਲਈ ਇਨ੍ਹਾਂ ਦੇ ਮੁਖਧਾਰਾ ਵਿਚ ਸ਼ਾਮਿਲ ਹੋਣ ਦਾ ਖਤਰਾ ਵੀ ਬਣਦਾ ਨਜ਼ਰੀ ਪੈਂਦਾ ਹੈ।

ਇਵੇਂ ਗ਼ਦਰ ਕਾਵਿ ਤੋਂ ਆਗਾਜ਼ ਕਰਦਾ ਕੈਨੇਡਾ ਦਾ ਪੰਜਾਬੀ-ਕਾਵਿ ਫਿਰ ਉਥੋਂ ਦੀਆਂ ਸਮੱਸਿਆਮੂਲਕ ਜੀਵਨ ਸਥਿਤੀਆਂ ਨੂੰ ਸਿਰਜਦਾ ਅਤੇ ਫਿਰ ਉਸ ਤੋਂ ਪਾਰ ਜਾ ਵਿਸ਼ਵੀ ਸਰੋਕਾਰਾਂ ਤੀਕ ਆਪਣਾ ਕਲਮੀ ਸਫ਼ਰ ਤੈਅ ਕਰਦਾ ਹੈ। ਵਿਸ਼ਵ ਵਿਚ ਵੱਧ ਰਿਹਾ ਅਮਾਨਵੀ ਵਿਹਾਰ ਪੰਜਾਬੀ ਸ਼ਾਇਰਾਂ ਦੀ ਮਾਨਸਿਕਤਾ ਨੂੰ ਪੰਜਾਬੀਅਤ ਤੋਂ ਵਿਸ਼ਵ ਦੀ ਵਿਸ਼ਾਲ ਕੈਨਵਸ ਨਾਲ ਜੋੜ ਦਿੰਦਾ ਹੈ।

ਅੰਤ 'ਤੇ ਅਜੋਕੀ ਵਿਸ਼ਵ ਆਰਥਕ-ਸੰਕਟ ਵਾਲੀ ਸਥਿਤੀਆਂ ਕਾਰਨ ਹੋ ਰਹੀਆਂ ਖੁਦਕੁਸ਼ੀਆਂ, ਦੂਜੇ ਦਰਜੇ ਦੇ ਸ਼ਹਿਰੀ ਹੋਣ ਕਾਰਨ, ਵਾਪਸ ਪਰਤਣ ਨਾ-ਪਰਤਣ ਦਾ ਦੁੰਦ, ਵਰਤਮਾਨ ਵਿਚ ਅਮਰੀਕਾ ਵਿਚ ਰਹਿੰਦੇ ਭਾਰਤੀ ਮੂਲ ਦੇ ਵਿਦਿਆਰਥੀਆਂ ਨੂੰ ਨਜ਼ਰਸਾਜ਼ੀ ਤਹਿਤ ਰੇਡੀਓ ਸਟੈਗ ਨਾਲ ਨੱਥੀ ਕਰਨਾ, ਜਿੱਥੇ ਨਸਲੀ ਵਿਤਕਰੇ ਦੀ ਵਰਤਮਾਨ ਸਥਿਤੀ ਕਹੀ ਜਾ ਸਕਦੀ ਹੈ ਉਥੇ ਭਾਰਤੀ/ਏਸ਼ੀਅਨ ਦੀ ਪਛਾਣ ਦਾ ਮਸਲਾ ਵੀ ਉਭਰਦਾ ਹੈ। ਇਸ ਨਾਲ ਇਥੋਂ ਦੀ ਸ਼ਾਇਰੀ ਕਿਵੇਂ ਸੰਵਾਦ ਸਿਰਜਦੀ ਹੈ ਇਹ ਵੀ ਇਕ ਅਹਿਮ ਮੁੱਦਾ ਹੈ।



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com


# ਮੂਲ ਪਾਠ

ਮਨਜੀਤ ਮੀਤ
ਦੇ ਨਾਂ




ਲਿਖਣ ਸਾਲ : 1983-86
ਛਪਣ ਸਾਲ : 1986


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit- Apne Khilaf/02- Proof/Apne Khilaf-A2
Academy of the Punjab in North America: http://www.apnaorg.com



## ਕੈਦ

ਪੰਛੀ ਦੀ ਉਡਾਣ ਹੀ,
ਉਸ ਦੀ ਕੈਦ ਹੈ !!!

ਬਾਕੀ ਤਾਂ ਖੁੱਲ੍ਹਾ ਅੰਬਰ ਹੈ—
ਤੇ ਧੂੜ ਹੁੰਦੀਆਂ ਹੱਡੀਆਂ !!!



Ilad on 27 12 2016, Iston 12 12 16
D:\Natonal\Jaspal Kaur\Dr Ravinder Ravi Rachit-Apne Khilaf\2-Front\Apne Khilaf-A2

Academy of the Punjab in North America: http://www.apnaorg.com

## ਮਾਂ ਦਾ ਇਕ ਸਿਰਨਾਵਾਂ

ਅੱਕ ਕੱਕੜੀ ਦੇ ਫੰਬੇ ਖਿੰਡੇ,
ਬਿਖਰੇ ਵਿਚ ਹਵਾਵਾਂ।
ਸ੍ਵੈ-ਪਹਿਚਾਣ 'ਚ ਉੱਡੇ, ਭਟਕੇ—
ਦੇਸ਼, ਦੀਪ, ਦਿਸ਼ਾਵਾਂ !

ਬਾਹਰੋਂ ਅੰਦਰ, ਅੰਦਰੋਂ ਬਾਹਰ—
ਭਟਕੇ ਚਾਨਣ, ਚਾਨਣ ਦਾ ਪਰਛਾਵਾਂ !
ਮਾਂ-ਬੋਲੀ 'ਚੋਂ ਮਮਤਾ ਢੂੰਡਣ,
ਤੜਪ ਰਹੇ ਬਿਨ ਮਾਵਾਂ !
ਮੰਗਦੀ ਹੈ ਪਹਿਚਾਣ ਇਨ੍ਹਾਂ ਦੀ,
ਅੱਜ ਜੜ੍ਹ ਦਾ ਸਿਰਨਾਵਾਂ !!!

ਜੜ੍ਹਾਂ ਵਾਲਿਓ ! ਜੜ੍ਹ ਦੇ ਸੁਫ਼ਨੇ,
ਲੱਥੇ ਵਿਚ ਖ਼ਲਾਵਾਂ !
ਮਾਂ-ਭੋਂ ਬਾਝੋਂ ਕਿੱਥੇ ਪੱਲ੍ਹਰਣ,
ਸਭ ਬੇਗਾਨੀਆਂ ਥਾਵਾਂ !
ਮੋਹ-ਮਾਇਆ ਦੇ ਕਈ ਸਿਰਨਾਵੇਂ,
ਮਾਂ ਦਾ ਇਕ ਸਿਰਨਾਵਾਂ !

'ਅਘਰਵਾਸ' ਰਵਿੰਦਰ ਰਵੀ ਦਾ ਪ੍ਰਮੁਖ ਪਛਾਣ-ਚਿੰਨ੍ਹ ਹੈ। ਸਰੀਰਕ ਤੌਰ ਤੇ ਹੀ ਨਹੀਂ, ਮਾਨਸਿਕ ਤੌਰ ਤੇ ਵੀ ਉਹ ਅਘਰਵਾਸੀ ਹੈ। ਉਹ ਸੋਚਦਾ ਵੀ ਅਘਰਵਾਸੀ ਵਾਂਗ ਹੈ। ਆਪਣੇ ਘਰ ਦੀ ਭਾਸ਼ਾ ਵਿਚ ਲਿਖਦਾ ਹੋਇਆ ਵੀ ਉਹ ਸ਼ੈਲੀ ਵਜੋਂ ਓਪਰਾ ਜਾਪਦਾ ਹੈ। ਆਪਣੇ ਘਰ ਦੇ ਸਾਹਿਤ-ਪ੍ਰਵਾਹ ਤੋਂ ਉਹ ਅਸਲੋਂ ਅੱਡਰਾ ਪਛਾਣਿਆ ਜਾਂਦਾ ਹੈ। ਅੱਡਰਾਪਨ ਉਹਦੇ ਮੁਹਾਂਦਰੇ ਦਾ ਪ੍ਰਮੁਖ ਵੇਰਵਾ ਹੈ।



llod on 27 12 2016, lst on 12 12 16
D:\Mahonsl\Jaspal Kaur Dr\Ravinder Ravi Rachit- Agne Khila\f2-Proof\Agne Khila f-A2

Academy of the Punjab in North America: http://www.apnaorg.com

ਜੋ ਕਵਿਤਾ ਮੈਂ ਸਮਦਰਸ਼ੀ ਵਿਚ ਛਪਣ ਲਈ ਚੁਣੀ ਹੈ, ਉਹ ਕਵੀ ਰਵੀ ਦੀ ਪ੍ਰਮੁਖ ਥੀਮ ਅਘਰਵਾਸ ਨਾਲ ਹੀ ਸੰਬੰਧਤ ਹੈ, ਪਰ ਰੂਪ ਵਜੋਂ 'ਪ੍ਰਗੀਤ' ਹੋਣ ਕਰਕੇ ਪੰਜਾਬੀ ਸਾਹਿਤ-ਪ੍ਰਵਾਹ ਨਾਲ ਇਕਮਿਕ ਹੋਣ ਦਾ ਭਰਮ ਸਿਰਜਦੀ ਹੈ। ਭਰਮਜਲਾਂ ਵਿਚ ਭਟਕਣ ਵਾਲਾ ਰਵੀ ਖ਼ਾਸ ਆਪਣੇ ਘਰ ਦਾ ਪਾਣੀ ਪੀਂਦਾ ਪ੍ਰਤੀਤ ਹੁੰਦਾ ਹੈ।

ਕੁਝ ਲੋਕ ਘਰ ਵਿਚ ਰਹਿੰਦੇ ਹੋਏ ਵੀ ਘਰ ਤੋਂ ਟੁੱਟਣ ਲਈ ਉਤਾਵਲੇ ਰਹਿੰਦੇ ਹਨ। ਰਵੀ ਘਰ ਤੋਂ ਟੁੱਟ ਕੇ ਘਰ ਨਾਲ ਜੁੜਨ ਲਈ ਉਤਾਵਲਾ ਜਾਪਦਾ ਹੈ। ਪੂਰਨ ਸਿੰਘ, ਦੀਵਾਨ ਸਿੰਘ ਕਾਲੇਪਾਣੀ ਵਰਗਾ ਹਾਲ ਹੈ ਰਵੀ ਦਾ। ਸਰੀਰਕ ਤੌਰ ਤੇ ਘਰੋਂ ਦੂਰ, ਭਾਵੁਕ ਤੌਰ ਤੇ ਮਾਂ-ਦੇਸ ਪ੍ਰਤੀ ਮਮਤਾ ਨਾਲ ਭਰਪੂਰ। ਇਕਬਾਲ ਦੇ ਕਥਨ "ਗ਼ੁਰਬਤ ਮੇਂ ਹੋਂ ਅਗਰ ਹਮ ਰਹਿਤਾ ਹੈ ਦਿਲ ਵਤਨ ਮੇਂ" ਦਾ ਪ੍ਰਮਾਣਿਕ ਨਮੂਨਾ। ਪੰਜਾਬ ਦੇ ਪ੍ਰਮੁਖ ਨਾਇਕ ਰਾਂਝਾ, ਮਹੀਂਵਾਲ, ਪੁੰਨੂੰ, ਮਿਰਜ਼ਾ ਪਰਦੇਸ ਝਾਗਦੇ ਆਪਣੇ ਦੇਸ ਦੇ ਪ੍ਰਮਾਣਿਕ ਉਦਾਹਰਣ ਬਣੇ, ਕੈਨੇਡਾ ਵਿਚ ਵੱਸੇ ਰਵਿੰਦਰ ਦਾ ਪੰਜਾਬ-ਮੋਹ ਇਸ ਸੱਚ ਨੂੰ ਪੁਨਰਜੀਵਿਤ ਕਰਦਾ ਜਾਪਦਾ ਹੈ। ਅਚੇਤ ਅਤੇ ਸੂਖਮ ਤੌਰ ਤੇ "ਉਡੇ ਉਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ" ਦੀ ਪ੍ਰਤੀਧੁਨੀ, ਵਿਸਥਾਪਿਤ ਰੂਪ ਵਿਚ। ਇਸ ਪ੍ਰਗੀਤ ਦੀਆਂ ਕਿਰਿਆਵਾਂ ਇਸ ਕਵਿਤਾ ਦੀ ਬੇਚੈਨ ਮਾਨਸਿਕਤਾ ਦੀਆਂ ਗਵਾਹ ਹਨ : ਖਿੰਡੇ, ਬਿਖਰੇ, ਉੱਡੇ, ਭਟਕੇ, ਤੜਪ ਰਹੇ, ਲੱਥੇ, ਸਭ ਅਸ਼ਾਂਤ ਮਨ ਦੀਆਂ ਕ੍ਰਿਆਵਾਂ ਹਨ।

'ਜੜ੍ਹਾਂ ਵਾਲਿਓ' ਵਿਚ ਉਹਦੇ ਸੰਚਾਰ ਦਾ ਬੇਚੈਨ ਮੁਹਾਂਦਰਾ ਉਜਾਗਰ ਹੈ। ਜਿੱਥੇ ਵਕਤਾ ਹੈ, ਓਥੇ ਉਹਦਾ ਸਰੋਤਾ ਨਹੀਂ। ਹਜ਼ਾਰਾਂ ਮੀਲਾਂ ਦੀ ਵਿਥ ਤੇ ਇਕ ਆਵਾਜ਼ ਸਾਡੇ ਵੱਲ ਤੁਰਦੀ ਹੈ, ਜੋ ਸਾਡੇ ਤੱਕ ਪਹੁੰਚਦਿਆਂ ਵਧੇਰੇ ਮਹੀਨ ਅਤੇ ਇਸੇ ਲਈ ਵਧੇਰੇ ਤਿੱਖੀ ਹੋ ਜਾਂਦੀ ਹੈ।

ਇਹ ਨਿਰੋਲ ਮਾਂ-ਸੱਭਿਆਚਾਰ ਦੀ ਕਵਿਤਾ ਨਹੀਂ, ਮਾਂ ਤੋਂ ਟੁੱਟੇ ਹੋਏ ਅਘਰਵਾਸੀ ਦੇ ਆਪੇ ਵਿਚ ਸਮਾਏ ਮਾਂ-ਸੱਭਿਆਚਾਰ ਦਾ ਅਹਿਸਾਸ ਹੈ। ਇਹ ਨਾ ਯਾਦ ਹੈ ਨਾ ਹੇਰਵਾ, ਇਹ ਸੋਚ ਵੀ ਹੈ ਤੇ ਅਹਿਸਾਸ ਵੀ। ਇਸ ਵਿਚ ਰਵੀ ਆਪ ਹਾਜ਼ਰ ਹੈ। ਰਵੀ ਦੇ ਪ੍ਰਸੰਗ ਬਿਨਾ ਇਸ ਦੇ ਅਰਥ ਤਾਂ ਸਮਝੇ ਜਾ ਸਕਦੇ ਹਨ, ਇਸ ਦੀ ਸਾਰਥਕਤਾ ਭੋਗੀ, ਜੀਵੀ ਨਹੀਂ ਜਾ ਸਕਦੀ।

**–ਡਾ. ਹਰਿਭਜਨ ਸਿੰਘ**

"ਸਮਦਰਸ਼ੀ" ਅਕਤੂਬਰ-ਦਸੰਬਰ, 1986



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

## ਖ਼ਲਾਅ ਅੰਦਰ ਖ਼ਲਾਅ

ਦਿਨ ਚੜ੍ਹਦਾ ਹੈ, ਫਿਰ
ਉਸ ਖ਼ਲਾਅ ਜਿਹੇ ਨਾਲ,
ਮੱਥਾ ਲੱਗ ਜਾਂਦਾ ਹੈ।

ਏਧਰ, ਓਧਰ, ਹੇਠਾਂ ਉੱਤੇ ...
ਖਿੱਚ-ਰਹਿਤ ਅਵਸਥਾ ਵਿਚ
ਡਿੱਕੋ-ਡੋਲੇ,
          ਹਿਚ-ਕਚੋਲੇ ਜਿਹੇ ਹਨ,
ਤੇ ਜ਼ਿਹਨ ਉੱਤੇ ਅਬੋਝ ਪਰਬਤ !!!

ਬ੍ਰਹਿਮੰਡ ਦੀਆਂ ਅਨੇਕ ਖਿੱਚਾਂ ਹਨ,
ਪਿੰਡ ਦਾ ਅਸੀਮ ਪਾਸਾਰ ਹੈ—
ਨਖਯੱਤਰਾਂ ਦੀ ਝਿਲਮਿਲ ਵਿਚ,
ਇਹ ਕਿਹਾ ਪੜਾਅ ਹੈ !!!

ਉਮਰ ਦੇ ਪੰਥ 'ਤੇ,
ਇਸ ਤਰਫ਼ ਵੀ ਖ਼ਲਾਅ ਹੈ,
ਉਸ ਤਰਫ਼ ਵੀ ਖ਼ਲਾਅ ਹੈ !!!
ਕਦੇ ਕਦੇ ਇੰਜ ਜਾਪਦਾ ਹੈ, ਜਿਵੇਂ
ਇਹ ਦੁਨੀਆਂ ਇਕ ਬਹੁਤ ਵੱਡਾ ਰੇਲਵੇ ਸਟੇਸ਼ਨ ਹੋਵੇ—
ਤੇ ਹਰ ਵਿਅਕਤੀ ਆਪੋ ਆਪਣਾ ਖ਼ਲਾਅ ਸਮੇਟੀ,
ਲਾਈਨਾਂ ਦੇ ਅਨੰਤ ਮਕੜ-ਜਾਲ ਦੇ ਹਵਾਲੇ,
ਸ੍ਵੈਕਾਰ ਵਾਹਣ ਵਾਂਗ—
ਵੱਸੋਂ ਬਾਹਰ ਹੋਏ ਕੰਟਰੋਲ ਹੇਠ
ਲਗਾਤਾਰ ਸ਼ੰਟ ਹੋ ਰਿਹਾ ਹੋਵੇ :
ਇਸ ਤਰਫ਼, ਉਸ ਤਰਫ਼, ਹਰ ਤਰਫ਼, ਖ਼ਲਾਅ ਵਿਚ ...

ਕੋਈ ਲਿੰਕ ਨਹੀਂ ਜੁੜਦਾ,
ਕੋਈ ਦਿਸ਼ਾ ਨਹੀਂ ਮਿਲਦੀ,
ਕੋਈ ਪੜਾਅ ਨਹੀਂ ਆਉਂਦਾ—
ਤੇ ਨਹੀਂ ਮਿਲਦੀ ਮੰਜ਼ਲ !!!



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਦਿਨ ਚੜ੍ਹਦਾ ਹੈ, ਫਿਰ
ਉਸ ਖ਼ਲਾਅ ਜਿਹੇ ਨਾਲ,
ਮੱਥਾ ਲੱਗ ਜਾਂਦਾ ਹੈ !!!

## ਆਪਣਾ ਦੇਸ਼

ਆਪਣਾ ਦੇਸ਼
ਕਿਆ ਹੈ ਪਿਆਰੇ ?
ਆਪਣਾ ਦੇਸ਼ ਤਾਂ ਕੇਵਲ ਮੈਂ ਹਾਂ !!!

ਬਹੁਤ ਘੁੰਮੇ-ਫਿਰੇ ਹਾਂ—
ਤੁਰਦਾ-ਫਿਰਦਾ,
ਅੰਨ੍ਹਾਂ ਖੂਹ ਲੈ—
ਪੁੱਠੀਆਂ ਟਿੰਡਾਂ ਵਾਂਗ ਗਿੜੇ ਹਾਂ।

ਆਪਣਾ ਅੰਬਰ,
ਆਪਣੀ ਧਰਤੀ—
ਆਪਣੀ ਹੀ ਵੀਰਾਨ ਆਬਾਦੀ !
ਵਾਂਗ ਵਰੋਲੇ,
ਫ਼ਰਸ਼ੋਂ ਛੱਤ ਤਕ—
ਅੰਨ੍ਹੀਂ 'ਨ੍ਹੇਰੀ ਵਾਂਗ ਚੜ੍ਹੇ ਹਾਂ।

ਆਪੇ ਘੁੰਮੇ
ਆਪੇ ਡਿੱਗੇ
ਤੀਲ੍ਹਾ ਤੀਲ੍ਹਾ
ਖੁੱਥਾ
ਆਪਣਾ ਆਪ !
ਆਪਣੇ ਵਿਚ ਬੇਗਾਨੇਪਨ ਦਾ,
ਭੋਗੇ ਹਰ ਮਾਨੁੱਖ ਸੰਤਾਪ।

ਸਿਕਲੀਗਰਾਂ ਦੀ ਬਸਤੀ ਵਾਂਙੂੰ,
ਜਿੱਥੇ ਜਿੱਥੇ ਹੋਏ ਆਬਾਦ—


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਉੱਥੇ ਆਪਣੀ ਬਰਬਾਦੀ ਦਾ,
ਆਪਣੇ ਹੱਥੀਂ ਲਿਖਿਆ ਬਾਬ !
ਆਪੇ, ਆਪਣੇ ਚੋਟ ਲਗਾਈ,
ਆਪੇ, ਆਪਣੇ ਹੰਝੂ ਕੇਰੇ—
ਆਪੇ, ਪੂੰਝੇ ਅੱਥਰੂ, ਡੁਸਕੇ,
ਆਪੇ ਹੀ, ਆਪਣਾ ਧਰਵਾਸ !

ਮੀਲਾਂ ਤਕ ਰੋਹੀ ਬੀਆਬਾਨ,
ਸੂਰਜ ਦਾ ਭੱਠ, ਥਲ ਤਪਦਾ ਹੈ !
ਕਣ-ਕਣ ਵਿਚ ਖ਼ੁਦ ਜਲ ਬਣ ਚਮਕੇ,
ਭਰਮ-ਜਲਾਂ ਵਿਚ ਭਟਕੇ, ਬਣ ਕੇ
ਕੇਂਦਰੋਂ ਖੁੱਸੀ ਆਪਣੀ ਪਿਆਸ !
ਮਾਨੁੱਖ-ਮਾਰਾਂ ਦੀ ਬਸਤੀ ਵਿਚ,
ਮਾਰੀ ਨਾ ਪਰ, ਫਿਰ ਵੀ ਆਸ !

ਕਦੇ ਤਾਂ ਮੌਸਮ ਬਦਲੇਗਾ ਹੀ,
ਬੇਘਰਿਆਂ ਨੂੰ ਮਿਲ ਜਾਏਗਾ,
ਦੇਸ਼ ਕਦੇ, ਕਦੇ ਘਰ-ਵਾਸ !
ਦੇਸ਼ ਬੇਗਾਨਾ ਹੋਇਆ,
ਆਪਣਾ ਦੇਸ਼ ਬੇਗਾਨਾ ਹੋਇਆ !!!
ਪਹਿਲਾਂ ਦੇਸ਼ ਰਹਿੰਦਿਆਂ ਇੰਜ ਸੀ,
ਹੁਣ ਪਰਦੇਸ ਰਹਿੰਦਿਆਂ ਇੰਜ ਹੈ !!!

ਆਪਣਾ ਦੇਸ਼
ਕਿਆ ਹੈ ਪਿਆਰੇ ???
ਆਪਣੇ ਦੇਸ਼ ਤਾਂ ਕੇਵਲ ਮੈਂ ਹਾਂ !!!

## ਆਪਣੇ ਖ਼ਿਲਾਫ਼-1

ਸੁੱਤੇ ਸੁੱਤੇ ਤੁਰਨ ਦੀ ਆਦਤ,
ਤੁਰੇ ਤੁਰੇ ਖੜਨ ਦਾ ਝੱਲ,


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਬੈਠੇ ਬੈਠੇ ਉੱਠ ਖੜੋਣਾ,
ਚੁੱਪ ਵਿਚ ਵੀ ਬੁੜਬੁੜਾਉਣਾ,
ਅੱਥਰੂਆਂ ਵਿਚ ਮੁਸਕਰਾਉਣਾ,
ਰੋਣਹਾਕੀ ਹੂਕ ਵਿਚ ਵੀ ਗੁਣਗੁਣਾਉਣਾ,

ਨਿਹੋਂਦ ਦੇ ਮਲਬੇ 'ਚੋਂ ਬਣਨਾ,
ਹਾਈ-ਰਾਈਜ਼ਰ, ਹੋਂਦ ਵਿਚ ਆਉਣਾ,
ਸ਼ੂਨਯ ਖਲਾਅ ਦੀਆਂ 'ਨ੍ਹੇਰੀਆਂ ਕੰਦਰਾਂ ਵਿਚ,
ਪ੍ਰੇਤ-ਲੋਅ ਜਿਹੀ ਸੋਚ ਦਾ ਬਲਣਾ,
ਕਤਰਾ ਕਤਰਾ ਟੁੱਟਦੇ ਹੋਏ ਵੀ,
ਸੋਮੇ ਤੋਂ ਦਹਾਨੇ ਤਕ ਫੈਲ ਜਾਣਾ,
ਸਮੁੰਦਰ ਦੇ ਖੰਭ ਲਾ ਆਕਾਸ਼ ਢੱਕ ਲੈਣਾ,
ਆਪਣੀ ਪਿੱਠ 'ਤੇ,
ਸੂਰਜ ਦਾ ਮਚਦਾ ਥੱਠ ਚੁੱਕ ਲੈਣਾ—
ਡੁੱਲ੍ਹਦੇ ਡੁੱਲ੍ਹਦੇ ਵੀ, ਭਰ ਭਰ ਪੈਣਾ,
ਡਿੱਗਦੇ ਡਿੱਗਦੇ ਵੀ, ਉੱਠ ਉੱਠ ਬਹਿਣਾ,

ਭੁਰਦੇ ਭੁਰਦੇ ਵੀ, ਫਿਸ ਫਿਸ ਪੈਣਾ,
ਬੇਬੱਸ ਹੁੰਦਿਆਂ ਵੀ, ਹੁਮਹੁਮਾ ਲੈਣਾ,
ਜ਼ੱਰੇ ਜ਼ੱਰੇ 'ਚੋਂ, ਦਿਨ ਚੜ੍ਹਾ ਲੈਣਾ,
ਗੂੜ੍ਹੀ ਨੀਂਦਰੇ, ਕ੍ਰਾਂਤੀਆ ਜਾਣਾ,
ਸੱਚ 'ਚੋਂ ਸੁਪਨ, ਸੁਪਨ 'ਚੋਂ ਸੱਚ ਜਗਾ ਲੈਣਾ—
ਖ਼ੁਦ ਨੂੰ ਖੋ ਬਹਿਣਾ, ਖ਼ੁਦ ਨੂੰ ਪਾ ਲੈਣਾ !!!
ਇਹ ਕਿਹੀ ਦੌੜ ਹੈ ਆਪਣੇ ਖ਼ਿਲਾਫ਼ !!!
ਕੌਣ ਜਿੱਤੇਗਾ ???

## ਆਪਣੇ ਖ਼ਿਲਾਫ਼-2

ਸਿਰ 'ਤੇ ਚੁੱਕ ਕੇ ਸਾਗਰ,
ਬਦਲ ਨੱਸ ਪਿਆ।
ਲੰਮੇ ਪੰਧ ਮੁੱਕਣਗੇ ਕੀਕੂੰ ?
ਮੁੱਕਣੋਂ ਪਹਿਲਾਂ ਵੱਸ ਪਿਆ !



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਆਦਿ-ਕਾਲ ਤੋਂ ਦੌੜ
    ਵਿਰੁੱਧ
        ਕੇਵਲ ਆਪਣੇ !
ਮੁੱਕਿਆ ਬੱਦਲ,
ਪੰਧ ਦਾ ਪੰਧ ਤਾਂ
ਓਵੇਂ ਪਿਆ।
ਕਿੰਨੇ ਪਾਂਧੀ ਆਏ, ਆ ਕੇ ਚਲੇ ਗਏ—
ਪਰਬਤ, ਸਾਗਰ,
ਧਰਤੀ, ਅੰਬਰ, ਸੂਰਜ, ਤਾਰੇ,
ਪਿੰਡ, ਬ੍ਰਹਿਮੰਡ
    ਥਿਰ ਰਹੇ !

ਲੜਿਆ ਭਿੜਿਆ ਜਦ ਵੀ ਮਾਨਵ ਨਾਲ ਕਿਸੇ,
ਅੰਦਰ ਦੀ ਜੰਗ ਘਟ ਘਟ ਬਰਸੀ ਆਪਣੇ 'ਤੇ !

ਦੌੜ ਕਿਸੇ ਨੇ ਇਸ ਨੂੰ ਸਮੇਂ ਦੇ ਨਾਲ ਕਿਹਾ,
ਕਿਸੇ ਨੇ ਇਸ ਨੂੰ ਸ਼ਕਤੀ, ਭਗਤੀ ਸਮਝ ਲਿਆ !

ਆਪਣਾ ਅੰਦਰ, ਜਦ ਵੀ ਵਣ ਦੇ ਵੱਸ ਪਿਆ,
ਬਾਹਰ ਜੰਗਲ,
ਅੰਦਰ ਜੰਗਲ,
    ਹੇਠਾਂ ਜੰਗਲ,
    ਉੱਪਰ ਜੰਗਲ,
        ਹਰ ਥਾਂ ਜੰਗਲ ਹੱਸ ਪਿਆ !!!
ਸ਼ਬਦਾਂ ਤੇ ਅਰਥਾਂ ਵਿਚ ਯੁੱਧ ਵੀ ਇਵੇਂ ਰਿਹਾ,
ਜਿਵੇਂ ਨਿਕੰਢਾ ਦਰਿਆ, ਕੰਢੀਂ ਨੱਸ ਪਿਆ !

ਪ੍ਰਸੰਗਾਂ ਨੇ, ਸੰਕਲਪਾਂ ਨੂੰ ਬਦਲ ਲਿਆ :
ਜਲ ਨੂੰ ਬੱਦਲ, ਬਰਫ਼, ਨਦੀ, ਸਾਗਰ ਕਹਿਆ !
ਹਰ ਕੋਈ ਆਪਣੇ ਆਪ ਵਿਰੁੱਧ, ਜਿਉਂ ਦੌੜ ਰਿਹਾ ?

ਤਕਨਾਲੋਜੀ ਆਈ, ਬਦਲ ਮਸ਼ੀਨ ਬਣੀ,
ਬੁੱਧੀ ਸਾਡੀ ਕਲ-ਪੁਰਜ਼ਿਆਂ ਵਿਚ ਢਲੀ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਇਕ ਮਸ਼ੀਨ ਦੀ, ਦੂਜੇ ਦੇ ਸੰਗ, ਕਿਵੇਂ ਠਣੀ !

ਨਖਯੱਤਰਾਂ 'ਤੇ ਨਜ਼ਰਾਂ, ਜੰਗ ਦੇ ਬੀ ਬੀਜੇ—
ਵਾਦਾਂ ਸੰਗ, ਵਿਵਾਦ ਕਿਵੇਂ ਹਨ ਵਿਟਰ ਰਹੇ !

ਬਾਰੂਦਾਂ ਦੀ ਭੱਠ 'ਤੇ ਭਵਿੱਖ ਉਸਾਰ ਰਿਹਾ।
ਕੈਸਾ ਇਹ ਵਿਗਿਆਨਕ, ਸਭ ਨੂੰ ਮਾਰ ਰਿਹਾ !!!

ਏਧਰ ਦੌੜਾਂ
    ਓਧਰ ਦੌੜਾਂ
        ਹਰ ਪਾਸੇ ਹੀ ਦੌੜਾਂ ਹਨ—
ਵੱਡੇ ਵੱਡੇ ਦਾਈਏ, ਅੰਦਰ ਸੌੜਾਂ ਹਨ।

ਮਾਦੇ ਦੇ ਅਡੰਬਰ, ਸਭ ਕੁਝ ਨਿਗਲ ਲਿਆ,
ਕਿੱਥੇ ਹੈ ਮਾਨੁੱਖ ? ਮਨੁੱਖ ਵਿਚ ਨਹੀਂ ਰਿਹਾ।

ਛਾਂ ਦੀ, ਛਾਂ ਦੇ ਨਾਲ, ਦੌੜ ਪਰ ਜਾਰੀ ਹੈ,
ਕਾਇਆ ਕਰਮਾਂ-ਮਾਰੀ, ਬੁੱਧ ਖ਼ੁਆਰੀ ਹੈ।

ਕਿਸ ਨੇ ਕਿਸ ਨੂੰ ਲੈਣਾ ? ਕਿਸ ਨੇ ਸੰਗ ਚੱਲਣਾ ?
ਆਦਿ-ਕਾਲ ਤੋਂ ਜੰਗ, ਇਹ ਖ਼ੁਦ ਸੰਗ ਜਾਰੀ ਹੈ।

ਆਪਣੇ ਆਪ ਨੂੰ, ਆਪ ਕਦੇ ਤਾਂ ਮਾਰ ਲਿਆ,
ਦੂਜੇ ਸ਼ਤਰੂ ਆਖ ਕੇ, ਲਸ਼ਕਰ ਚਾੜ੍ਹ ਲਿਆ।

ਆਪੇ ਸੁੰਗੜੇ, ਫੈਲੇ, ਆਪੇ ਠੰਡੀ ਬਰਫ਼ ਬਣੇ,
ਆਪੇ ਲਾਵਾ, ਦਾਵਾਨਲ, ਭੂ-ਕੰਪ ਜਣੇ।

ਆਦਿ-ਕਾਲ ਤੋਂ, ਦੌੜ
ਵਿਰੁੱਧ ਕੇਵਲ ਆਪਣੇ,
ਮੁੱਕਿਆ ਬੱਦਲ,
ਪੰਧ ਦਾ ਪੰਧ ਤਾਂ
ਉਵੇਂ ਪਿਆ !



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

## ਆਪਣੇ ਖ਼ਿਲਾਫ਼-3

ਪੀੜ੍ਹੀਆਂ ਦੇ ਪਾੜੇ ਵਿਚਕਾਰ,
ਮੈਂ ਖੜ੍ਹਾ,
    ਖਿਤਿਜ, ਤੇ ਸਮਾਂ।

ਪਲਕਾਂ ਵਿਚ,
    ਡੁੱਬਦਾ ਚੜ੍ਹਦਾ ਸੂਰਜ !
ਅਖਵਾਨੇ 'ਚੋਂ,
    ਅੰਦਰ ਵਲਾਂ ਫੁੱਟੀ,
    ਨਿਰੰਤਰ ਰਾਗਨੀ : ਆਬਸ਼ਾਰ।

ਕੰਨਾਂ ਵਿਚ,
    ਅੰਡਿਆਂ ਦੇ ਛੋਕਟ—
ਜਾਂ ਇਨ੍ਹਾਂ 'ਚੋਂ ਨਿਕਲ ਕੇ, ਉੱਡ ਗਏ,
ਪੰਖੀਆਂ ਦੀ ਫੜਫੜਾਹਟ।

ਕਲਾਕ ਨੇ, ਹੁਣੇ ਹੁਣੇ,
ਜ਼ਿੰਦਗੀ ਦੀ ਸ਼ਾਮ ਵਜਾਈ ਹੈ !
ਆਰਜ਼ੂ,
    ਅੰਤ ਤੋਂ ਮੁਨਕਰ—
ਤੇ ਹੋਂਦ,
    ਹੋਣ 'ਤੇ ਆਈ ਹੈ।

ਸਮਾਂ,
ਕਲਾਕ ਨਹੀਂ, ਅੰਕ ਨਹੀਂ—
ਦੇਹ ਤੋਂ ਰਿਹਾਈ ਹੈ।
ਆਪਣੇ ਖ਼ਿਲਾਫ਼, ਆਪਣੀ, ਸਮੇਂ ਦੀ,
ਇਹ ਕੈਸੀ ਦੁਹਾਈ ਹੈ !



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

## ਰੇਲ ਦੀ ਪਟੜੀ 'ਤੇ ਸਮੁੰਦਰ-1

ਰੇਲ ਦੀ ਪਟੜੀ 'ਤੇ
ਸਮੁੰਦਰ ਦੌੜਦਾ ਹੈ !
ਡੱਬਿਆਂ ਵਿਚ ਮੱਛੀਆਂ
ਸਫ਼ਰ ਕਰਦੀਆਂ ਹਨ।

ਸਿਰ 'ਚੋਂ ਘਾ ਉੱਗਦਾ ਹੈ,
ਪੈਰਾਂ 'ਚੋਂ ਸਫ਼ਰ।

ਆਪਣੀ ਕਬਰ ਚੁੱਕੀ ਦਿਲ
ਫਟਾ ਫਟ, ਫਟਾ ਫਟ
ਖਿਤਿਜ ਵੱਲ ਵਧ ਰਿਹਾ ਹੈ !

ਤ੍ਰਿਸ਼ਨਾ, ਕਿਤੇ ਨਹੀਂ ਪਹੁੰਚਦੀ,
ਚੱਲਦੀ ਹੈ :
ਫਟਾ ਫਟ, ਫਟਾ ਫਟ
ਫਟਾ ਫਟ, ਫਟਾ ਫਟ।

ਰੇਲ ਦੀ ਪਟੜੀ 'ਤੇ ਸਮੁੰਦਰ ਦੌੜਦਾ ਹੈ !

## ਰੇਲ ਦੀ ਪਟੜੀ 'ਤੇ ਸਮੁੰਦਰ-2

ਰੇਲ ਦੀ ਪਟੜੀ 'ਤੇ ਸਮੁੰਦਰ ਗੱਜਦਾ ਹੈ।
ਕਣ ਕਣ ਵਿਚ ਸੂਰਜ,
ਕਰਮ-ਜਲ ਵਗਦਾ ਹੈ।

ਗੱਡੀ ਹੈ, ਡੱਬੇ ਹਨ,
ਡੱਬਿਆਂ ਵਿਚ ਮਾਇਆ ਹੈ !
ਤਨ ਭੁੱਖ ਭਖਦੇ ਹਨ
ਫਟਾ ਫਟ, ਫਟਾ ਪਟ।



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਨਜ਼ਰ 'ਚ ਮੰਜ਼ਲ ਦੇ ਨਿਸ਼ਾਂ
ਡੁੱਬਦੇ ਹਨ
ਬੁੱਝਦੇ ਹਨ
ਜਗਦੇ ਹਨ
ਫਟਾ ਫਟ, ਫਟਾ ਫਟ।

ਫਟਾ ਫਟ, ਫਟਾ ਫਟ,
ਉੱਠਦੇ ਹਨ ਸਵਾਲ :

ਕਿੱਥੋਂ ਆਏ ਹਾਂ ?
ਕਿੱਥੇ ਜਾਣਾ ਹੈ ?
ਕਿਹੜੀ ਮੰਜ਼ਲ ?
ਕਵਣ ਪੜਾਅ ?
ਕੀ ਟਿਕਾਣਾ ਹੈ ?

ਫਟਾ ਫਟ, ਫਟਾ ਫਟ
ਗੱਡੀ ਦੌੜੀ ਜਾਂਦੀ ਹੈ।

ਗੱਡੀ ਦੇ ਆਰ ਪਾਰ,
ਨਜ਼ਰ ਦੀ ਸੀਮਾਂ 'ਤੇ,
ਰੇਲ ਦੀ ਪਟੜੀ ਦੇ ਸਿਰੇ,
ਗੁੰਮ ਗ਼ਰਕ ਜਾਂਦੇ ਹਨ
ਫਟਾ ਫਟ
ਨਜ਼ਰ ਫਿਰ ਵੀ ਜਾਗਦੀ ਹੈ,
ਆਪਣੀ ਸੀਮਾਂ ਦੇ
ਦੋ ਸਿਰਿਆਂ ਵਿਚਕਾਰ।

ਇਹ ਹੀ ਜ਼ਿੰਦਗੀ ਹੈ, ਸ਼ਾਇਦ,
ਕਾਇਆ ਤੇ ਮਾਇਆ ਵਿਚਕਾਰ,
ਇਕ ਦੀਪ ਦਾ ਜਗਣਾ
ਤੇ ਜਗਦੇ ਜਾਣਾ
ਫਟਾ ਫਟ, ਫਟਾ ਫਟ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਬਾਕੀ ਤਾਂ ਗੱਡੀ ਹੈ,
ਰੇਲ ਦੀ ਪਟੜੀ ਹੈ।
ਪੰਧ, ਥਹੋਂ ਘੁੰਮ ਰਿਹਾ ਹੈ,
ਪਟੜੀ, ਥਹੋਂ ਵਿਛੀ ਪਈ ਹੈ।

ਕਿਹੜੀ ਚੀਜ਼, ਕਿੱਥੋਂ,
ਕਿੱਥੇ ਗਈ ਹੈ ?
ਰੇਲ ਦੀ ਪਟੜੀ 'ਤੇ ਸਮੁੰਦਰ ਗੱਜਦਾ ਹੈ !
ਕਣ ਕਣ ਵਿਚ ਸੂਰਜ ਹੈ,
ਕਰਮ-ਜਲ ਵਗਦਾ ਹੈ !!!

ਗੱਡੀ ਦੀ ਫਟਾ ਫਟ
ਫਟਾ ਫਟ, ਫਟਾ ਫਟ
ਕੰਨਾਂ ਨੂੰ ਜੁੜੀ,
ਥਹੋਂ ਗੂੰਜਦੀ ਧੁਨੀ,
    ਗੂੰਜੀ ਜਾ ਰਹੀ :
        ਫਟਾ ਫਟ, ਫਟਾ ਫਟ,
        ਫਟਾ ਫਟ, ਫਟਾ ਫਟ।

## ਰੇਲ ਦੀ ਪਟੜੀ 'ਤੇ ਸ਼ਹਿਰ

ਰੇਲ ਦੀ ਪਟੜੀ 'ਤੇ ਸ਼ਹਿਰ ਵਸਦਾ ਹੈ,
ਹਰ ਕੋਈ ਉੱਜੜਿਆ ਵੀ, ਇਹ ਦਸਦਾ ਹੈ :
ਰੇਲ ਦੀ ਪਟੜੀ 'ਤੇ
ਕੰਧਾਂ ਹਨ
ਸੀਖਾਂ ਹਨ
ਗੁੰਬਦ ਹਨ
ਹਿੰਦਸੇ ਹਨ
ਸਿਫ਼ਰੇ ਹਨ !

ਰੇਲ ਦੀ ਪਟੜੀ 'ਤੇ
ਸੜਕਾਂ ਹਨ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਗਲੀਆਂ ਹਨ
ਕਾਰਾਂ ਹਨ
ਰਿਕਸ਼ੇ ਹਨ
ਰੇਲ ਦੀ ਪਟੜੀ 'ਤੇ
ਬੰਦ ਗੁਫ਼ਾਵਾਂ ਹਨ !

ਰੇਲ ਦੀ ਪਟੜੀ 'ਤੇ :
ਜੁ ਗੁੰਮਿਆ ਹੈ,
ਬਹੁਤ ਪਿੱਛੇ ਰਹਿ ਚੁੱਕਾ ਹੈ !
ਜੁ ਪਾਉਣਾ ਹੈ,
ਬਹੁਤ ਅੱਗੇ ਲੰਘ ਚੁੱਕਾ ਹੈ।

ਰੇਲ ਦੀ ਪਟੜੀ 'ਤੇ
ਅੱਗੇ ਤੇ ਪਿੱਛੇ ਵਿਚਕਾਰ,
ਕੋਈ ਤਣਾਅ ਨਹੀਂ—
ਕੇਵਲ ਖ਼ਲਾਅ ਹੈ
ਤੇ ਮਨੁੱਖ ਹੈ।

ਫਟਾ ਫਟ, ਫਟਾ ਫਟ,
ਫਟਾ ਫਟ, ਫਟਾ ਫਟ।

ਹਰ ਛਿਣ, ਹਰ ਪਲ
ਖ਼ੁਦ ਤੋਂ, ਸਭ ਤੋਂ
ਦੂਰ ਹੁੰਦਾ ਜਾ ਰਿਹਾ
ਫਟਾ ਫਟ।

ਰੇਲ ਦੀ ਪਟੜੀ 'ਤੇ
ਡਾਢਾ ਸ਼ੋਰ ਹੈ !

ਗੱਡੀ ਤਾਂ ਕਦੋਂ ਦੀ ਲੰਘ ਚੁੱਕੀ ਹੈ,
ਇਹ ਜੁ ਚੁੱਪ 'ਚੋਂ ਸ਼ੋਰ,


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਤੇ ਸ਼ੋਰ 'ਚੋਂ ਚੁੱਪ ਨੂੰ ਭਾਲੇ,
ਇਹ ਕੋਈ ਹੋਰ ਹੈ ...
ਰੇਲ ਦੀ ਪਟੜੀ 'ਤੇ
ਫਟਾ ਫਟ, ਫਟਾ ਫਟ
ਫਟਾ ਫਟ, ਫਟਾ ਫਟ
ਫਟਾ ਫਟ ...

## ਰੇਲ ਦੀ ਪਟੜੀ 'ਤੇ ...

ਰੇਲ ਦੀ ਪਟੜੀ 'ਤੇ,
ਨੀਲਾ ਆਸਮਾਨ ਹੈ !

ਖੰਭਾਂ 'ਤੇ ਉੱਡਦਾ,
ਅਦਿੱਖ ਵਿਮਾਨ ਹੈ ...
ਰੇਲ ਦੀ ਪਟੜੀ 'ਤੇ...

## ਮੂਰਖ, ਮੱਛੀਆਂ ਤੇ ਬੇੜੀਆਂ

ਮੂਰਖ, ਮੱਛੀਆਂ ਨੂੰ
ਬੇੜੀਆਂ ਸਮਝ ਬੈਠੇ,
ਤੇ ਉਨ੍ਹਾਂ ਵਿਮਾਨ 'ਚੋਂ,
ਸਮੁੰਦਰ 'ਚ,
ਛਲਾਂਗ ਲਗਾ ਦਿੱਤੀ !

ਉਹ, ਜੁ
ਹਵਾ 'ਚ ਬੱਝ ਕੇ
ਥੱਕ ਗਏ ਸਨ,
ਖ਼ੁਦ ਤੋਂ ਅੱਕ ਗਏ ਸਨ,
ਸਮੁੰਦਰ ਦਾ ਸਫ਼ਰ
ਬਣਨਾ ਲੋਚਦੇ ਸਨ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਸਫ਼ਰ ਜੋ ਬੇੜੀਆਂ ਹੁੰਦਾ,
ਹਰ ਮੱਲਾਹ ਕਿਧਰ ਜਾਂਦਾ ?
ਸਮੁੰਦਰ, ਕੰਢੇ ਸੁਕੜ ਜਾਂਦਾ।

ਸਫ਼ਰ ਤਾਂ ਮਛਲੀ ਵੀ ਨਹੀਂ—
ਸਗੋਂ ਉਸ ਦਾ
ਸਮੁੰਦਰ ਦੇ ਨੇਮ ਨੂੰ ਤੋੜਨਾ ਹੈ ...

ਤਹਿ ਦੇ ਬੱਝਵੇਂ ਬਹਾਅ 'ਚੋਂ,
ਉੱਛਲਨਾ, ਫੁਦਕਨਾ,
ਹਵਾ 'ਚ ਹਵਾ ਹੋਣਾ ਹੈ ...

ਮੁੜ ਡਿਗਣਾ
ਤੇ ਡਿਗਦੇ ਹੋਏ ਵੀ
ਜਲ ਦੀ ਤਹਿ ਨੂੰ ਤੋੜਨਾ—
ਪਿੱਛੇ, ਇਕ ਚਿੱਟੀ ਲੀਕ
ਛੱਡ ਜਾਣਾ ਹੈ ...

ਬੱਸ,
ਇਹ ਹੀ ਸਫ਼ਰ ਹੈ !
ਬਾਕੀ ਤਾਂ ਸਮੁੰਦਰ ਹੈ,
ਕੰਢਾ ਹੈ, ਬੇੜੀ ਹੈ,
ਮਛਲੀ ਹੈ, ਮੱਲਾਹ ਹੈ !
ਕਾਲੇ ਬੋਲੇ ਸਮੁੰਦਰ ਦੇ
ਸੀਨੇ 'ਤੇ, ਜਿਸ ਲੀਕ ਨੂੰ
ਉਹ ਬੇੜੀ ਸਮਝ ਬੈਠੇ ਸਨ,
ਉਹ ਨਾ ਬੇੜੀ ਸੀ,
ਨਾ ਮਛਲੀ ਸੀ ...

ਉਹ ਤਾਂ ਮਛਲੀ ਦਾ ਹਵਾ ਹੋਣਾ ਸੀ,
ਜਲ ਦੇ ਬੱਝਵੇਂ ਨੇਮ ਤਾਈਂ ਤੋੜ ਕੇ—
ਇਕ ਸੁਤੰਤਰ ਅਦਾਅ ਹੋਣਾ ਸੀ ...



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਛਿਣ-ਛਿਣ ਦਾ, ਸਮੁੰਦਰ 'ਚ ਕਰਮ ਬਣਨਾ,
ਸਦਾ ਹੋਣਾ ਸੀ ...
ਅੱਖ ਦਾ ਨਜ਼ਰ,
ਨਜ਼ਰ ਦਾ ਦਿਸ਼ਾ ਹੋਣਾ ਸੀ ...
ਮੂਰਖ, ਮੱਛੀਆਂ ਨੂੰ
ਬੇੜੀਆਂ ਸਮਝ ਬੈਠੇ,
ਤੇ ਉਨ੍ਹਾਂ ਵਿਮਾਨ 'ਚੋਂ,
ਸਮੁੰਦਰ 'ਚ
ਛਲਾਂਗ ਲਗਾ ਦਿੱਤੀ !

## ਕਿਰਨ ਨੇ ਸੂਰਜ ਲਿਖਿਆ ਹੈ

### (ਬੱਚੇ ਨੂੰ ਵੇਖ ਕੇ)

ਛਿਣ ਛਿਣ, ਫੁੱਲ ਖਿੜਿਆ ਹੈ,
ਮੁੱਖ 'ਚੋਂ, ਦਿਨ ਚੜ੍ਹਿਆ ਹੈ !
ਪੱਤੀ ਪੱਤੀ ਕਿਸ ਦੀ ਵਿੱਥਿਆ ਹੈ ???
ਕਿਰਨ ਨੇ ਸੂਰਜ ਲਿਖਿਆ ਹੈ !!!

ਬੱਚਾ ਹੈ, ਸੁਆਣੀ ਹੈ—
ਨਾਦਾਨੀ ਹੈ, ਜਵਾਨੀ ਹੈ।
ਸੁਆਣੀ ਦੀ ਉਂਗਲੀ ਨੂੰ,
ਸੂਰਜ ਜੁੜਿਆ ਹੈ।
ਕਦਮ ਕਦਮ ਬੱਚਾ,
ਗੁਲਿਸਤਾਨ ਤੁਰਿਆ ਹੈ !

ਸੁਆਣੀ ਤੋਰੇਗੀ,
ਬੱਚਾ ਤੁਰੇਗਾ ...
ਤੁਰਦਾ, ਤੁਰਦਾ,
ਵੱਡਾ, ਜਵਾਨ ਹੋ ਜਾਏਗਾ !
ਸੁਆਣੀ, ਬੁੱਢੀ,
ਉਸ ਦਾ ਲੱਕ, ਕਮਾਨ ਹੋ ਜਾਏਗਾ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਫਿਰ ਜਵਾਨੀ, ਬੁੱਢਾਪਾ ਤੋਰੇਗੀ !
ਇਕ ਵਿਚ ਚੜ੍ਹਦੇ,
ਤੇ ਦੂਜੀ 'ਚ, ਲਹਿੰਦੇ ਦੀ,
ਲਾਲੀ ਹੋਵੇਗੀ !
ਜ਼ਿੰਦਗੀ,
ਜੰਮਦੀ ਵੀ ਹੋਵੇਗੀ !
ਜ਼ਿੰਦਗੀ,
ਮਰਦੀ ਵੀ ਹੋਵੇਗੀ !

ਸੂਰਜ ਛੁਪਦਾ ਨਹੀਂ,
ਪ੍ਰਸੰਗ ਬਦਲਦਾ ਹੈ।
ਕਦੇ ਡੁੱਬਦਾ ਨਹੀਂ,
ਚੜ੍ਹਦਾ ਨਹੀਂ,
ਸਾਡੇ—
ਰੰਗ ਬਦਲਦਾ ਹੈ !

ਸ਼ਾਮ ਢਲੇ,
ਸੂਰਜ ਵਿਚ ਬੈਠ ਕੇ,
ਬੁੱਢੀ ਤੁਰ ਜਾਏਗੀ ...
ਬੱਦਲਾਂ ਦੇ ਪੱਲੂ ਨੂੰ ਵੀ
ਅੱਗ ਛੂਹ ਜਾਏਗੀ ...
ਤਾਰੇ ਬਣ ਜਾਏਗੀ,
ਚੰਦ ਹੋ ਜਾਏਗੀ,
ਚਰਖਾ ਘੁਕਾਏਗੀ...
ਰੁੱਖ ਵਿੱਚੋਂ ਬੀਜ ਬਣ,
ਬੀਜ 'ਚੋਂ ਅਬੀਜ ਹੋ,
ਫੇਰ ਮੌਲ ਆਏਗੀ ...
ਪੀੜ੍ਹੀਆਂ ਚਲਾਏਗੀ,
ਪਰਬਤਾਂ 'ਤੇ ਨੱਚੇਗੀ,
ਨਦੀਆਂ 'ਚੋਂ ਗਾਏਗੀ ...

ਬੱਚਾ ਹੈ,
ਫੁੱਲ ਖਿੜਿਆ ਹੈ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਮੁੱਖ 'ਚੋਂ,
ਦਿਨ ਚੜ੍ਹਿਆ ਹੈ !

ਸਮਾਂ, ਏਥੇ ਹੀ ਕਿਤੇ,
ਹੁਣੇ ਹੁਣੇ ਤੁਰਿਆ ਸੀ,
ਹੁਣੇ ਹੁਣੇ ਖੜ੍ਹਿਆ ਹੈ !
ਕਿਰਨ ਨੇ ਸੂਰਜ ਲਿਖਿਆ ਹੈ !!!

## ਵਿਅਕਤੀ ਬਨਾਮ ਕੰਪਿਊਟਰ

'ਤੇਰੀ ਨੌਕਰੀ ਕਾਇਮ ਰਹੇਗੀ,
ਕੁਝ ਸਿੱਖ।' ਆਖ ਕੇ,
ਮੇਰੇ ਸੌਂਹੇਂ, ਕੰਪਿਊਟਰ ਧਰ ਦਿੱਤਾ ਗਿਆ !

ਕਲਮ ਨਾਲ ਲਿਖਣ ਦੀ ਥਾਂ,
ਹੁਣ ਮੈਂ ਵਰਡ *'ਪ੍ਰੋਸੈਸਿੰਗ' ਸਿਖਾਉਣੀ ਹੈ,
*'ਡਰਾਫ਼ਟਿੰਗ ਤੇ * 'ਐਡਿਟਿੰਗ' ਵੀ—
ਸਭ ਕੰਪਿਊਟਰ 'ਤੇ !

ਭਾਸ਼ਾ ਤੇ ਸਾਹਿਤ ਦੇ ਪਾਠ,
ਕੰਪਿਊਟਰ ਵਿਚ ਲੋਡ ਕਰਾਂਗਾ—
ਤੇ ਇਕ ਇਕ ਕੰਪਿਊਟਰ ਸੌਂਹੇਂ,
ਇਕ ਇਕ ਵਿੱਦਿਆਰਥੀ ਧਰਾਂਗਾ !

ਉਹ ਕੰਪਿਊਟਰ ਦੀ ਬੋਲੀ ਸਿੱਖਣ, ਸਮਝਣਗੇ—
ਕੰਪਿਊਟਰ ਦੀ ਬੋਲੀ, ਅਬੋਲ, ਬੋਲਣਗੇ !

ਕਮਰੇ ਵਿਚ,
ਕੰਪਿਊਟਰ ਦੀ, ਅਸੁਣੀ, ਟਿਕ ਟਿਕ ਹੋਵੇਗੀ,
ਘਣੀ, ਸੰਘਣੀ ਚੁੱਪ—

---

* Word Processing, Drafting, Editing



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਤੇ ਕੰਪਿਊਟਰ ਸੌਂਹੇਂ ਹਰ ਵਿੱਦਿਆਰਥੀ,
ਕੰਪਿਊਟਰ ਬਣ ਬੈਠੇਗਾ !

ਮਸ਼ੀਨ ਵੱਲ ਨੂੰ ਜਾ ਰਹੇ ਵਿਅਕਤੀ ਦਾ,
ਮਸ਼ੀਨ ਬਣਨਾ ਲਾਜ਼ਮੀ ਹੈ ਕੀ ???

ਕੰਪਿਊਟਰ ਨੂੰ ਕੁਝ ਕੰਮ ਕਰਨ ਲਈ,
ਪ੍ਰੋਗਰਾਮ ਕਰ ਦਿੱਤਾ ਜਾਂਦਾ ਹੈ—
ਤੇ ਬੱਸ, ਉਹ ਉਂਜ ਕਰਦਾ ਹੈ !!!

ਕੰਪਿਊਟਰ, ਮਹਿਸੂਸ ਨਹੀਂ ਕਰਦਾ !
ਕੰਪਿਊਟਰ, ਸੋਚਦਾ ਵੀ ਨਹੀਂ !
ਕੰਪਿਊਟਰ, ਸਮਝਦਾ ਵੀ ਨਹੀਂ !

ਕੰਪਿਊਟਰ, ਰੋਂਦਾ ਵੀ ਨਹੀਂ !
ਕੰਪਿਊਟਰ, ਹੱਸਦਾ ਵੀ ਨਹੀਂ !
ਜਦੋਂ ਕੋਈ ਮਰ ਜਾਂਦਾ ਹੈ,
ਤਾਂ ਕੰਪਿਊਟਰ ਉਸ ਦੇ ਨਾਮ ਸੌਂਹੇਂ,
ਸ਼ਬਦ : 'ਮੌਤ' ਲਿਖ ਦਿੰਦਾ ਹੈ !
ਵੈਣ ਨਹੀਂ ਪੈਂਦੇ, ਅੱਥਰੂ ਨਹੀਂ ਕਿਰਦੇ,
ਕੁਝ ਵੀ ਟੁੱਟਦਾ, ਖੁੱਸਦਾ, ਵਿੱਖਰਦਾ ਨਹੀਂ !!!
ਕੰਪਿਊਟਰ ਇਨ੍ਹਾਂ ਕੰਮਾਂ ਲਈ,
ਪ੍ਰੋਗਰਾਮ ਹੀ ਨਹੀਂ ਕੀਤਾ ਗਿਆ !

ਕੰਪਿਊਟਰ ਵਿਚ,
ਦਿਲ ਨਹੀਂ, ਦਿਮਾਗ ਨਹੀਂ—
ਗਰਮ, ਗਰਮ ਲਹੂ ਨਹੀਂ,
ਨਿੱਘਾ, ਨਿੱਘਾ ਮਾਸ ਨਹੀਂ !

ਕੰਪਿਊਟਰ ਨੂੰ ਫੱਟ ਨਹੀਂ ਲੱਗਦਾ
ਦਰਦ ਨਹੀਂ ਹੁੰਦਾ,
ਚੋਭ ਨਹੀਂ ਚੁੱਭਦੀ,



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਭੁੱਖ ਨਹੀਂ ਲੱਗਦੀ,
ਪਿਆਸ ਨਹੀਂ ਪੋਂਹਦੀ,
ਖੋਹ ਨਹੀਂ ਪੈਂਦੀ,
ਵੱਟ ਨਹੀਂ ਉੱਠਦਾ !!!

ਕੰਪਿਊਟਰ ਨੂੰ,
ਦੁਆ ਦਾਰੂ ਲਈ,
ਦਵਾਖ਼ਾਨੇ ਨਹੀਂ ਜਾਣਾ ਪੈਂਦਾ !

ਵਿਗੜਿਆ ਕੰਪਿਊਟਰ,
ਠੀਕ ਹੋ ਸਕਦਾ ਹੈ !
ਟੁੱਟਿਆ ਕੰਪਿਊਟਰ, ਬਦਲ ਸਕਦਾ ਹੈ !

ਇਸੇ ਲਈ
ਕੰਪਿਊਟਰ ਸੌਂਹੇਂ ਬੈਠੇ ਵਿੱਦਿਆਰਥੀ—
ਕੰਪਿਊਟਰ ਹੋ ਕੇ ਵੀ,
ਕੰਪਿਊਟਰ ਨਹੀਂ ਹਨ !
ਜਦ ਤੱਕ ਇਹ ਪੜ੍ਹ ਲਿਖ ਕੇ,
ਕੁਝ ਬਣਨਗੇ—
ਤਦ ਤਕ ਕੰਪਿਊਟਰ,
ਆਪਣੀਆਂ ਕਈ ਨਸਲਾਂ ਬਦਲ ਚੁੱਕੇ ਹੋਣਗੇ !

ਸਾਡੇ ਸ਼ਹਿਰ ਵਿਚ ਹੁਣੇ ਹੁਣੇ,
ਲੱਕੜ ਦਾ ਜੁ ਨਵਾਂ ਕਾਰਖ਼ਾਨਾ ਲੱਗਾ ਹੈ,
ਇਹ ਪੁਰਾਣੇ ਦਾ ਬਦਲ ਹੈ—
ਜੁ ਸੜ ਕੇ ਰਾਖ ਹੋ ਗਿਆ ਸੀ !
ਇਸ ਵਿਚ, ਹੁਣ
ਨਵੀਂ ਤਕਨਾਲੋਜੀ ਦੇ ਆਸਰੇ,
120 ਮਜ਼ਦੂਰ ਓਨਾ ਹੀ ਉਤਪਾਦਨ ਕਰਦੇ ਹਨ,
ਜਿੰਨਾਂ ਪੁਰਾਣੇ ਕਾਰਖ਼ਾਨੇ ਵਿਚ 500 ਕਰਦੇ ਸਨ !

ਨਿਸਦਿਨ, ਕੰਪਿਊਟਰ ਸੌਂਹੇਂ,
ਵਿਹਲੇ ਬੰਦਿਆਂ ਦਾ ਹਜੂਮ ਵਧ ਰਿਹਾ ਹੈ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਪਰ ...
ਕੰਪਿਊਟਰ ਦੇ ਕੰਨ ਨਹੀਂ ਹੁੰਦੇ,
ਅੱਖਾਂ ਨਹੀਂ ਹੁੰਦੀਆਂ !

ਕੰਪਿਊਟਰ ਤਾਂ ਇਹ ਵੀ ਨਹੀਂ ਜਾਣਦਾ ਕਿ
ਅਗਲੇ ਕੁਝ ਸਾਲਾਂ ਵਿਚ ਤਣ ਰਹੀ,
ਬੇਕਾਰਾਂ ਦੀ ਲਾਈਨ ਵਿਚ,
ਮੈਂ ਵੀ ਖੜ੍ਹਾ ਹੋਵਾਂਗਾ,
ਤੇ ਮੇਰੇ ਵਿੱਦਿਆਰਥੀ ਵੀ !

'ਤੇਰੀ ਨੌਕਰੀ ਕਾਇਮ ਰਹੇਗੀ,
ਕੁਝ ਸਿੱਖ', ਆਖ ਕੇ,
ਮੇਰੇ ਸੌਂਹੇਂ ਕੰਪਿਊਟਰ ਧਰ ਦਿੱਤਾ ਗਿਆ !!!

## ਬਿੰਦੂਆਂ ਦੇ ਸ਼ੀਸ਼ਾਕਾਰ ਨਿਰੰਤਰ ਰੂਪ ਤੇ ਮੈਂ

ਜਿਸਦਿਨ ਜੰਮੇਂ ਸਾਂ,
ਉਸੇ ਦਿਨ,
ਮੌਤ ਨਾਲ ਮੱਥਾ ਲੱਗ ਗਿਆ ਸੀ !

'ਜੀਵਨ' ਤੇ 'ਮੌਤ' ਦੋ ਸ਼ਬਦ ਹਨ,
ਦੋ ਬਿੰਦੂ ਹਨ—
ਵਿਚਕਾਰ ਸਮਾਂ ਹੈ :
ਵਿੰਗਾ, ਟੇਢਾ,
ਉੱਚਾ, ਨੀਵਾਂ,
ਡੱਬ-ਖੜੱਬਾ,
ਸੁਥਰਾ, ਸ਼ੀਸ਼ਾ,
ਮੈਲਾ, ਅਕਸ,
ਚਾਨਣ 'ਨ੍ਹੇਰਾ—


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਵਿਚਕਾਰ ਖਿੱਚਾਂ ਹਨ,
ਵਿਰੋਧ ਵਿਚ ਤਣੀਆਂ,
ਤਣ ਕੇ, ਟੁੱਟਣ ਤਕ ਆਈਆਂ :
    ਫੁੱਲ-ਪੱਤੀਆਂ ਹਨ,
    ਤਿਊਰਾਏ ਮਸਤਕ ਹਨ,
    ਪੁਰਜ਼ਾ ਪੁਰਜ਼ਾ ਹੋਏ,
    ਖੁਸ਼ਕ ਪੱਤਰਾਂ 'ਚ,
        ਖ਼ਿਜ਼ਾਂ ਹੈ—
        ਮੈਂ ਵਿਚ,
        ਮੈਂ ਹਾਂ, ਪਿਓ ਹੈ, ਮਾਂ ਹੈ !!!

ਜੀਵਨ ਤੋਂ ਮੌਤ ਤੱਕ ਦਾ ਸਫ਼ਰ,
ਬਿੰਦੂ ਤੋਂ ਬਿੰਦੂ ਵੱਲ ਮੁੜਨਾ ਹੈ।
ਬਿੰਦੂ ਦਾ ਬਿੰਦੂ ਵਿਚ
    ਤੁਰਨਾ ਹੈ,
    ਖੁਰਨਾ ਹੈ,
    ਕੁਰਨਾ ਹੈ,
    ਖੜ੍ਹਨਾ ਹੈ,
    ਠਰਨਾ ਹੈ,
    ਸੜਨਾ ਹੈ !!!
ਬਿੰਦੂ ਤੋਂ ਬਿੰਦੂ ਵਿਚਕਾਰ,
    ਕੇਵਲ ਕਰਮ ਹੈ !

ਬਿੰਦੂ ਹੀ ਪਰਮ ਸਤਿ,
ਬਿੰਦੂ ਹੀ ਆਤਮ-ਤੱਤ ਹੈ !

ਇਕ ਬਿੰਦੂ,
ਦੂਜੇ ਦਾ ਅਗਲਾ ਕਦਮ,
    ਦੂਜਾ ਪਾਸਾ ਹੈ !
ਇਕ ਬਿੰਦੂ, ਦੂਜੇ ਲਈ,
    ਭੁੱਖਾ ਹੈ,
    ਪਿਆਸਾ ਹੈ !!!


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਮੇਰੇ ਚਾਰ ਚੁਫ਼ੇਰੇ,
ਇਨ੍ਹਾਂ ਬਿੰਦੂਆਂ ਦੇ,
ਸ਼ੀਸ਼ਾਕਾਰ ਨਿਰੰਤਰ ਰੂਪ ਹਨ—
ਵਿਚ-ਵਿਚਕਾਰ ਖਿਚੀਂਦਾ ਮੈਂ :
ਟੁੱਟਦਾ,
ਖਿੰਡਦਾ,
ਹੋਣ ਹੋਣ ਕਰਦਾ,
ਪਲ, ਪਲ,
ਛਿਣ, ਛਿਣ,
ਨਿਹੋਣ ਵੱਲ ਵਧ ਰਿਹਾ ਹਾਂ !!!

ਕਦੇ ਕਦੇ ਜਾਪਦਾ ਹੈ, ਜਿਵੇਂ
ਮਨੁੱਖ ਦਾ ਜੰਮਣਾ ਹੀ,
ਉਸ ਦੀ ਮੌਤ ਹੈ !
ਜਲਦਾ ਹੈ ਬੁਝਣ ਲਈ, ਮਨੁੱਖ :
ਉਹ ਜੋਤ ਹੈ !!!

## ਵਿਹਲ

ਸੋਚਿਆ ਸੀ :
ਕਦੇ ਤਾਂ ਵਿਹਲੀ ਥਾਂ ਮਿਲੇਗੀ,
ਤੇ ਮਿਲੇਗੀ ਵਿਹਲ ਵੀ !!!

ਸੁਫ਼ਨਿਆਂ ਦੇ ਸੱਚ ਨੂੰ ਨਾ ਪਾ ਸਕੇ !

ਸੱਚ ਦੇ ਭਰਮ ਨੂੰ ਹੱਡੀਂ ਹੰਢਾ—
ਨਿੱਤ ਖੁਰੇ, ਨਿੱਤ ਕੁਰੇ ਤੇ ਵਿਖਰੇ
ਟੁੱਟ ਟੁੱਟ ਡੁੱਲ੍ਹੇ ਸਾਂ ਵਾਂਗੂੰ ਕੀਚਰਾਂ ...
ਬੱਸ ਕੱਚ ਵਾਂਗ।
ਕੱਚ ਜੁ ਟੁੱਟਣ ਲਈ ਬਣਿਆਂ, ਭਰਮ ਵਾਂਗ !
ਵਿਹਲ ਨਾ ਮਿਲਿਆ, ਨਾ ਵਿਹਲੀ ਥਾਂ ਹੀ !!!



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਵੇਖੀਆਂ ਵਿਰਲਾਂ, ਦਰਾੜਾਂ ਤੇ ਗੁਫ਼ਾਵਾਂ
ਪ੍ਰੇਤ-ਨਦੀਆਂ, ਪ੍ਰੇਤ-ਨਗਰ ਤੇ ਉਜਾੜਾਂ—
ਹਵਾ ਦਾ ਸੈਲਾਬ ਡਿੱਠਾ ਹਰ ਤਰਫ਼—
ਵਿਹਲ, ਵਿਹਲੀ ਥਾਂ ਕਿੱਥੇ ???

ਹੜ੍ਹ ਆਇਆ,
ਭਰ ਗਈਆਂ ਸਭ ਸੁੰਨ ਖ਼ਲਾਵਾਂ—
ਨੂਹ ਦੇ ਤੂਫ਼ਾਨ ਵਰਗੀ ਜ਼ਿੰਦਗੀ,
ਹਰ ਛਿਣ ਹੀ
ਆਪ, ਆਪਣੇ ਆਪ 'ਤੇ,
ਵਾਂਗ ਪਰਲੋ ਦੇ ਘਟੀ !
ਪਾਣੀ ਹੀ ਪਾਣੀ ਹਰ ਤਰਫ਼—
ਵਿਹਲ ਨਾ, ਵਿਰਲ ਨਾ, ਵਿਹਲੀ ਥਾਂ ਬਚੀ !

ਸੋਚ ਦੇ ਕੰਢਿਆਂ 'ਤੇ ਤੁਰੇ ਜ਼ਿਹਨ ਭਾਰ—
ਸੋਚਦੇ, ਕਿ,
ਸੋਚ ਵਿਚ ਬੀਤ ਜਾਏ ਨਾ ਜ਼ਿੰਦਗੀ—
ਵਿਹਲ ਕਿੱਥੇ ?
ਬੀਤ ਰਹੀ ਹੈ ਜ਼ਿੰਦਗੀ !!!

## ਸ਼ਬਦ ਦੀ ਦੁਨੀਆਂ

ਸ਼ਬਦ ਦੀ ਦੁਨੀਆਂ ਸੁਕੜਦੀ ਜਾ ਰਹੀ !
ਵਿੱਥ ਚੇਤੰਨ ਸੋਚ, ਬੋਲੇ ਸ਼ਬਦ, ਵਿਚਲੀ, ਕਿੰਜ ਭਰਾਂ ???
ਸੋਚ ਨੇ,
    ਚਿਤਵਿਆ ਇਕ ਬਾਲ,
ਜੰਮਿਆਂ, ਪਾਲਿਆ, ਪਰਵਾਨਿਆ।

ਇਕ ਬਿੰਦੂ ਦਾਇਰਿਆਂ ਵਿਚ ਫੈਲਿਆ—
ਘੇਰਾ, ਘੇਰਾ ਟੁੱਟਿਆ,
ਵਿਚ ਬਿੰਦੂਆਂ ਵਿੱਖਰਿਆ,
ਘੇਰਿਆਂ ਦਾ ਸਿਲਸਿਲਾ ਤੁਰਦਾ ਰਿਹਾ !



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਇਕ ਬਿੰਦੂ ਤੇ ਖੜ੍ਹੀ ਭਾਸ਼ਾ ਰਹੀ,
ਚੇਤਨਾ ਪਾਰੇ ਜਿਹੀ—
ਇਸ ਨੂੰ ਕਿਸ ਨੇ ਪਕੜਿਆ ???

ਅਸੀਮ ਅਭਾਸ਼ਾ ਬੜੀ,
    ਸੱਚ ਵਾਂਗਰਾਂ !!!

ਗਣਿਤ, ਸੂਤਰ, ਚਿੰਨ੍ਹਵਾਦ—
ਤੇ ਕੰਪਿਊਟਰ ਦੇ ਨਿਸ਼ਬਦੇ ਮਾਧਿਅਮ ਦੀ ਅਭਾਸ਼ਾ,
ਹੈ ਬੜੀ ਸਮਰੱਥ ?
    ਕਿੰਤੂ ਉਪਜਦਾ—
ਏਸ ਦਾਅਵੇ 'ਤੇ ਕਿ ਭਾਸ਼ਾ ਹੀ ਅਸਾਡੀ,
ਸੱਚ ਤਕ ਪਹੁੰਚਣ ਦਾ ਇੱਕੋ ਮਾਧਿਅਮ !!!

ਮਸਖ਼ਰਾ ਸੱਚ,
    ਚੁਟਕੀ ਵਜਾ ... ਤੇ
    ਨਜ਼ਰ ਮਟਕਾ—
ਇਸ ਪਾਰ, ਤੇ ਉਸ ਪਾਰ,
ਵਿਚ ਗਰਕੀ, ਗ਼ਾਰ ਦਿਖਲਾ—

ਲੰਘ ਜਾਂਦਾ ਹੈ ਅਗਾਂਹ,
ਛੱਡ ਕੇ ਭਾਸ਼ਾ ਪਿਛਾਂਹ !!!
ਸ਼ਬਦ, ਅਨੁਭਵ, ਅਰਥ ਦੇ ਵਿਚ,
ਖਿੱਚ ਹੁੰਦੀ, ਲੀਰੋ ਲੀਰ ਚੇਤਨਾ—
ਮਹਿਸੂਸ ਕਰਦੀ ਹੈ ਕਦੇ, ਕਿ
ਭਾਸ਼ਾ ਸਿਰਜਣ ਦਾ ਅਮਲ,
ਨਹੀਂ ਸੱਚ ਸਿਰਜਣ ਦਾ ਅਮਲ।
ਇਹ ਤਾਂ ਕਿਰਿਆ,
ਏਸ ਨੂੰ ਰੱਦਣ ਦੀ ਹੈ !

ਕਿੰਨੇ ਹਨ ਸੰਕੇਤ, ਅੰਦਰ;
ਬਾਹਰ ਤੇ ਆਲੇ ਦੁਆਲੇ ?


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਉਸ ਤਰਫ਼,
ਇਸ ਤਰਫ਼,
ਉੱਪਰ, ਹਿਠਾਂਹ, ਕਿੰਨੇ ਰਹੱਸ ?
ਨਿਸ਼ਬਦੇ ਬੋਲ ਕਿੰਨੇ ਹਨ,
ਅਲਿਖੇ ਤੇ ਅਭਾਸ਼ੇ ?

ਪਕੜਿਆ ਜਾਂਦਾ ਹੈ ਸ਼ਬਦਾਂ ਵਿਚ ਜੁ,
ਪੂਰਨ ਨਹੀਂ ਹੁੰਦਾ !

ਆਵਣ ਵਾਲੇ ਕੱਲ੍ਹ 'ਚ,
ਕੱਲ੍ਹ ਦਾ ਖੰਡਨ ਜਾਪਦਾ।

ਸੱਚ ਪ੍ਰਤੀਤੀ ਵਿਅਕਤੀਗਤ ਤੇ
ਭਾਸ਼ਾ ਵਤੀਰਾ ਹੈ ਸਮਾਜਕ !
ਇਕ ਤੇ ਅਨੇਕ ਦੇ ਵਿਚਕਾਰ ਖਾਈ,
ਮਾਧਿਅਮ, ਮੰਤਵ 'ਚ ਜੀਕੂੰ ਠਣ ਗਈ !!!

ਸ਼ਬਦ ਦੀ ਦੁਨੀਆ ਸੁਕੜਦੀ ਜਾ ਰਹੀ !
ਵਿੱਥ ਚੇਤੰਨ ਸੋਚ, ਬੋਲੇ ਸ਼ਬਦ, ਵਿਚਲੀ, ਕਿੰਜ ਭਰਾਂ ???

## ਅੰਦਰ ਬਾਹਰ ਵੇਖਦਿਆਂ

### (ਪ੍ਰਭਾਵ ਸਕੇਪ)

1.
ਓਸਦੇ ਚਿਹਰੇ ਦੀ, ਫਿਰ
ਗਲੇਸ਼ੀਏਸ਼ਨ ਸ਼ੁਰੂ ਹੋ ਗਈ ਸੀ;
ਕੁਝ ਹੋਣੀ ਜੰਮ, ਕੁਝ ਖੁਰ ਰਹੀ ਸੀ !

2.
ਸਨੋਮੈਨ ਬਣਾ ਕੇ,
ਉਸ ਦੀਆਂ ਅੱਖਾਂ 'ਚ,
ਲਹੂ ਦਾ ਰੰਗ ਭਰ ਦਿੱਤਾ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਕਿਸ ਨੇ ਠਰਕੇ ਹੌਂਸਲੇ ਵਿਚ,
ਅੱਗ ਦਾ ਕਾਂਬੜ ਧਰ ਦਿੱਤਾ !!!

3.
ਦੇਹ ਨਰਕ ਭੋਗਦੀ,
ਜ਼ਿਹਨ ਤਬਦੀਰ ਘੜਦਾ ਹੈ।
ਏਥੇ ਹਰ ਛਿਣ, ਸੂਰਜ
ਡੁੱਬਦਾ ਤੇ ਚੜ੍ਹਦਾ ਹੈ !

4.
ਉਨ੍ਹਾਂ ਤਾਂ ਸੁਫ਼ਨੇ ਲੈਣੇ ਵੀ ਛੱਡ ਦਿੱਤੇ ਹਨ !
ਜਿਸ ਭੋਂ 'ਚੋਂ ਸੂਰਜ ਜੰਮਣੇ ਸਨ,
ਉਸ ਭੋਂ 'ਚ ਸੋਹ ਦੇ ਤਕਲੇ ਗੱਡ ਦਿੱਤੇ ਹਨ !

5.
ਮਰਨ ਤੋਂ ਪਹਿਲਾਂ ਹੀ, ਉਨ੍ਹਾਂ 'ਤੇ ਮੌਤ ਆ ਗਈ ਹੈ,
ਉਨ੍ਹਾਂ ਦੀ ਕੁੱਖ : ਉਨ੍ਹਾਂ ਦੀ ਹਰ ਸੋਚ, ਸੁਫ਼ਨਾ ਖਾ ਗਈ ਹੈ !

6.
ਵੋਟਾਂ, ਨੇਤਾ, ਗਣਰਾਜ, ਸਭ ਕੁਝ ਅਪਣਾ ਲਿਆ ਹੈ—
ਕੜਕ, ਰੜਕ, ਖੜਕ ਨਹੀਂ ਸਕਦੇ,
ਅੰਦਰਲਾ ਇਨਕਲਾਬ, ਧੀਮਾ ਜ਼ਹਿਰ ਖਾ ਰਿਹਾ ਹੈ !

7.
ਚਿਹਰੇ 'ਚ ਚਿਹਰਾ ਪਿਘਲ ਰਿਹਾ ਹੈ !
ਨਕਸ਼ ਵਿਚ ਨਕਸ਼ ਉਲਝ ਗਿਆ ਹੈ !
ਸਭ ਕੁਝ ਹੀ ਉਲਟ ਪੁਲਟ ਗਿਆ ਹੈ !
ਜੋ ਆਪਣੀ ਗੱਲ ਕਰਦਾ ਸੀ, ਕਦੇ,
ਉਹ ਇਨਸਾਨ ਕਿੱਧਰ ਗਿਆ ਹੈ !!!

8.
ਇਨਕਲਾਬੀ, ਹੱਥਲ ਹੋ ਰਹੇ ਨੇ !
ਸਿਆਣੇ, ਘੱਕਲ ਹੋ ਰਹੇ ਨੇ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਜਿਨ੍ਹਾਂ ਊਸ਼ਾ ਜਮਾਉਣੀ ਸੀ,
ਉਹ ਖ਼ੁਦ ਖੱਬਲ ਹੋ ਗਏ ਨੇ !

9.
ਨਾਲੀ ਵਿਚ ਕੀੜੇ ਰੀਂਗਦੇ ਹਨ
ਉਹ ਵੀ ਰੀਂਗਦੇ ਹਨ !
ਅੰਬਰ 'ਤੇ ਪੰਛੀ ਉੱਡਦੇ ਹਨ,
ਉਹ ਕਿਉਂ ਉਡਣ ???

10.
ਅੰਬਰ 'ਤੇ ਸੱਤਰੰਗੀਆਂ ਹਨ,
ਹੋਣਗੀਆਂ !
ਖੁੱਲੀ ਹਵਾ, ਉੱਡਦੇ ਪੰਛੀ ਹਨ,
ਹੋਣਗੇ !
ਉਹ, ਜੁ ਕਹਿੰਦੇ ਸਨ :
'ਜੋ ਨਾ ਸੋਚਣਗੇ, ਰੋਣਗੇ।'
ਕਹਿੰਦੇ ਹਨ :
'ਹੁਣ ਤਾਂ
ਸੋਚ ਦਾ ਤਸੱਵਰ ਕਰਨ ਵਾਲੇ ਵੀ ਰੋਣਗੇ !'

11.
ਆਪ ਹੀ, ਆਪਣਾ ਬੰਦੀ ਹੋ ਗਿਆ ਹੈ !
ਦਰਿਆ, ਤੁਪਕੇ ਸਮੋ ਗਿਆ ਹੈ !
ਛਿਣ, ਟੁੱਟ ਕੇ, ਖੜੋ ਗਿਆ ਹੈ !
ਖੁੱਲ੍ਹਾ ਅੰਬਰ ਸੀ, ਫੁੱਲ, ਖੇੜਾ ਸੀ ਕਦੇ,
ਇਨਸਾਨ ਸੁਕੜ ਕੇ, ਗੁੰਬਦ ਕਿਉਂ ਹੋ ਗਿਆ ਹੈ ?

12.
ਮਹਿਕ ਵਿਚ ਮਹਿਕ ਰਲਦੀ ਹੈ !
ਨਦੀ ਵਗਦੀ ਤੇ ਪੌਣ ਚੱਲਦੀ ਹੈ !
ਘੜੀ ਤੋਂ ਟਲਿਆਂ ਵੀ, ਕਦੇ
ਘੜੀ ਟਲਦੀ ਹੈ !!!


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

13.
ਅਭਿਮੰਨਿਊ ਉਹ ਹੀ ਹੈ,
ਚੱਕ੍ਰਵਯੂਹ ਬਦਲ ਗਿਆ ਹੈ !
ਮਹਾਂ-ਸ਼ਕਤੀਆਂ ਦਾ ਵਿਹੁ-ਘੇਰਾ,
ਹਰ ਇਨਸਾਨ, ਘਿਰ ਗਿਆ ਹੈ !

14.
ਸ਼ਾਸ਼ਕ, ਮਿਸਲਾਂ, ਐਟਮ ਬੰਬਾਂ ਦੀ ਭਾਸ਼ਾ ਬੋਲਦੇ ਹਨ,
ਵਿਗਿਆਨੀ, ਇਨਸਾਨੀ ਅਜ਼ਮਤ, ਬਰਬਾਦੀ 'ਚੋਂ ਟੋਲਦੇ ਹਨ !

15.
ਇਹ ਕਿਸ ਦਾ ਜ਼ਿਹਨ ਸੂਲਾਂ 'ਤੇ !
ਇਹ ਕਿਸ ਨੇ ਜੀਭ ਸੀਤੀ ਹੈ !
ਹਰੇ ਸੰਘਰਸ਼ ਬਾਝੋਂ, ਜੁ,
ਉਸੇ ਨੇ ਜ਼ਹਿਰ ਪੀਤੀ ਹੈ !

16.
ਮੈਂ ਜਦ ਵੀ ਫੁੱਲ ਬਣ ਖਿੜਿਆ,
ਮੈਂ ਜਦ ਵੀ ਤ੍ਰੇਲ ਪੀਤੀ ਹੈ—
ਕਦੇ ਕਿਰਨਾਂ 'ਚੋਂ ਸੂਲਾਂ 'ਚੋਂ,
ਕਦੇ ਸੂਰਜ 'ਚੋਂ, ਦਰਿਆ 'ਚੋਂ,
ਸਮੁੰਦਰ 'ਚੋਂ, ਹਵਾ 'ਚੋਂ ਵੀ—
ਮੈਂ ਤੱਕਿਆ ਰੂਪ ਜ਼ਿੰਦਗੀ ਦਾ,
ਮੈਂ ਆਪਣੀ ਗੱਲ ਕੀਤੀ ਹੈ !

17.
ਤੁਰਦੇ ਤੁਰਦੇ, ਖੜ੍ਹ ਗਏ ਹਨ !
ਖੁਦ ਨਾਲ ਲੜੇ, ਸਭ ਨਾਲ ਲੜੇ,
ਥੱਕੇ, ਅੱਕੇ, ਬੇਬਸ ਜਿਹੇ—
ਅੰਦਰ ਵੜ ਗਏ ਹਨ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

18.
ਰੁੱਖ, ਟੁੱਟ ਕੇ, ਝੁਕਦਾ ਹੈ !
ਮਨੁੱਖ, ਝੁਕ ਕੇ, ਟੁੱਟਦਾ ਹੈ !

19.
ਲਹੂ ਨੂੰ ਅੱਗ ਲਾਉਣ ਵਾਲੇ ਹੋ ?
ਕੀ ਤੁਸੀਂ,
ਸਭ ਨੂੰ ਜਗਾਉਣ ਵਾਲੇ ਹੋ ?

20.
ਜ਼ੱਰਾ ਜ਼ੱਰਾ, ਬ੍ਰਹਿਮੰਡ ਹੋ !
ਫਿਰ ਵੀ ਸਹਿਰਾਅ, ਅਖੰਡ ਹੈ !
ਕਦੇ ਸੂਰਜਾਂ ਦੀ ਛਹਿਬਰ,
ਕਦੇ 'ਨ੍ਹੇਰਿਆਂ ਦੀ ਫ਼ੰਡ ਹੈ !

## ਕੱਚ ਸੱਚ

ਸ਼ੀਸ਼ਿਆਂ ਤੋਂ, ਜੁ ਕੁਝ ਹੋਇਆ, ਉਨ੍ਹਾਂ ਕੀਤਾ—
ਮੈਂ ਹੀ ਖ਼ੁਦ ਨੂੰ ਨਾ ਪਹਿਚਾਣਿਆ !
ਅੰਦਰਲੀ ਆਵਾਜ਼ ਦੀ ਪਹਿਚਾਣ ਲਈ,
ਬਾਹਰ ਦਾ ਹਰ ਕੱਚ, ਸੱਚ ਕਰ ਜਾਣਿਆ !
ਦੇਰ ਬਾਅਦ ...
ਬਹੁਤ ਦੇਰ ਬਾਅਦ ...
ਅੰਦਰ ਵਲ ਪਰਤਿਆ ਹਾਂ !
ਅੰਦਰ ਰੋਹੀ ਬੀਆਬਾਨ ਹੈ !
ਅੰਦਰ ਦੇ ਹਰ ਪੱਛ ਵਿਚ,
ਬਾਹਰ ਦਾ ਨਿਸ਼ਾਨ ਹੈ !
ਅੰਦਰ ਲਾ-ਪਤਾ ਹੈ,
ਅੰਦਰ ਲਾ-ਮਕਾਨ ਹੈ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

## ਲੋਅ ਤੇ ਛਾਂ

ਧੁੱਪ, ਛਾਂ ਨਾਲ ਲੜਦੀ ਰਹੀ,
ਤੇ ਰਾਗਨੀ, ਆਵਾਜ਼ ਨਾਲ !
ਆਵਾਜ਼, ਗਲੇ 'ਚੋਂ ਰਿਹਾਅ ਹੋਈ,
ਤਾਂ ਸੂਰਜ ਬਣ ਗਈ !
ਬਾਕੀ ਤਾਂ—
ਧਰਤੀ ਦਾ ਘੁੰਮਣਾ ਹੈ ...

ਲੋਅ ਤੇ ਛਾਂ ਜਿੱਥੇ ਦੋ ਨਹੀਂ ਰਹਿੰਦੇ,
ਉੱਥੋਂ ਤਕ ਰੂਹ ਦਾ ਚੱਲਣਾ,
ਜਿਸਮ ਦਾ ਢਲਣਾ ਹੈ !

## ਮੇਰਾ ਬਿੰਦੂ ਮੇਰਾ ਸੂਰਜ

ਦਾਇਰੇ ਦੇ ਵਿਚ ਘੁੰਮ ਰਹੇ ਦਾ,
ਮੁੱਲ ਮਿਥ ਨਾ ਹੋਵੇ !
ਇਕ ਦਾਇਰਾ, ਇਕ ਦਾਇਰਾ ਕੇਵਲ—
ਇਕ ਬਿੰਦੂ, ਸੌ ਦਾਇਰਾ ਹੋਵੇ !

ਬਿੰਦੂ ਵਿੱਚੋਂ, ਦਾਇਰਾ ਉਪਜੇ,
ਮੈਂ ਤੂੰ, ਘਿਰੇ ਘਿਰਾਓ !
ਮੁੱਲ ਸਿਰਜ ਕੇ ਬੰਦੀ ਬਣਿਆਂ,
ਜੀਵਨ ਸੰਦੜਾ ਚਾਓ !

ਇਹ ਦਾਇਰਾ, ਉਹ ਦਾਇਰਾ ਹੋਵੇ,
ਉਹ ਦਾਇਰਾ, ਔਹ ਘੇਰਾ !
ਸੂਰਜ ਵਾਂਗ, ਨਿਰੰਤਰ ਲੀਕੇ—
ਬਿੰਦੂ, ਤੇਰਾ ਮੇਰਾ !

ਬਿੰਦੂ ਅੰਦਰ ਬੀਜ, ਬੀਜ ਵਿਚ :
ਪਾਣੀ, ਕੁਦਰਤ, ਪ੍ਰਾਣੀ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

'ਨ੍ਹੇਰ ਖਿਦੇੜੇ; ਸੂਹਜ ਤੇ ਖੇੜੇ,
ਵੰਡੇ ਸਮੇਂ ਦਾ ਹਾਣੀ !

ਹਰ ਕੋਈ ਮਰਨ, ਜਿਊਣ ਦਾ ਬੰਦੀ,
ਕਰ ਕਰ, ਫਿਸ ਫਿਸ ਜਾਵੇ !
ਮੁੱਲ ਉਹਦਾ, ਜੁ ਪਕੜ ਵੀਣੀਓਂ
ਸਮੇਂ ਨੂੰ ਬੰਨ੍ਹ ਬਹਾਵੇ !

ਜਿਸ ਬਿੰਦੂ ਵਿਚ ਝੀਲ, ਨਦੀ ਹੈ,
ਉਹ ਬਿੰਦੂ ਮੈਂ ਫੜਿਆ !
ਮੇਰੇ ਅੰਦਰ ਸਾਗਰ, ਧਰਤੀ,
ਅੰਬਰ ਸੂਰਜ ਚੜ੍ਹਿਆ !

## ਅਗਲੀ ਨਸਲ ਦੇ ਬੀਜ

ਨਹੀਂ, ਨਹੀਂ—
ਇਹ ਕੌਣ ਚਾਹੁੰਦਾ ਹੈ, ਕਿ
ਬੀਆਂ ਮੂੰਹ ਪ੍ਰਮਾਣੂੰ ਬੰਬ ਫੁੱਟਣ ???

ਸਾਨੂੰ ਪਤਾ ਹੈ
ਤੁਸੀਂ, ਇਹ ਸਭ, ਕਰ ਸਕਦੇ ਹੋ !
ਤੁਸੀਂ ਜਿਨ੍ਹਾਂ
ਕੁੱਕੜ ਬਿਨਾਂ ਅੰਡਾ ਪੈਦਾ ਕੀਤਾ;
ਆਦਮੀ ਨੂੰ ਯਾਂਤਰਕ ਦਿਲ ਦਿੱਤਾ !

ਤੁਸੀਂ, ਜਿਨ੍ਹਾਂ
ਮਸਨੂਈ ਤਪਸ਼-ਘਰਾਂ ਵਿਚ,
ਰੁੱਤਾਂ ਨੂੰ ਨੱਥ ਪਾਈ,
ਉਪਜ ਵਧਾਈ—
ਕੁਦਰਤ ਦੀ ਕਰਤਾਰੀ ਕਾਰੀਗਰੀ ਵੀ,
ਮਸ਼ੀਨ ਦੀ ਬੰਦੀ ਬਣਾਈ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਤੁਸੀਂ, ਜਿਨ੍ਹਾਂ
ਕੰਪਿਊਟਰ ਦੀ ਪਹਿਲੀ, ਦੂਜੀ, ਤੀਜੀ, ਨਸਲ ਚਲਾਈ,
ਵਾਹ ! ਵਾਹ !! ਮਸ਼ੀਨੀ ਜ਼ਿਹਨ ਦੀ ਵੇਸਵਾਈ !!!

ਤੁਸੀਂ ਸਰਬ ਸ਼ਕਤੀਮਾਨ ਹੋ !!!

ਤੁਸੀਂ ਜੁ ਮਨੁੱਖ ਨੂੰ ਪੁਰਜ਼ਿਆਂ ਵਾਂਗ,
ਅਸੈਂਬਲ ਕਰਨ ਦੀ ਯੋਗਤਾ ਕਮਾ ਰਹੇ ਹੋ—
ਤੁਸੀਂ ਸਭ ਕੁਝ ਕਰ ਸਕਦੇ ਹੋ !!!

ਪਰ, ਨਹੀਂ—
ਇਹ ਕੌਣ ਚਾਹੁੰਦਾ ਹੈ, ਕਿ
ਬੀਆਂ ਮੂੰਹ ਪ੍ਰਮਾਣੂ ਬੰਬ ਫੁੱਟਣ ???

## ਸ਼ਬਦਾਂ ਤੇ ਅਰਥਾਂ ਵਿਚਕਾਰ

ਤੁਸੀਂ ਠੀਕ ਕਹਿੰਦੇ ਹੋ :
ਇਹ ਚਿੱਥੇ, ਚਗਲੇ ਸ਼ਬਦ ਹਨ
ਹਜ਼ਮੇ, ਹੱਗੇ ਖ਼ਿਆਲ !
'ਜੰਗ', 'ਜੀਵਨ', 'ਮੌਤ', 'ਤਬਾਹੀ',
'ਅਮਨ', 'ਨੀਤੀ', 'ਰੌਸ਼ਨ ਸਿਆਹੀ'—
ਤੁਸੀਂ ਇਹ ਸ਼ਬਦ ਕਿਉਂ ਵਰਤੋ ?
ਤੁਸੀਂ ਇਹ ਖ਼ਿਆਲ ਕਿਉਂ ਹੰਢਾਉ ???
ਤੁਸੀਂ ਤਾਂ ਨਵੇਂ ਦਿਸਹੱਦਿਆਂ ਦੀ ਕੁਮੰਦ ਹੋ,
ਬਹੁਤ ਬੁਲੰਦ ਹੋ !!!

ਨਵਾਂ ਪ੍ਰਯੋਗਕਾਰ,
ਨਵੀਂ ਸ਼ੈਲੀ, ਨਵਾਂ ਧਿਆਨ ਹੈ !
ਨਿੱਤ ਨਵੇਂ ਖ਼ਿਆਲ, ਨਵੀਂ ਕਲਪਨਾ—
ਰੂਪ ਨਵਾਂ, ਸ਼ਬਦ ਨਵਾਂ ਬਿੰਬ-ਵਿਧਾਨ ਹੈ !
ਪ੍ਰਯੋਗਕਾਰ ਹੀ ਤਾਂ ਧੁਰੀ ਹੈ,
ਧੁਰੀ 'ਤੇ ਜਹਾਨ ਹੈ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਪਰ ਨਹੀਂ,
ਤੁਸੀਂ 'ਜਹਾਨ' ਸ਼ਬਦ ਕਿਉਂ ਵਰਤੋ,
'ਇਨਸਾਨ' ਸ਼ਬਦ ?
'ਸੂਰਜ' ਤਾਂ ਅਜ਼ਲ ਤੋਂ 'ਚੜ੍ਹ' ਰਿਹਾ ਹੈ,
ਉਹ ਤੁਹਾਡਾ ਅੰਗ ਨਹੀਂ !
'ਧਰਤੀ' ਦਾ 'ਘੁੰਮਣਾ', ਘੁੰਮਦੇ ਰਹਿਣਾ,
'ਪਿੰਡ', 'ਬ੍ਰਹਿਮੰਡ' ਆਦਿ-ਕਾਲ, ਜੁਗਾਦਿ ਕਾਲ !
ਤੁਸੀਂ ਕੀਤੀ ਹੋਈ ਗੱਲ ਕਿਉਂ ਕਰੋ ?
'ਦੁਨੀਆ' ਦਾ ਕੀ ਹੈ ?
ਜਿਸ ਤਰਫ਼ ਜਾਂਦੀ ਹੈ, ਜਾਣ ਦਿਓ—
ਜੇ ਮੂਹਰੇ ਖੱਡਾ ਹੈ,
ਪ੍ਰਮਾਣੂ ਬੰਬਾਂ ਦਾ—
ਫਟਣ 'ਤੇ ਆਇਆ ਅੱਡਾ ਹੈ,
ਤਾਂ ਤੁਹਾਨੂੰ ਕੀ ਪਈ ਹੈ
ਕਿ ਤੁਸੀਂ 'ਬਚੋ' ਸ਼ਬਦ ਨੂੰ 'ਬਚਾ' ਕੇ ਅਰਥ ਦਿਓ !
ਜ਼ਿੰਦਗੀ ਦਾ ਕੀ ਹੈ ? ਏਸ ਨੂੰ ਗ਼ਰਕਣ ਦਿਓ !!!
ਤੁਸੀਂ ਤਾਂ ਪ੍ਰਯੋਗਕਾਰ ਹੋ !
ਕਿਸੇ ਦੀ ਕਹੀ ਹੋਈ ਗੱਲ, ਕਿਉਂ ਕਰੋ ?
ਬੜੇ ਖ਼ੁੱਦਦਾਰ ਹੋ !!!
ਇਹ ਚਿੱਥੇ-ਚਗ਼ਲੇ ਸ਼ਬਦ ਹਨ,
ਹਜ਼ਮੇਂ, ਹੱਗੇ ਖ਼ਿਆਲ !!!

## *ਮੌਕ ਯੁੱਧ

ਉਹ, ਜੁ ਸਾਥੋਂ
ਸਾਰੀ ਉਮਰ ਨਾ ਹਰੇ,
ਨਾ ਡਰੇ, ਨਾ ਮਰੇ—
ਉਨ੍ਹਾਂ ਦੇ ਪੁਤਲੇ ਬਣਾਵਾਂਗੇ !
ਜ਼ਮੀਨ ਵਿਚ ਗੱਡ,
ਜ਼ੱਰਾਬਕਤਰ ਪਹਿਨਾਵਾਂਗੇ !

---

* Mock War



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਸੂਤ ਤਲਵਾਰਾਂ,
ਚੜ੍ਹ ਘੋੜਿਆਂ 'ਤੇ, ਉਨ੍ਹਾਂ ਨੂੰ
ਫੁੰਡਾਂਗੇ ਨਿਸ਼ਾਨੇ ਵਾਂਗ,
ਵਾਰ ਕਰੀ ਜਾਵਾਂਗੇ !
ਉੱਡਣੇ ਇਹ ਸੱਪ
ਅਸੀਂ ਕੀਲ ਕੇ ਬਿਠਾਵਾਂਗੇ।
ਅੱਖਾਂ ਵਿਚ ਬਿਜਲੀਆਂ
ਤੇ ਭੁਜਾਂ 'ਚ ਤੂਫ਼ਾਨ—
ਇਤਿਹਾਸ ਨੂੰ ਜਗਾਵਾਂਗੇ !

... ... ...
... ... ...
ਧਰਤੀ ਵਿਚ ਗੱਡੇ,
ਉਹ ਅਚੱਲ ਹਨ !
ਉਨ੍ਹਾਂ ਦੇ ਜ਼ੱਰਾਬਕਤਰ ਹੀ ਉਨ੍ਹਾਂ ਦੀ ਖੱਲ ਹਨ !
ਇਹ, ਉਹੀ ਲੋਕ ਹਨ,
ਜਿਨ੍ਹਾਂ ਨਾਲ ਇਕ ਇਕ ਕਰ ਕੇ,
ਸਾਰੀ ਉਮਰ ਅਸੀਂ ਲੜਨਾ ਸੋਚਿਆ,
ਪਰ ਲੜ ਨਾ ਸਕੇ।

ਇਹ, ਉਹੀ ਚੋਰ ਹਨ—
ਹਵਾ ਵਿਚ ਹਵਾ ਹੋਏ ...
ਅਸੀਂ ਫੜਨਾ ਚਾਹਿਆ ਪਰ ਫੜ ਨਾ ਸਕੇ !
ਰਾਤ ਨੂੰ ਇਹ ਫਿਰ ਸਾਨੂੰ ਸੌਣ ਨਹੀਂ ਦੇਣਗੇ,
ਨੀਂਦ ਵਿਚ ਆਉਣਗੇ,
ਸੁਪਨੇ ਚੁਰਾਉਣਗੇ !
ਰੌਂਦ ਰੌਂਦ ਤੁਰਨਗੇ—
ਇਹ ਹੋਂਦ ਸਾਡੀ—
ਖ਼ੂਬ ਦਨਦਨਾਉਣਗੇ !!!

ਇਹ, ਉਹੀ ਲੋਕ ਹਨ, ਜੁ ਸਾਨੂੰ
ਸੱਚ ਫੜਾਉਣਾ ਨਹੀਂ ਚਾਹੁੰਦੇ !
ਇਹ ਉਹੀ ਲੋਕ ਹਨ,
ਜੁ ਸਾਡੇ,


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਖੰਭ ਕੁਤਰ, ਸੁਪਨ-ਹੀਣ ਜੀਣ ਲਈ ਮਜਬੂਰ ਕਰਨ,
ਕਲਪਨਾ ਨੂੰ ਬੰਦੀ ਕਰਨ !!
... ... ...
... ... ...
ਸੁਫ਼ਨੇ ਇਹ ਵੰਡ ਨਹੀਂ ਸਕਦੇ,
ਸੱਚ ਇਹ ਜੱਣ ਨਹੀਂ ਸਕਦੇ,
ਇਹ ਕੇਵਲ ਸੱਤਾ ਦੇ ਹਨ—
ਆਪਣੇ ਵੀ ਬਣ ਨਹੀਂ ਸਕਦੇ ...
ਸ਼ਕਤੀ ਹੀ ਜਣਨਗੇ,
ਮਨੁੱਖ ਇਹ ਜਣ ਨਹੀਂ ਸਕਦੇ ...
ਇਹ ਉਹੀ ਲੋਕ ਹਨ !

ਕਿੰਨਾ ਚਿਰ, ਹੋਰ ਹੁਣ ਕਿੰਨਾਂ ਚਿਰ ...
ਢਿੱਡਾਂ ਵਿਚ ਗੰਢ ਮਾਰ,
ਭੋਂ ਵਿਚ ਨਜ਼ਰ ਗੱਡ,
ਨੀਵੀਂ ਧੌਣ, ਗੋਡਿਆਂ 'ਤੇ, ਢਿੱਡ ਭਾਰ ਰਿੜ੍ਹਾਂਗੇ ?
ਇਨ੍ਹਾਂ ਦੇ ਹੀ ਖੇਤ ਹਨ,
ਇਨ੍ਹਾਂ ਦੀ ਹੀ ਉਪਜ ਹੈ,
ਪਰ ਅਸੀਂ, ਕਿੰਨਾਂ ਚਿਰ
ਬਲਦ ਵਾਂਗ ਜੁਪਾਂਗੇ ?
ਟਿੰਡਾਂ ਵਾਂਗ ਗਿੜਾਂਗੇ ??
ਕਿਵੇਂ ਅਸੀਂ ਸਮਝਾਂਗੇ ?
ਕਦੋਂ ਅਸੀਂ ਖਿੜਾਂਗੇ ???
ਸੱਚ ਨਹੀਂ, ਤਾਂ ਨਾ ਸਹੀ—
ਸੁਪਨੇ ਹੀ ਲਵੋ ...
ਮੌਕ ਯੁੱਧ ਹੀ ਲੜੋ ...
ਕੁਝ ਤਾਂ ਕਰੋ !!!

## ਸਿਆਸੀ ਕੈਦੀ ਦੀ ਡਾਇਰੀ 'ਚੋਂ ਇਕ ਪੰਨਾ

ਧੁੰਦ ਦਾ ਹੱਥ ਪਕੜ ਕੇ, ਜਿਸ ਨੇ
ਸੂਰਜ ਦੀ ਤਕਦੀਰ ਲਿਖੀ।



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਉਸ ਦੇ ਪੈਰੀਂ, ਗੁਲਿਸਤਾਨ ਕੀ,
ਸਾਰੀ ਕੁਦਰਤ ਆਣ ਪਈ !!!

ਸੂਰਜ ਵਿੱਚੋਂ ਚਾਨਣ ਵੇਖੇ,
ਹਰ ਕੋਈ, ਚਾਨਣ ਸੰਗ ਪਰਛਾਵੇਂ !
ਧੁੰਦ ਦੇ ਹੱਥ ਨਾਲ, ਚਾਨਣ-ਰੇਖਾ
ਵਾਹੁੰਦੇ ਟਾਵੇਂ ਟਾਵੇਂ !

ਪੈਰ ਪੈਰ 'ਤੇ ਪਹਿਨ ਕੇ ਉਲਝਣ,
ਥੱਕੇ ਅੰਗੀਂ ਅੱਕੀਆਂ ਕੜੀਆਂ !
ਖੁੱਸੇ ਮਨ ਵਿਚ, ਸਾਗਰ-ਜ਼ੋਰਾ,
ਦਾਵਾਨਲ ਦੀਆਂ ਕਾਂਗਾਂ ਚੜ੍ਹੀਆਂ !

ਜੇਲ੍ਹ ਦੀਆਂ ਦੀਵਾਰਾਂ ਅੰਦਰ,
ਜੇਲ੍ਹ ਦੀ ਹਸਤੀ ਡੋਲ ਰਹੀ !
ਸਿਰ 'ਤੇ ਕੱਫਣ, ਲਹੂ ਨਜ਼ਰ ਵਿਚ,
ਸਗਲੀ ਹਸਤੀ ਖੌਲ ਰਹੀ !

ਧੁੰਦ ਦਾ ਹੱਥ ਹੀ, ਹੱਥ ਚਾਨਣ ਦਾ,
ਸੂਰਜ ਦੀ ਤਸਵੀਰ ਅਸੀਂ !
ਮੌਤ ਦੇ ਦੀਪਕ, ਜੋਤ ਅਮਰ ਹੈ,
ਜੋਤ ਦੀ ਜਦ ਤਬਦੀਰ ਅਸੀਂ !

ਧੁੰਦ ਹੀ ਆਦਿ ਜੁਗਾਦੀ ਜਣਨੀ,
ਤੀਜੀ ਅੱਖ ਜਗਾਵਣ ਲਈ !
ਬੇਹਿੰਮਤੀ 'ਚੋਂ, ਹਿੰਮਤ ਖੋਜਣ,
ਖੁਦ 'ਚੋਂ, ਸਭ ਨੂੰ ਪਾਵਣ ਲਈ !

ਧੁੰਦ ਦਾ ਹੱਥ ਪਕੜ ਕੇ, ਜਿਸ ਨੇ
ਸੂਰਜ ਦੀ ਤਕਦੀਰ ਲਿਖੀ !
ਉਸ ਦੇ ਪੈਰੀਂ, ਗੁਲਿਸਤਾਨ ਕੀ,
ਸਾਰੀ ਕੁਦਰਤ ਆਣ ਪਈ !!!


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

# ਚਿੰਤਨ

ਸੂਰਜ ਨਾਲ ਮੁਹੱਬਤ ਸਾਂਝੀ,
'ਨ੍ਹੇਰੇ ਸੰਗ ਅਸ਼ਨਾਈ।
ਲੁੱਕਣ-ਮੀਟੀ ਦੇ ਵਿਚ ਦੀਦੇ,
ਸਭ ਦਸਦਾ, ਅਣਦਿਸਦਾ ਵੀ।

ਧੁੱਪ ਵਿਚ ਕਿਰਨਮ ਕਿਰਨਮ ਸੂਲਾਂ,
ਵਿੱਝੀ ਵਿੱਝੀ ਦੇਹੀ।
ਮਨ ਵਿਚ ਦਰਦ; ਸਵਾਦ, ਝੱਰਨਾਹਟ,
ਬਣਿਆਂ ਦਰਦ ਦਵਾ ਵੀ !

ਨ੍ਹੇਰੇ ਦੇ ਵਿਚ ਸੂਰਜ ਵੱਸਿਆ,
ਚਾਨਣ ਦੇ ਵਿਚ 'ਨ੍ਹੇਰਾ !
ਚਾਹੀਏ ਤਾਂ ਅਸੀਂ ਸ਼ਾਮ ਪਵਾਈਏ,
ਚਾਹੀਏ, ਹੋਏ ਸਵੇਰਾ !

ਬਰਫ਼, ਭਾਫ਼, ਬੱਦਲ ਤੇ ਬਰਖਾ,
ਕੁਲ ਕੁਲ ਵਗਦਾ ਪਾਣੀ।
ਵੱਖ ਵੱਖ ਨਾਮ ਇੱਕੋ ਹਸਤੀ ਦੇ—
ਵਾਣੀ ਤੇ ਨਿਰਵਾਣੀ !

ਚੁੱਪ ਦੇ ਦਰ 'ਤੇ ਸ਼ੋਰ ਸ਼ਰਾਬਾ,
ਸ਼ੋਰ ਦੇ ਦਰ ਰੁਸਵਾਈ।
ਅੰਦਰੋਂ ਸੱਖਣੀ ਖ਼ਲਕਤ ਲੱਭੇ,
ਬਾਹਰ ਕਿੰਜ ਰੁਸ਼ਨਾਈ ???

ਦੇਹ ਦੀ ਸੂਲੀ ਮਨ ਲਟਕਾਇਆ,
ਅਸੀਂ ਪੈਗੰਬਰ ਹੋਏ।
ਮਰ ਕੇ ਜਿਊਣਾ, ਜਿਊ ਕੇ ਮਰਨਾ :
ਸਹਿਜ, ਸੁਹਜ, ਬੁੱਧ-ਲੋਏ !



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਅੰਦਰੋਂ ਬਾਹਰ ਸੜਕਾਂ ਤਣੀਆਂ,
ਬਾਹਰੋਂ ਅੰਦਰ ਤਰਫ਼ਾਂ।
ਅਰਥ ਭਾਲਦੀ ਬੁੱਧੀ ਭੁੱਲੀ,
ਉਲਝ ਗਈ ਵਿਚ ਹਰਫ਼ਾਂ।

ਆਪਣੇ ਅਰਥ ਗੁਆ ਕੇ ਆਪੇ,
ਆਪਣੇ ਵਿਚ ਫ਼ਨਾਹ ਹੈ !
ਤੁਰਨ, ਖੜਨ ਤੇ ਮਰਨ, ਜੀਣ ਵਿਚ,
ਚਿੰਤਨ ਇਕ ਵਗਦਾ ਦਰਿਆ ਹੈ !

ਏਸੇ ਚਿੰਤਨ ਦੀ ਪਾਹ ਸਾਨੂੰ
ਕਾਂਬੜ ਵਾਂਗ ਮਚਾਵੇ।
ਏਸੇ ਦੀ ਲੋਅ ਹੇਠਾਂ ਜੀਵਨ,
ਇੱਕੋ ਨੂਰ-ਸ਼ੁਆ ਏ !

ਸੂਰਜ ਨਾਲ ਮੁਹੱਬਤ ਸਾਡੀ,
ਨ੍ਹੇਰੇ ਸੰਗ ਅਸ਼ਨਾਈ !
ਲੁੱਕਣ-ਮੀਟੀ ਦੇ ਵਿਚ ਦੀਦੇ,
ਸਭ ਦਿਸਦਾ, ਅਣਦਿਸਦਾ ਵੀ !

## ਇਕ ਹੋਰ ਸੂਰਜ

ਆਪਣੇ ਖ਼ਿਲਾਫ਼ ਦੌੜਦੇ ਦੌੜਦੇ,
ਇਕ ਦਿਨ ਅਸਤ ਹੋ ਜਾਣਾ ਹੈ !

ਫਿਰ ਇਕ ਹੋਰ ਸੂਰਜ ਚੜ੍ਹੇਗਾ,
ਸੂਰਜ ਤੋਂ ਬਾਅਦ, ਸੂਰਜ ਵਾਂਗ !!!

ਸਫ਼ਰ ਤੋਂ ਬਾਅਦ, ਸਫ਼ਰ ...
ਕਦਮ ਤੋਂ ਬਾਅਦ ਕਦਮ ...
ਆਪਣੇ ਤੋਂ ਬਾਅਦ ਆਪਣੇ ...
... ... ...


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਆਪਣੇ ਖ਼ਿਲਾਫ਼ ...
ਸਿਲਸਿਲਾ ਜਾਰੀ ਰਹੇਗਾ !!
ਕੌਣ ਚੜ੍ਹੇਗਾ ???
ਕੌਣ ਢਲੇਗਾ ???

## ਖਿੜਕੀ ਵਿੱਚੋਂ ਵੇਖਦਿਆਂ : ਪ੍ਰਭਾਵ-ਚਿੱਤਰ

1.
ਸ਼ੀਸ਼ਿਆਂ ਦੀ ਮੰਡੀ ਵਿਚ,
ਸ਼ੀਸ਼ਿਆਂ ਨੂੰ ਸ਼ੀਸ਼ੇ ਵੇਖਦੇ ਹਨ !

ਸ਼ੀਸ਼ਿਆਂ ਤੋਂ ਅੱਗੇ ਹੋਰ ਸ਼ੀਸ਼ੇ ਹਨ,
ਨਿਰੰਤਰ ਡਾਰ ਵਿਚ ਤੁਰੇ ਜਾਂਦੇ ਸ਼ੀਸ਼ੇ ...

ਵਿਚ-ਵਿਚਕਾਰ, ਅਦਿੱਖ ਖ਼ਲਾਅ ਹੈ,
ਅਕਸ ਹਨ, ਉਨ੍ਹਾਂ ਦਾ ਫੈਲਾਅ ਹੈ,

2.
ਮੈਨੂੰ, ਮੇਰੇ ਤੱਕ ਪੁਚਾ ਦਿਓ,
ਬੁਲਬੁਲੇ ਨੂੰ ਪਾਣੀ ਬਣਾ ਦਿਓ !

3.
ਅੱਗ ਲਾਉਣ ਵਾਲੇ ਚਲੇ ਗਏ ਨੇ,
ਹਰ ਇਕ ਦੇ ਮੂੰਹ 'ਚੋਂ, ਹੁਣ
ਭਾਂਬੜ ਨਿਕਲ ਰਹੇ ਨੇ।

4.
ਇਹ ਕੈਸਾ ਅਤਿਵਾਦੀਆ ਹੈ !!!
ਜੁ ਪਾਣੀ ਨੂੰ ਕੇਵਲ ਜੰਮਦੇ,
ਜਾਂ ਉੱਬਲਦੇ ਵੇਖਦਾ ਹੈ !!!


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

5.
ਬੱਸਾਂ ਦੇ ਤੁਰ ਜਾਣ ਤੋਂ ਬਾਅਦ,
ਬੱਸ-ਸਟਾਪ ਨੂੰ ਹੀ, ਜੇ ਕੋਈ,
ਵਾਹਣ ਸਮਝ ਲਵੇ,
ਰਸਤਾ ਤੇ ਮੰਜ਼ਲ :
ਆਪ ਤੋਂ ਅਨਾਪ,
ਤੇ ਅਨਾਪ ਤੋਂ ਆਪ ਤੱਕ
ਪਹੁੰਚਣ ਦਾ ਸਾਧਨ;
ਤਾਂ ਬੱਸਾਂ ਨੇ ਖੜ੍ਹਨਾ ਨਹੀਂ,
ਨਾ ਬੱਸ-ਸਟਾਪਾਂ ਨੇ ਤੁਰਨਾ !!!

## ਜਨਵਰੀ 1985 ਦੀ ਜਨੀਵਾ ਗੱਲ-ਬਾਤ ਦੌਰਾਨ ਕੁਝ ਪ੍ਰਭਾਵ

1.
ਸੂਈ 'ਚੋਂ ਧਾਗਾ,
ਲੰਘੇ ਨਾ ਲੰਘੇ,
ਪ੍ਰਮਾਣੂ ਯੁੱਗ ਹੈ—
ਪ੍ਰਮਾਣੂ 'ਚੋਂ,
ਮਨੁੱਖ ਲੰਘ ਜਾਏਗਾ,
ਧੂੜ ਹੋ ਜਾਏਗਾ
ਸਭ ਕੁਝ
ਸ਼ੂਨਯ ਹੀ ਸ਼ੂਨਯ ...
ਅੰਧਕਾਰ, ਅੰਧਕਾਰ ...
ਹੋਂਦ ਨੂੰ ਨਿਹੋਂਦ ਦਾ
ਟਾਂਕਾ ਲੱਗ ਜਾਏਗਾ !!!

2.
ਪ੍ਰਮਾਣੂ ਦੌੜ,
ਐਸੀ ਸ਼ਤਰੰਜ ਹੈ,
ਜਿਸ ਦੀ ਜਿੱਤ ਅੰਗਿਆਰ
ਤੇ ਹਾਰ ਸੁਆਹ ਹੈ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਹਰ ਕੋਈ ਸ਼ੱਕ ਵਿਚ,
ਪ੍ਰਸ਼ਨ-ਚਿੰਨ੍ਹ
ਬਣਿਆ ਖੜੋਤਾ ਹੈ !
ਕਿਸ ਨੂੰ, ਕਿਸ ਦਾ ਭਰੋਸਾ ਹੈ ?
ਕਿਸ ਨੂੰ, ਕਿਸ ਦਾ ਵਿਸਾਹ ਹੈ ?

ਤਰਕ, ਪੁੱਠ-ਪੈਰਾ ਹੈ,
ਬੁੱਧ ਗੁਮਰਾਹ ਹੈ !!!

3.
ਖ਼ਲਾਅ ਵਿਚ, ਚੰਦ 'ਤੇ—
ਪਿੰਡ, ਬ੍ਰਹਿਮੰਡ 'ਤੇ—
ਜਿੱਥੇ ਜਿੱਥੇ ਪੈਰ ਧਰੇ,
ਅੱਜ ਦੇ ਮਨੁੱਖ ਨੇ,
ਗਿਆਨ, ਵਿਗਿਆਨ ਲਈ—
ਉੱਥੇ ਉੱਥੇ ਸ਼ੰਕਿਆਂ ਦਾ,
ਇਕ ਘਣਾ
ਵਣ ਉੱਗ ਆਇਆ ਹੈ !

ਕਣ, ਕਣ ਸੂਲ-ਪੱਥ,
ਸੁਰੰਗ ਹੈ, ਬਾਰੂਦ ਦੀ
ਹਰ ਤਰਫ਼,
        ਭੈ ਹੈ, ਸਹਿਮ ਹੈ,
ਕਿੰਤੂਆਂ ਦਾ ਸਾਇਆ ਹੈ।
ਨੌਂ ਨੇਜ਼ੇ-ਵਿੱਥ 'ਤੇ,
ਰਵੀ ਢੁੱਕ ਆਇਆ ਹੈ !!!

4.
ਹਰ ਨਜ਼ਰ ਰੇਗਨ 'ਤੇ,
ਚਿਰਯੇਂਕੋ 'ਤੇ ਲੱਗੀ ਹੈ ...
ਗਰੋਮੀਕੋ ...
        ਸੁਲਜ਼ ਵੱਲੋਂ ਝਾਕਦੀ :
ਚੁਰਾਸੀ ਮਸਾਂ ਕੱਟੀ ਹੈ,


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਪਚਾਸੀਵੇਂ ਦੇ ਨਾਂ 'ਤੇ—
ਫੇਰ ਨਾ ਚੁਰਾਸੀ ਵਿਚ ਪਾਵਣਾ !

ਇਸੇ ਜਨਮ,
ਇਸੇ ਸਾਲ—
ਅੱਜ ਦੇ ਮਨੁੱਖ ਨੂੰ,
ਪ੍ਰਮਾਣੂਆਂ ਦੇ
ਤੁਖ਼ਮ ਤੋਂ—
ਮੁਕਤੀ ਦੁਆਵਣਾ !

ਮਨੁੱਖ ਨੂੰ ਮਨੁੱਖ ਵਿਚ,
ਵੱਸਣਾ ਸਿਖਾਵਣਾ !!!

## *ਮਾਨਵ ਬਨਾਮ ਯੰਤਰ

ਤੁਪਕਾ ਤੁਪਕਾ ਕਰ ਕੇ, ਦਰਿਆ ਚਲੇ ਗਏ !
ਨਾ ਊਣੇ, ਨਾ ਸੱਖਣੇ, ਸਾਗਰ ਭਰੇ ਰਹੇ !

ਸਾਹ ਸਾਹ ਕਰ ਕੇ, ਪ੍ਰਾਣੀ ਕੀਕੂੰ ਬੀਤ ਰਹੇ !
ਛਿਣ ਛਿਣ ਅੰਦਰ, ਕੰਕਰਾਂ ਵਾਂਗੂੰ ਟੁੱਟ ਗਏ !

ਕੋਠੇ ਚੜ੍ਹਿਆ ਸੱਚ, ਸਭਸ ਨੂੰ ਦੱਸ ਰਿਹਾ !
ਵਿਚ ਖ਼ਲਾਅ ਦੇ, ਨਾਗ 'ਦੌੜ' ਨੂੰ ਡੱਸ ਗਿਆ !

ਵਿਚ ਪੁਲਾੜਾਂ, ਮਾਨਵ ਨੇ ਅੱਖ, ਕੰਨ ਧਰੇ !
**ਬਿਜਲਾਣੂੰ ਜਾਸੂਸ ਕਿਵੇਂ ਕਰ ਵੇਖ ਰਹੇ !

---

* 24 ਜਨਵਰੀ, 1985 ਨੂੰ ਅਮਰੀਕਾ ਵਲੋਂ ਖ਼ਲਾਅ ਵਿਚ ਛੱਡੇ ਗਏ ਪਹਿਲੇ ਸੈਨਿਕ ਜਾਸੂਸੀ ਸੈਟੇਲਾਈਟ ਉਪਰੰਤ।

** Spy Satellite



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਦੌੜ ਸ਼ਕਤੀਆਂ ਵਿਚ, ਖ਼ਲਾਅ 'ਚੋਂ ਬਰਬਾਦੀ,
ਬਣ ਕੇ ਸ਼ਸਤਰ ਵੱਸਣੀ, ਮੁੱਕਣੀ ਆਬਾਦੀ !

ਨੰਗੇ ਏਸ ਹਮਾਮ, ਇਹ ਨੇਤਾ ਢੌਂਗ ਕਰੇ !
'ਅਮਨ, ਅਮਨ' ਮੁੱਖ ਤੋਂ, ਤੇ ਅੰਦਰੋਂ ਜ਼ਹਿਰ ਕਿਰੇ !

ਬੇਵਿਸ਼ਵਾਸੀ, ਪਰਲੋ ਨਾ ਕਿਤੇ ਬਣ ਜਾਏ।
ਯੰਤਰ, ਮਾਨਵ ਵਿਚ ਨਾ ਕਿਧਰੇ ਠਣ ਜਾਏ !!!

## ਮੁਕਤੀ

ਆਪਣੇ ਤੋਂ ਆਪਣੇ ਤਕ ਤੁਰ ਕੇ,
ਮੁਕਤ ਹੋਇਆ ਮਿਹਰਬਾਨ !
ਹੁਣ ਨਹੀਂ ਪੁੱਗਦੇ ਝੱਖੜ, ਝੋਲੇ,
ਬੰਜਰ, ਵਣ, ਬੀਆਬਾਨ !

ਆਪਣੇ ਤੋਂ ਆਪਣੇ ਤਕ ਤੁਰਨਾ :
ਬੀ ਦਾ ਕਿੱਸਾ : ਜੰਮ ਵਿਗਸ ਕੇ—
ਫੁੱਲ, ਫਲ, ਬਿਨਸਣ,
ਮੁੜ ਜੰਮਣਾ ਹੈ !
ਜੰਮਣੋਂ ਮੁਕਤੀ ਏਕੇ ਦੇ ਲਈ,
ਏਕਾ ਮੈਂ ਹਾਂ !
ਆਪਣਾ ਸਿਰਜਣ
ਸ਼ਬਦਾਂ ਦੇ ਰੰਗਾਂ ਦੇ ਅੰਦਰ
ਆਪਣਾ ਵਿਗਸਣ
ਤੇ ਹੈ ਇਹ ਆਪੇ ਤੋਂ ਮੁਕਤੀ :

ਜਲ-ਕਣ ਦਾ ਭਾਫ਼, ਘਟਾ, ਮੀਂਹ, ਬਰਫ਼ਾਂ
ਵਿੱਚੋਂ ਲੰਘ ਅਲੋਪ ਹੋ ਜਾਣਾ,
ਕ੍ਰਮ ਚਲਾਣਾ, ਕ੍ਰਮ ਹੰਢਾਣਾ !
ਆਪੇ ਤੋਂ ਮੁਕਤੀ ਪਾਵਣ ਤਕ,
ਸਫ਼ਰ ਅਸਾਡਾ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

## ਮੈਂ-ਕੇਂਦ੍ਰਿਤ

ਮੇਰੀ ਰਚਨਾ ਹੀ, ਮੇਰਾ ਪਰਛਾਵਾਂ !
ਇਸ ਵਿਚ, ਮੇਰਾ ਪੱਤਰ ਟਾਵਾਂ ਟਾਵਾਂ !
ਮੇਰਾ ਸੂਰਜ, ਇਸ ਵਿਚ ਚੜ੍ਹਦਾ,
ਇਸ ਵਿਚ ਹੀ, ਘਨਘੋਰ ਘਟਾਵਾਂ !

ਟੁੱਟਿਆ ਤਿੜਕਿਆ, ਸ਼ੀਸ਼ਾ ਇਸ ਵਿਚ,
ਅਕਸ, ਇਕਾਈ ਵੇਖਣ ਟੁੱਟ ਨਿਗਾਹਾਂ !
ਇਸ ਵਿਚ ਮੇਰਾ ਸਾਗਰ ਵੱਸਦਾ,
ਪ੍ਰਤੀਬਿੰਬਾਂ ਦੇ ਵਣ ਦੀਆਂ ਛਾਵਾਂ !

ਮੈਂ ਹੀ ਟੁੱਟਿਆ, ਮੈਂ ਹੀ ਜੁੜਿਆ !
ਸ਼ਬਦ, ਅਰਥ ਮੈਂ, ਸੰਘਣਾ ਵੀ ਹਾਂ,
ਟਾਵਾਂ ਟਾਵਾਂ !!!

ਆਪੇ ਢੂੰਡਾਂ ਰਸਤੇ ਆਪਣੇ,
ਆਪੇ ਪੁੱਛਾਂ, ਕਿੱਧਰ ਜਾਵਾਂ ?

## ਤੇਲ ਦੇ ਖੂਹ ਵਿਚ ਚੰਗਿਆੜਾ

ਹਾਲਾਤ ਨੇ ਇਕ ਦੂਜੇ ਵੱਲ,
ਸਾਡੀਆਂ ਪਿੱਠਾ ਭੰਵਾ ਦਿੱਤੀਆਂ—
ਤੇ ਸਮੇਂ ਨੇ ਜਦ ਕਦੇ ਵੀ,
ਸਾਨੂੰ ਇਕ ਦੂਜੇ ਦੇ ਸਨਮੁੱਖ ਕੀਤਾ—
ਅਸੀਂ ਇਕ ਧਿਰ ਦੀ ਬੁਰਾਈ ਵਿਰੁੱਧ,
ਦੂਜੀ ਧਿਰ ਦੀ ਚੰਗਿਆਈ ਬਣ ਗਏ !

ਸਾਡੀਆਂ ਅੱਖਾਂ 'ਚੋਂ ਸ਼ੁਅਲੇ ਲਪਕੇ,
ਤੇ ਸਾਡੇ ਮੱਥੇ 'ਚੋਂ ਸਿੰਗ ਉੱਗ ਪਏ।
ਇੰਜ ਅਸੀਂ ਇਕ ਤੋਂ ਦੋ ਹੋ ਗਏ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਜੋ ਲੜਾਈ ਸਾਡੇ ਅੰਦਰਲੇ ਸ਼ੀਸ਼ੇ ਵਿਚ ਸੀ,
ਉਸ ਨੂੰ ਅਸੀਂ ਬਾਹਰ ਸਾਕਾਰ ਕਰ ਲਿਆ !
ਆਪਣੇ ਹੀ ਤੇਲ ਦੇ ਖੂਹ ਵਿਚ ਅਸੀਂ,
ਆਪਣਾ ਚੰਗਿਆੜਾ ਧਰ ਲਿਆ !

## ਸ਼ੂਨਯ-ਗਤੀ

ਦਸ਼ਾ ਨਹੀਂ, ਦਿਸ਼ਾ ਨਹੀਂ !
ਕਥਾ ਨਹੀਂ, ਵਿਸ਼ਾ ਨਹੀਂ !
ਭੁੱਖ ਨਹੀਂ, ਨਿਸ਼ਾ ਨਹੀਂ !

ਪੱਥਰਾਂ ਦੇ ਵਾਂਗ ਹੈ ਇਹ ਜ਼ਿੰਦਗੀ,
ਟੁੱਟੇ, ਬਿਖਰੇ ਤੇ ਠਰੇ ਪਈ।
ਬੀਤਦਾ ਹਰ ਛਿਣ, ਜੀਕੂੰ
ਬੀਤਿਆ ਕੁਝ ਵੀ ਨਹੀਂ !!!

## ਸੱਚ ਦੇ ਸਿਰਨਾਵੇਂ

ਅੱਜ ਫਿਰ 'ਵਾ, ਵਿਮਾਨ ਬਣੇ ਹਾਂ
ਅੱਜ ਫਿਰ ਅੰਬਰ ਵਾਂਗ ਤਣੇ ਹਾਂ !
ਆਪਣੀ ਧੁੱਪ ਲਈ, ਆਪਣੇ ਬੁੱਤ ਹਨ,
ਆਪਣੀ ਕੁਦਰਤ, ਆਪਣੇ ਰੁੱਖ ਹਨ !
ਆਪਣੀਆਂ ਛਾਵਾਂ ਤੇ ਪਰਛਾਵੇਂ,
ਕਰਮਾਂ ਵਿਚ ਸੱਚ ਦੇ ਸਿਰਨਾਵੇਂ !

## ਵਿਸੰਗਤ ਆਤਮ-ਵਾਰਤਾਲਾਪ

'ਮੈਂ ਕਦੋਂ ਕਿਹਾ ਸੀ :
ਪੌਣ ਨੂੰ ਹਉਕਿਆਂ ਦੇ
ਵਿਸਰਾਮ ਚਿੰਨ੍ਹ ਲਾ ?
ਗਲੋਬ 'ਤੇ ਫੈਲਾ ?'



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

'ਗਲੋਬ ਨੂੰ ਘੇਰ ਲਏਗਾ,
ਪੌਣ ਵਿਚ,
ਹਉਕਿਆਂ ਦਾ ਵਗਦਾ ਦਰਿਆ !'

'ਸੁਪਨ-ਸੱਚ,
ਭਰਮ-ਖੰਡਨ !!!'

'ਕਿਸ ਨੇ ਅਧਿਕਾਰ ਦਿੱਤਾ
ਬੁਲਬੁਲੇ ਨੂੰ, ਕਿ
ਲਵੇ ਉਹ
ਖੁਦ 'ਤੇ ਪਰਬਤ ਬਿਠਾ ???'

## ਛੁਪੀਆਂ ਅੱਖਾਂ ਦੀ ਡਗਰ

ਛੁਪੀਆਂ ਅੱਖਾਂ ਦੀ ਡਗਰ ਹੈ, ਤਾਂ ਕੀ ਹੈ—
ਮੇਰੀਆਂ ਨਜ਼ਰਾਂ 'ਚ ਅਜੇ ਦਿਹੁੰ ਨਹੀਂ ਲੱਥਾ !

ਸੀਖਣੀ ਨਹੀਂ ਪੈਂਦੀ, ਖੁਦ ਬਖੁਦ ਰਹੇ ਵਧਦੀ,
ਬੱਤੀ ਵੀ, ਲੋਅ ਵੀ, ਜਦੋਂ ਬਣੇ ਮੱਥਾ !

## ਰੌਬੋਟ

ਪਰਤਾਂਗੇ ਕਿਸੇ ਦੇਸ਼ ਨੂੰ ਬੁੱਢੇ ਹੋ, ਅਸਤ ਹੋ,
ਔੜਾਂ ਤੇ ਥੋੜਾਂ ਜਿਸ ਜਗ੍ਹਾ ਹਾਣੀ ਖਪਾ ਲਏ !

ਚਾਨਣ ਤੋਂ ਕੋਈ ਸ਼ਰਮ ਹੈ, ਨਾ ਰਾਤ 'ਤੇ ਗਿਲਾ,
ਸਿਆਸਤ ਨੇ, ਬਾਕੀ ਜੁ ਬਚੇ, ਰੋਬੋਟ ਬਣਾ ਲਏ !

ਯਾਦਾਂ ਦੇ ਸੁੱਤੇ ਸੁਪਨ ਮੈਂ ਕਾਹਨੂੰ ਜਗਾ ਲਏ ?
ਕਿਉਂ ਦੋਸਤ ਬੇਵਫ਼ਾ ਮੈਂ ਖ਼ੁਦ ਦੁਸ਼ਮਣ ਬਣਾ ਲਏ ?



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

## 'ਨ੍ਹੇਰ–ਗੁਫ਼ਾ

ਆਪਣੇ ਅੰਦਰ ਫੇਰ ਮੁੜ ਗਏ,
ਕਾਲੇ ਕੋਹ ਦੇ ਬੋਲ ਤੁਰ ਗਏ !

ਅੰਦਰੋਂ ਨਿਕਲਣ, ਨਾ ਬਾਹਰ ਤੱਕਣ,
'ਨ੍ਹੇਰ–ਗੁਫ਼ਾ, ਮੱਥਾ ਲਾ ਖਪਣ !

## ਟੈਲੀਵੀਜਨੀ ਨਸਲ

ਇਨ੍ਹਾਂ ਦੇ ਦਿਲ ਦਿਮਾਗ਼ 'ਤੇ,
ਚੌਵੀ ਘੰਟੇ ਮੂਵੀ ਚੈਨਲ ਚੱਲਦਾ ਹੈ,
ਦਿਨ, ਰਾਤ ਵਾਂਗ !

ਮੂਵੀਆਂ ਵਿਚਕਾਰ ਹੀ, ਇਹ ਲੋਕ
ਚੜ੍ਹਦੇ, ਲਹਿੰਦੇ, ਜਾਗਦੇ, ਸੌਂਦੇ ਹਨ।

ਇਹ ਜੇਮਜ਼ ਗਾਰਨਰ ਵਾਂਗ ਪਹਿਨਦੇ,
'ਡਿਊਕਸ ਆਫ਼ ਹੈਜ਼ਰਡ' ਵਾਂਗ ਵਿਚਰਦੇ,
ਤੇ ਬਰਟ ਰੇਨਲਡ ਵਾਂਗ ਲੜਦੇ ਹਨ !

ਇਹ ਲੋਕ, ਆਪ ਕਿੱਥੇ ਹਨ ?

## ਇਕ ਇਕ ਹੋਇਆ ਗਰੋਹ

ਹੋਣਾ ਕੀ ਸੀ ?
ਕੁਝ ਵੀ ਨਹੀਂ ਹੋਇਆ।
ਇਕ ਭੁੱਖਾ ਮੰਗਤਾ ਸੀ,
ਵਿਲਕ, ਤੜਫ਼ ਕੇ ਮਰ ਗਿਆ !

ਕੁਝ ਕਾਰਾਂ, ਰਿਕਸ਼ੇ, ਪੈਦਲ—
ਕੋਲੋਂ ਦੀ ਲੰਘ ਗਏ !



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਬੇਗਾਨੀ ਧੂੜ ਵਿਚ,
ਉਹ, ਮਰ ਕੇ ਵੀ, ਖੱਜਲ ਹੋਇਆ !

ਕੁਝ ਨਜ਼ਰਾਂ, ਤੁਰ ਕੇ,
ਨੇੜੇ ਢੁੱਕੀਆਂ, ਰੁਕੀਆਂ, ਉੱਠੀਆਂ ਤੇ
ਅਲਗਾਵ ਜਿਹੇ ਦਾ :
ਇਕ,
ਇਕ,
ਹੋਇਆ ਗਰੋਹ,
ਟੁਟ, ਖਿੰਡ,
ਬਿਖਰ ਗਿਆ !
ਨਿਜ਼ਾਮ ਵੀ ਵਿਹੰਦਾ ਰਿਹਾ !

ਸੱਤਾਧਾਰੀ ਆਖਦੇ ਹਨ :
ਨਿਜ਼ਾਮ ਲਾਲਸਾ ਪੈਦਾ ਕਰਦਾ ਹੈ,
ਭੁੱਖ ਨਹੀਂ !
ਜਾਨਵਰ ਹੈ ਆਦਮੀ ;
ਕੁੱਤੇ ਤੋਂ ਵੀ ਬਦਤਰ—
ਬਿਨ ਲੜਿਆਂ, ਮਰ ਗਿਆ,
ਦਰਸ਼ਨਵੇਤਾ ਬੋਲਿਆ !
ਧਰਮ ਦੀ ਪੁਸਤਕ 'ਚ ਕੋਈ ਵਜ਼ਨ ਨਹੀਂ
ਸਦਾਚਾਰ ਖ਼ਾਮੋਸ਼ ਹੈ—
ਮਰਨ ਵਾਲਾ, ਮਰ ਗਿਆ !

ਦੂਰ ਪਰ੍ਹਾਂ ਮਸਖਰਾ ਹੱਸਦਾ ਪਿਆ :
ਨਿੱਤ ਹੀ ਇਕ ਮਰਦਾ, ਸੌ ਜੰਮਦਾ ਹੈ !
ਮੌਤ ਵਾਂਗ ਜੰਮਦੇ ਹਨ ਅੱਜ ਦੇ ਮਨੁੱਖ,
ਜੀਵਨ ਵਾਂਗ ਮਰਦੇ ਹਨ ਧੀਰੇ, ਧੀਰੇ,
ਵਿਲਕ,
ਵਿਲਕ—
ਹੱਕ ਲਈ ਕੋਈ ਹੱਥ,
ਕਿਉਂ ਨਹੀਂ ਉੱਠਦਾ ?
ਹਰ ਕੋਈ,


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਹਰ ਕਿਸੇ ਨੂੰ ਪੁੱਛਦਾ—
ਨਜ਼ਰ ਨੀਵੀਂ,
ਗਟਰ ਦੇ ਵਿਚ ਬਹਿ ਰਿਹਾ !
ਅੱਜ ਦੇ ਇਨਸਾਨ ਨੂੰ ਕੀ ਹੋ ਗਿਆ ?

## ਦਾਣੇ ਬੰਦ ਬਰਬਾਦੀ

ਇਹ ਸੱਚ ਹੈ,
ਭਰਮ ਭੋਗ ਕੇ ਆਇਆ ਹਾਂ।
ਏਸ ਖਿਤਿਜ ਤੋਂ ਓਸ ਖਿਤਿਜ ਤਕ,
ਓਸ ਖਿਤਿਜ ਤੋਂ ਏਸ ਖਿਤਿਜ ਤਕ—
'ਵਾ ਸੀ, ਫੁੱਲ ਸਨ, ਪੌਣ, ਸੁਗੰਧਾਂ,
ਉੱਚੇ ਪਰਬਤ, ਵਗਦੀਆਂ ਧਾਰਾਂ—
ਇਕ ਸੰਗੀਤ ਜਿਹਾ ਤਨ ਮਨ ਵਿਚ,
ਅਨਹਦ ਨਾਦੀ, ਆਦਿ ਜੁਗਾਦੀ !
ਜਿਸ ਦਾਣੇ ਵਿਚ ਪੌਦਾ ਬੰਦ ਸੀ,
ਉਸ ਦਾਣੇ ਦੇ ਵਿਗਸਣ ਵਿਚ ਹੀ,
ਬੰਦੀ ਹੈ ਉਸ ਦੀ ਬਰਬਾਦੀ !

ਇਹ ਸੱਚ,
ਦਾਣਾ ਵਧ ਵਿਗਸ ਕੇ ਫੁੱਲ, ਫਲ ਬਣਦਾ
ਭਰਮ ਨਹੀਂ—
ਓਸੇ ਦਾ ਫ਼ੋਕਟ
ਮਰ ਮਿਟ, ਮਿੱਟੀ ਦੇ ਵਿਚ ਰਲਦਾ !

ਇਹ ਸੱਚ ਹੈ,
ਓਸ ਕੁੜੀ ਦਾ ਸੁੰਦਰ ਚਿਹਰਾ,
ਹੁਣ ਤੱਕ ਵੀ ਸਿਮਰਨ, ਵਿਚ ਵਿਚਰੇ—
ਸੁੰਦਰਤਾ ਹੀ, ਮੇਰੇ ਲਈ ਜੀਵਨ : ਸਮ-ਅਰਥਕ !!
ਐਪਰ ਅੱਜ ਤਕ ਧੁੱਪ ਨਾ ਸਕੇ,
ਨਫ਼ਰਤ, ਨਸਲ-ਵਿਤਕਰੇ ਤੇ ਯੁੱਧ,
ਇਸ ਜ਼ਿੰਦਗੀ ਦੇ ਸੁੰਦਰ ਮੁੱਖ ਤੋਂ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਸੁੰਦਰ ਮੁੱਖ ਤੋਂ, ਕੁਹਜੇ ਮੁੱਖ ਤਕ,
ਕੁਹਜੇ ਮੁੱਖ ਤੋਂ, ਸੁੰਦਰ ਮੁੱਖ ਤਕ,
ਆਪਣੇ ਦੁੱਖ ਤੋਂ, ਸਭ ਦੇ ਦੁੱਖ ਤਕ—
ਤਵਾਰੀਖ਼ ਹੈ ਸੰਘਰਸ਼ਾਂ ਦੀ !

ਐਸੀ ਹੀ ਇਕ ਤਵਾਰੀਖ ਨੂੰ,
ਦੋ ਅੱਖੀਆਂ ਵਿਚ, ਛਿਣ ਛਿਣ ਟੁੱਟਦੀ,
ਦਿਲ ਧੜਕਨ ਵਿਚ, ਪਲ ਪਲ ਮੁਕਦੀ—
ਕੂਲੀ, ਸੁੰਦਰ, ਫੁੱਲ-ਪੱਤੀਆਂ ਜਿਹੀ,
ਦੇਹੀ ਦੇ ਵਿਚ ਝੁਰ ਝੁਰ ਕੇ,
ਝੁਰੜਾਈ ਮੈਂ ਤੱਕ ਆਇਆ ਹਾਂ !

ਓਸ ਕੁੜੀ ਦੀਆਂ ਇੱਛਾਵਾਂ ਵਿਚ—
ਪੂਰਨ ਆਜ਼ਾਦੀ, ਮੁਕਤੀ ਤੇ
ਆਪੇ ਤੋਂ ਉੱਪਰ ਉੱਠ ਤੱਕਣ,
ਦੇਹ ਛੱਡ, ਹੋਂਦ-ਬੋਧ ਦੀਆਂ ਗੱਲਾਂ !!!

ਸੱਚ ਹੈ, ਭਰਮ ਨਹੀਂ ਹੈ ਕੋਈ :
ਦੇਹ ਅੰਦਰ, ਜੀਵਨ ਦੀ ਧਾਰਾ,
ਬੀ ਦੇ ਸੱਚ ਤੋਂ, ਫੁੱਲ ਦੇ ਸੱਚ ਤਕ।

ਦੇਹ ਵਿਚ ਹੀ ਹੈ ਨਿਰੀ ਗ਼ੁਲਾਮੀ !
ਏਸ ਆਦਿ ਤੋਂ, ਓਸ ਅੰਤ ਤਕ,
ਆਪਣੇ ਪੈਰੀਂ, ਆਪਣਾ ਬੋਝਾ—
ਹੋਰ ਬੋਝ, ਹੁਣ ਸਹਿ ਨਹੀਂ ਹੁੰਦਾ !!!

ਜਿਸ ਦਾਣੇ ਵਿਚ ਪੌਦਾ ਬੰਦ ਹੈ,
ਉਸ ਦਾਣੇ ਦੇ ਵਿਗਸਣ ਵਿਚ ਹੀ,
ਬੰਨ੍ਹੀਂ ਹੈ ਉਸ ਦੀ ਬਰਬਾਦੀ !

ਇਹ ਸੱਚ ਹੈ,
ਭਰਮ ਭੋਗ ਕੇ ਆਇਆ ਹਾਂ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

## ਹੱਵਾ ਦੀ ਡਾਇਰੀ 'ਚੋਂ ਇਕ ਪੰਨਾ

ਜੂਠੀ ਹੋਣ ਤੋਂ ਪਹਿਲਾਂ
ਤੂੰ ਸੁੱਚੀ ਕਰ ਦੇ !
ਆ,
    ਅੱਜ ਦੀ ਰਾਤ
ਕਿਤੇ ਦੂਰ ਨਿਕਲ ਚੱਲੀਏ !

ਇਹ ਦੀਵਾਰਾਂ ਤੰਗ ਹਨ !
ਰੌਸ਼ਨਦਾਨਾਂ 'ਚ ਜਾਲੇ ਹਨ !
ਖਿੜਕੀਆਂ,
        ਬੁਸੀਆਂ, ਬੋਸੀਦਾ—
ਘੁਣ-ਖਾਧੀਆਂ ਚੁਗਾਠਾਂ,
ਦਰਵਾਜ਼ੇ ਤੇ ਸ਼ੀਸ਼ੇ
ਇਕ ਦੂਜੇ ਆਸਰੇ,
ਜੁੜੇ ਖੜ੍ਹੇ—
ਘੁਟਨ ਉਗਲ ਰਹੇ ਹਨ !
ਇਸ ਫੋੜਿਆਂ ਵਰਗੇ ਫ਼ਰਸ਼ 'ਤੇ,
ਸੱਚ, ਸੁੱਚ ਦੀ ਕਹਾਣੀ ਨਹੀਂ ਪਾਈਦੀ !
ਆ, ਅੱਜ ਦੀ ਰਾਤ ਕਿਤੇ ਦੂਰ ਨਿਕਲ ਚੱਲੀਏ !!

ਜੂਠੀ ਹੋਣ ਤੋਂ ਪਹਿਲਾਂ
ਸੁੱਚ ਦਾ ਤਜਰਬਾ ਜ਼ਰੂਰੀ ਹੈ,
ਇਸ ਲੋੜ 'ਚ ਸ਼ਿੱਦਤ ਹੈ,
ਇਹ ਪਿਆਸ ਅਧੂਰੀ ਹੈ !

ਤੇਰੇ ਅੰਦਰ ਹੀ ਮੇਰਾ ਸੋਮਾਂ ਹੈ,
ਅੰਦਰੋਂ, ਬਾਹਰ ਵਲਾਂ ਖੁੱਲ੍ਹਦਾ !
ਤੂੰ ਹੀ ਤਾਂ ਆਦਿ-ਬਿੰਦੂ ਹੈਂ,
ਜੁਗਾਦਿ-ਕਾਲ ਵਿਚਰਦਾ।



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਤੇਰੇ ਨੈਣਾਂ 'ਚ ਹੀ,
ਮੇਰੇ ਮੋਰ ਦੀਆਂ ਪੈਲਾਂ ਨੇ—
ਤੇਰੇ ਹੋਠਾਂ 'ਚ ਹੀ ਗੁਟਕਦਾ ਹੈ !
ਕਬੂਤਰਾਂ ਦਾ ਵੀ ਇਕ ਜੋੜਾ !

ਵੇਖ,
ਬੱਦਲ ਪਤਲੇ ਹੋ ਫਟ ਰਹੇ ਹਨ—
ਵਾਦੀ ਦੇ ਨਾਲ ਦਾ ਜੰਗਲ
ਨਿਵਸਤਰ ਹੋ ਰਿਹਾ ਹੈ,
ਚੋਟੀ ਦੀ ਬਰਫ਼ ਤੀਕ !
ਬੱਦਲਾਂ ਦੀ ਛਿਦਰੀ, ਕਾਫ਼ੂਰ ਹੋ ਰਹੀ ਛਾਂ 'ਚੋਂ,
ਝਾਕਦਾ, ਨਿਹਾਰਦਾ ਹੈ ਸੂਰਜ,
ਬਰਫ਼ ਦੀ ਪਾਣ ਚੜ੍ਹੇ ਕੋਂ-ਅੰਗ—
ਘੁੱਗੀਆਂ ਦੇ ਜੋੜੇ ਦੀ ਗੁਟਕੂੰ,
ਚੁੰਝ-ਚੁੰਮਣ ਹੋ ਰਹੀ, ਪਰ ਫੜਕਦੀ—
ਧੁੱਪ ਕੜਕਦੀ !

ਪਰਬਤ ਦੇ ਸਿਖਰ ਤੋਂ, ਜਲ
ਧਾਰ ਬਣ ਤੁਰਿਆ ਹੈ—
ਦੂਰ, ਹੇਠਾਂ ਖੁੱਤੀਆਂ ਵੱਲ !
ਇਹ, ਉਹੋ ਰੁੱਤ ਹੈ, ਜਦੋਂ ਮਿਰਗ ਨੂੰ
ਹਲਕੀ ਹਲਕੀ ਗੰਧ ਦਾ ਅਹਿਸਾਸ ਹੁੰਦਾ ਹੈ
ਆਪਣੇ ਅੰਦਰਲੇ 'ਚੋਂ, ਤੇ
ਖ਼ੁਸ਼ਬੋਈ ਜਾਂਦੀ ਹੈ ਬਾਹਰ
ਕੁਦਰਤ ਦੀ ਕਾਰੀਗਰੀ।
ਆਪਣੀ ਹੋਂਦ ਹੀ ਕਟਕਦੀ ਹੈ,
ਬਾਹਰ ਵੀ, ਅੰਦਰ ਵੀ—
ਕੁਝ ਵੀ ਸਮਝ ਨਹੀਂ ਪੈਂਦੀ !

ਇਹ ਸੋਚ ਦਾ ਪਹਿਲਾ ਕੁਆਰ-ਪਲ ਹੈ !
ਏਥੇ ਕੋਈ ਸੰਸਕਾਰ ਨਹੀਂ ਹੁੰਦਾ,
ਤੇ ਨਾ ਹੀ ਸਿਮਰਤੀਆਂ ਦੀ ਵੱਸੋਂ !
ਇਹ ਛਿਣ ਨਿੱਜ ਦੇ ਉਫ਼ਕ 'ਤੇ,
ਇਕ ਵਾਰ ਉਦੈ ਹੁੰਦਾ ਹੈ !
ਇਹ ਛਿਣ, ਉਮਰ ਭਰ ਲਈ ਸਰਮਾਇਆ ਹੈ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਵੇਖ—
ਆਪਣੀ ਹੀ ਲੋਅ 'ਚ ਤਨ,
ਨਿਰਵਸਤਰ ਹੋ ਗਿਆ ਹੈ,
ਮਨ ਨੂੰ ਜੁੜ ਗਿਆ ਹੈ।
ਖੁੱਤੀਆਂ ਵਾਂਗ, ਰੋਮ ਰੋਮ
ਮਧੁਰ ਸੰਗੀਤ ਦੀਆਂ
ਸੂਲ-ਧੁਨਾਂ 'ਚ ਪਰੁੱਤੇ।

ਇਹ ਸਭ ਦਰਵਾਜ਼ੇ,
ਮੇਰੇ ਸਰੀਰ ਦੀ ਚੁਗਾਠ 'ਚੋਂ,
ਮੇਰੀ ਆਤਮਾ ਵੱਲ ਜਾਂਦੇ ਹਨ :
ਪ੍ਰੀਤਮ—
ਸਗਵੇਂ ਦਾ ਸਗਵਾਂ ਬਰਸ ਪੈ—
ਮੇਰਾ ਸਮੁੱਚ,
ਸੁੱਚਾ ਹੋਣ ਲਈ ਬਿਹਬਲ ਹੈ,
ਪਿਆਸਾ ਹੈ।

ਲੂੰ-ਕੰਡਾ ਖੜ੍ਹਾ ਕਰ ਰਹੀ ਹੈ,
ਦੂਧੀਆ ਚਿਹਰੇ 'ਚ ਲਰਜ਼ਦੀ
ਹਯਾ ਦੀ ਲਾਲੀ।
ਇਹ ਹੱਵਾ ਦੀ ਪਹਿਲ ਚੇਤਨਾ ਹੈ—
ਪ੍ਰਥਮ ਅਨੁਭਵੀ ਛਿਣ ਹੈ !!

ਪ੍ਰੀਤਮ—
ਬਕਾਇਆ ਜ਼ਿੰਦਗੀ,
ਜੂਠੇ ਹੋਣ ਲਈ ਹੀ ਵਕਫ਼ ਹੈ !
ਇਹ ਛਿਣ,
ਕੇਵਲ ਸੁੱਚ ਦਾ,
ਸੱਚ ਦਾ,
    ਤੇਰਾ ਹੈ !

ਜੂਠੀ ਹੋਣ ਤੋਂ ਪਹਿਲਾਂ,
ਤੂੰ ਸੁੱਚੀ ਕਰ ਦੇ !
ਆ, ਅੱਜ ਦੀ ਰਾਤ,
ਕਿਤੇ ਦੂਰ ਨਿਕਲ ਚੱਲੀਏ—
ਇਹ ਕੌਂ ਤੰਗ,
ਆਕਾਸ਼ ਸੌੜਾ ਹੈ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

## ਸ੍ਵੈ-ਸੰਬਾਦ

ਉਣ ਦਾ ਅਹਿਸਾਸ ਪਰਬਤ ਚੜ੍ਹ ਰਿਹਾ !
ਕੌਣ ਹੈ ਜੁ 'ਵਾ 'ਤੇ ਦਸਖ਼ਤ ਕਰ ਰਿਹਾ !

ਅਪਾਰਟਮੈਂਟਾਂ ਵਿਚ ਵੰਡੇ ਜਿਸਮ ਝਾੜ,
ਕੌਣ ਆਤਸ਼ਬਾਜ਼ ਅੰਬਰ ਫੜ ਰਿਹਾ !

ਚੁੱਪ ਦੇ ਬੋਲਾਂ 'ਚ ਊਧਮ ਮਚਿਆ,
ਕੌਣ ਆਪਣੇ ਆਪ ਦੇ ਨਾਲ ਲੜ ਰਿਹਾ !

ਨਜ਼ਰ ਚਕਾਚੌਂਧ ਤਾਰਾ ਟੁੱਟ ਜਾਏ,
ਕਲਪਨਾ ਖ਼ੁਦ 'ਤੇ ਘਟਣ ਦੀ ਕਰ ਰਿਹਾ !

ਜਾਣ ਬੁਝ ਕੇ ਵਿੱਝਿਆ ਨਸ਼ੀਲੀਆਂ ਸੂਈਆਂ 'ਚ ਜੁ,
ਧੀਰੇ ਧੀਰੇ ਜੀ ਰਿਹਾ ਹੈ, ਧੀਰੇ ਧੀਰੇ ਮਰ ਰਿਹਾ !

ਮੱਛੀਆਂ, ਵਿਮਾਨ, ਰਾਕਟ, ਇੰਦ ਤੇ ਸਮੁੰਦ ਵੀ,
ਕੌਣ ਕਿਸ ਦੇ ਜ਼ਿਹਨ ਅੰਦਰ ਪੁੱਠੀ ਤਾਰੀ ਤਰ ਰਿਹਾ !

ਪਹੁੰਚ ਅੰਦਰ ਪੈਂਡਿਆਂ 'ਚ ਵਧ ਰਹੀਆਂ ਨੇ ਦੂਰੀਆਂ,
ਗ਼ੈਰ ਨੂੰ ਜਾਣੇ ਕਿਵੇਂ ਉਹ ਖ਼ੁਦ ਤੋਂ ਜੁ ਡਰ ਰਿਹਾ !

ਕਰ ਮੁਹੱਬਤ ਦੀ ਕਥਾ ਹਨ ਹੋਠ, ਜਿਹਬਾ ਝੜ ਗਏ,
ਕਰੁੱਧ ਹੋਈ ਬੇਬਸੀ ਦਾ ਖ਼ੂਨ ਅੱਖੀਂ ਚੜ੍ਹ ਰਿਹਾ !

ਇਸ਼ਕ ਦੇ ਸਾਗਰ 'ਚ ਜਾਗਣ ਬੇੜੀਆਂ, ਸੁੱਤੇ ਮੱਲਾਹ,
ਵੇਖ ਲਓ ਵਿਸ਼ਵਾਸ ਕਿੰਜ ਇਸ ਯੁੱਗ ਨੂੰ ਟਿੱਚਰ ਕਰ ਰਿਹਾ !

ਰੁੱਸ ਕੇ ਆਪਣੇ ਆਪ ਤੋਂ ਟਕਰਾ ਗਿਆ ਜੁ ਜੱਗ ਨਾਲ,
ਮੋਮਬੱਤੀ ਵਾਂਗ ਆਪੂੰ ਦੋ ਤਰਫ਼ ਤੋਂ ਸੜ ਰਿਹਾ !!!



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

## ਗੀਤਾਂ ਦੀ ਕਨਸੋਅ

ਸ਼ਬਦਾਂ ਵਿਚ ਭਰ ਦਿੱਤੀ ਕਿਸ ਨੇ
ਹੈ ਅਰਥਾਂ ਦੀ ਲੋਅ !
ਖ਼ਾਲੀ ਵੰਝਲੀ 'ਚੋਂ ਜਾਗੀ ਹੈ
ਗੀਤਾਂ ਦੀ ਕਨਸੋਅ !

ਇਸ ਪਾਸੇ ਦਰਿਆ ਦਾ ਕੰਢਾ
ਵਿਚ ਵਗੇ ਦਰਿਆ।
ਇਸ ਕੰਢੇ ਤੋਂ ਉਸ ਕੰਢੇ ਤਕ
ਫੈਲੀ ਨੂਰ-ਸ਼ੁਆ !
ਕੰਢਿਆਂ ਵਿੱਚੋਂ ਉੱਛਲੇ ਜਿਹੜਾ
ਸਾਨੂੰ ਉਸ ਦੀ ਖੋਹ।

ਬਰੋ ਬਰੋਬਰ ਤੁਰੀਏ ਦੋਵੇਂ
ਨਾਲ ਤੁਰੇ ਹਨ ਪੰਧ।
ਆਦਿ ਅੰਤ ਦਾ ਫ਼ਰਕ ਨਾ ਕਾਈ
ਕਿੱਥੇ ਪਾਈਏ ਕੰਧ ?
ਪੱਤੀ ਪੱਤੀ ਫੁੱਲ ਬਿਖਰਿਆ
ਪਰ ਇੱਕੋ ਖ਼ੁਸ਼ਬੋ !


ਰਿਮਝਿਮ, ਰਿਮਝਿਮ, ਚਾਨਣ ਬਰਸੇ
ਭਿੱਜੀ ਭਿੱਜੀ ਰੂਹ।
ਆਪਣੇ ਅੰਦਰ ਆਪ ਖੁਦੀਂਦੇ
ਭਰ ਭਰ ਉਛਲਣ ਖੂਹ।
ਤੇਰੇ ਮੇਰੇ ਰਿਸ਼ਤੇ ਦੇ ਵਿਚ
ਜੁੱਗਾਂ ਜੁੱਗਾਂ ਦਾ ਮੋਹ।

ਨੈਣਾਂ ਵਿਚ ਪਾ ਇਕ ਦੂਜੇ ਨੂੰ
ਇੰਜ ਹੀ ਤੁਰਦੇ ਜਾਣਾ।
ਨਾ ਆਪਾਂ ਇਹ ਰਾਹ ਹੀ ਛੱਡਣਾ,
ਨਾ ਹੀ ਕਿਧਰੇ ਜਾਣਾ।
ਪਹੁੰਚ ਅਪਹੁੰਚੀ ਹੋਈ, ਚਿੰਤਨ
ਇਸ ਵਿਚ ਗਏ ਸਮੋ !



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com



# *ਚੌਂਕ ਨਾਟਕ ਦੇ ਗੀਤ

1. ਜਾਗੋ
2. ਸੋਤਾ
3. ਛੱਲਾ
4. ਹੀਰ
5. ਮਾਹੀਆ
6. ਜਾਗੋ

* ਇਹ ਗੀਤ ਰਵਿੰਦਰ ਰਵੀ ਨੇ ਆਪਣੇ ਕਾਵਿ-ਨਾਟਕ : "ਚੌਕ ਨਾਟਕ" (1984) ਲਈ ਲਿਖੇ ਸਨ।



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

## 1. ਜਾਗੋ

ਕਹਿਣ ਹਵਾਵਾਂ
ਸਗਲ ਦਿਸ਼ਾਵਾਂ
ਸੁੰਨੀਆਂ ਰਾਹਵਾਂ
ਜਾਗੋ ਲੋਕੋ ਵੇ
ਚੌਰਾਹਾ ਛੱਡੋ
        ਜਾਗੋ ਲੋਕੋ ਵੇ
        ਜਾਗੋ ਆਈ ਐ
        ਸ਼ਾਵਾ ਵਈ ਹੁਣ
        ਜਾਗੋ ਆਈ ਐ
        ਰੁੱਸੀ ਨੂੰ ਮਨਾ ਲੈ
        ਸੁੱਤੀ ਨੂੰ ਜਗਾ ਲੈ
        ਸੋਨ-ਚਿੜੀ
        ਗਲ ਲਾ ਲੈ ਵੇ
        ਜਾਗੋ ਆਈ ਐ
        ... ... ...
        ... ... ...
        ... ... ...
ਆਪਣੀ ਹੋਂਦ 'ਚ
ਆਪਾ ਕੈਦੀ
ਧਾਰੋ ਲੋਕੋ
ਸੋਚ ਅਲਹਿਦੀ
ਆਖਣ ਨਦੀਆਂ
ਸਗਲ ਨਜ਼ਾਰੇ
ਫੁੱਲ ਬਹਾਰਾਂ
        ਚੰਦ ਤੇ ਤਾਰੇ
        ਜਾਗੋ ਲੋਕੋ ਵੇ
        ਚੌਰਾਹਾ ਛੱਡੋ
        ... ... ...
        ... ... ...
        ਸ਼ਾਵਾ ਵਈ ਹੁਣ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਜਾਗੋ ਆਈ ਐ
ਉਠ ਕੇ ਦਰਸ਼ਨ ਪਾ ਲੈ ਵੇ
ਜਾਗੋ ਆਈ ਐ
ਸ਼ਾਵਾ ਵਈ ਹੁਣ
ਜਾਗੋ ਆਈ ਐ
ਰੁੱਸੀ ਨੂੰ ... ...
... ... ...
... ... ...

ਆਪੂੰ ਰੁਕਿਆਂ
ਰਾਹ ਨਹੀਂ ਖੜ੍ਹਦਾ
ਝਰਨੇ ਦਾ ਸੰਗੀਤ
ਸਦੀਵੀ ਸੂਰਜ ਚੜ੍ਹਦਾ
ਅੰਦਰ ਰਾਹਵਾਂ
ਬਾਹਰ ਰਾਹਵਾਂ
ਤੀਜੀ ਅੱਖ ਦੀਆਂ
ਕਹਿਣ ਸ਼ੁਆਵਾਂ :

ਜਾਗੋ ਲੋਕੋ ਵੇ
ਚੌਰਾਹਾ ਛੱਡੋ
... ... ...
... ... ...
ਸ਼ਾਵਾ ਵਈ ਹੁਣ
ਜਾਗੋ ਆਈ ਐ
... ... ...
... ... ...
... ... ...

ਨਜ਼ਰ ਉਹੀ, ਜੁ
ਵੇਖਣ ਜਾਣੇ
ਆਪਣੇ, ਸਭ ਦੇ
ਹੱਕ ਪਛਾਣੇ
ਪਹੁੰਚਣ ਲਈ
ਸੰਘਰਸ਼ ਪੁਕਾਰੇ
ਹਿੰਮਤ, ਮੁੱਠ ਵਿਚ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਸੂਰਜ, ਤਾਰੇ :
ਜਾਗੋ ਲੋਕੋ ਵੇ
ਚੌਰਾਹਾ ਛੱਡੋ

... ... ...

... ... ...
ਸ਼ਾਵਾ ਵਈ ਹੁਣ
ਜਾਗੋ ਆਈ ਐ

... ... ...

... ... ...

## 2. ਸੋਤਾ

ਕਿਹੜੀ ਮੰਜ਼ਲ ?
ਕਿੱਥੇ ਜਾਣਾ ?
ਕਿਹੜਾ ਰਸਤਾ ?
ਕੌਣ ਟਿਕਾਣਾ ?
ਸੌਂ ਜਾਓ ਲੋਕੋ ਵੇ
ਹੁਣ ਨੀਂਦਰ ਆਈ ਐ
ਸ਼ਾਵਾ ਵਈ ਹੁਣ
ਨੀਂਦਰ ਆਈ ਐ

... ... ...

... ... ...
ਜਾਗੀ ਨੂੰ ਸੁਆ ਲੈ
ਮੰਨੀ ਨੂੰ ਰੁਸਾ ਲੈ
ਇੱਕੋ ਸੱਚ ਹੈ
ਸੱਚ ਨੂੰ ਪਾ ਲੈ
ਨੀਂਦਰ ਆਈ ਐ

... ... ...

... ... ...
ਖੁੱਲ੍ਹੀਆਂ ਕਬਰਾਂ
ਬਲਣ ਚਿਤਾਵਾਂ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਵਿਚ ਚੁਰਸਤੇ
ਬੰਦ ਦਿਸ਼ਾਵਾਂ
ਆਖਣ ਇੱਲਾਂ
ਆਖਣ ਗਿਰਝਾਂ
ਬੰਬ ਐਟਮੀਂ,
ਰਾਕਟ ਮਿਸਲਾਂ
ਸੌਂ ਜਾਓ ਲੋਕੋ ਵੇ
ਹੁਣ ਨੀਂਦਰ ਆਈ ਐ
... .... ...
ਸ਼ਾਵਾ ਵਈ ਹੁਣ
ਨੀਂਦਰ ਆਈ ਐ
ਜਾਗੀ ਨੂੰ ... ...
... .... ...
... .... ...
ਸੱਭੇ ਰਸਤੇ
ਏਥੇ ਢੁੱਕਦੇ
ਸੱਤਾਧਾਰੀ
ਜੋਧੇ ਜੁੱਗ ਦੇ
ਕਹਿਣ ਬੁਲਬੁਲੇ
ਪੱਤਰ ਸੁੱਕੇ
ਜੀਵਨ ਹਾਰੇ
ਮੌਤ 'ਚ ਮੁੱਕੇ
ਸੌਂ ਜਾਓ ਲੋਕੋ ਵੇ
ਹੁਣ ਨੀਂਦਰ ਆਈ ਐ
ਸ਼ਾਵਾ ਵਈ ਹੁਣ
ਨੀਂਦਰ ਆਈ ਐ
ਜਾਗੀ ਨੂੰ ...

## 3. ਛੱਲਾ

ਆਖੋ ਨੀ ਓਹਨੂੰ ਜਾਗੇ ਸੁਹਣਾ
ਸੌਂ ਸੌਂ ਬੀਤੇ ਵਿਚ ਚੁਰਸਤੇ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਨਿਹੁੰ ਮੰਗਦੇ ਚੱਟਾਨ ਇਰਾਦੇ
ਅੰਦਰ ਚਾਨਣ ਬਾਹਰ ਰਸਤੇ

ਛੱਲਾ ਦਵੇ ਦੁਹਾਈਆਂ
ਸੜਕਾਂ ਅੰਦਰੋਂ ਆਈਆਂ
ਸੜਕਾਂ ਬਾਹਰੋਂ ਆਈਆਂ
ਸੜਕਾਂ ਵਿਚ ਚੌਰਾਹੇ
ਹਰ ਕੋਈ ਟੰਗਿਆ ਫਾਹੇ

ਛੱਲਾ ਲਿਸ਼ਕਾਂ ਮਾਰੇ
ਬਾਹਰ ਵਰ੍ਹਣ ਸ਼ਰਾਰੇ
ਅੰਦਰ ਬਲਣ ਅੰਗਾਰੇ
ਮਨ ਵਿਚ ਤੇੜਾਂ ਆਈਆਂ
ਸਭ ਨੇ ਢੇਰੀਆਂ ਢਾਈਆਂ

ਛੱਲਾ ਨੌਂ ਨੌਂ ਦਾਣੇ
ਜ਼ਿੰਦਗੀ ਕੋਈ ਨਾ ਮਾਣੇ
ਮੌਤਾਂ ਤਣ ਲਏ ਤਾਣੇ
ਥਲ ਵਿਚ ਬੱਦਲ ਡੁੱਲ੍ਹਿਆ
ਏਥੇ ਹਰ ਕੋਈ ਰੁਲਿਆ

ਛੱਲਾ ਧੁੱਪ ਵਿਚ ਤਾਰੇ
ਹਰ ਕੋਈ ਭੁੱਲਿਆ ਚੇਤਾ
ਪਾਗਲ ਹੋ ਗਏ ਨੇਤਾ
ਦੁਨੀਆਂ ਪਾਗਲਖ਼ਾਨਾ
ਹਰ ਕੋਈ ਮਾਲ ਬਗਾਨਾ

ਛੱਲਾ ਦੰਦ ਦੀਆਂ ਡੰਡੀਆਂ
ਹਰ ਥਾਂ ਕੋਠੇ ਰੰਡੀਆਂ
ਤਨ ਦੀਆਂ ਮਨ ਦੀਆਂ ਮੰਡੀਆਂ
ਲਗੀਆਂ ਵਿਚ ਚੁਰਸਤੇ
ਬੰਦੇ ਸ਼ਰਮੋਂ ਸਸਤੇ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਛੱਲਾ 'ਕੱਲਾ ਕਾਰਾ
ਨਾ ਕੋਈ ਸੂਰਜ ਤਾਰਾ
'ਨ੍ਹੇਰਾ ਚੜ੍ਹਿਆ ਏ ਭਾਰਾ
ਹਰ ਕੋਈ ਆਪੋ ਆਪਣਾ
'ਮੈਂ, ਮੈਂ' ਕਰਕੇ ਖਪਣਾ

ਛੱਲਾ ਛਣਕੇ ਸੋਗੀ
ਏਥੇ ਹੁਸਨ ਵੀ ਰੋਗੀ
ਏਥੇ ਇਸ਼ਕ ਵੀ ਭੋਗੀ
ਪ੍ਰੀਤਾਂ ਕੋਈ ਨਾ ਜਾਣੇ
ਸਭ ਦੇ ਵਿਕ ਗਏ ਦਾਣੇ।

## 4. ਹੀਰ

ਬੈਠੇ ਕੱਚ ਦੇ ਕੋਠਿਆਂ ਵਿਚ ਬੰਦੇ,
ਪੱਥਰ ਖਾਣ ਦਾ ਭੈ ਪਏ ਪਾਲਦੇ ਨੇ।

ਜੰਗ ਅੰਦਰ ਤੇ ਬਾਹਰ ਵਿਚਕਾਰ ਲੱਗੀ,
ਜ਼ਿੰਦਗੀ ਛਿਣ ਛਿਣ, ਗਿਣ ਗਿਣ ਟਾਲਦੇ ਨੇ।

ਅੰਦਰ ਡੋਬਿਆ ਸੂਰਜੇ ਆਪਣੇ ਨੂੰ,
ਕੱਲੇ ਕੱਲੇ ਇਹ ਕੀ ਪਏ ਭਾਲਦੇ ਨੇ।

ਰਸਤੇ ਨਜ਼ਰ ਤੋਂ ਬਾਝ ਨਾ ਨਜ਼ਰ ਆਉਂਦੇ,
ਦੀਦੇ ਹੰਝੂਆਂ ਵਿਚ ਪਏ ਗਾਲਦੇ ਨੇ।

ਜੀਂਦੇ ਉਹ ਜੁ ਮੇਲਦੇ ਉਫ਼ਕ ਨੈਣੀਂ,
ਸਮਾਂ ਪਕੜ ਕੇ ਕੋਲ ਬਹਾਲਦੇ ਨੇ।

ਬਾਕੀ ਭੋਗਦੇ ਭੁਗਤਦੇ ਭੱਠ ਤਪਦਾ,
ਟੁੱਟੇ ਆਪੇ 'ਚ ਟੋਟਿਆਂ ਨਾਲ ਦੇ ਨੇ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

## 5. ਮਾਹੀਆ

**ਟੋਲੀ-1**
'ਨ੍ਹੇਰੀ ਕਿੱਥੋਂ ਕਿੱਥੋਂ ਆਈ ਹੋਈ ਏ
ਏਸ ਚੌਰਾਹੇ ਵਿਚ
ਅਸਾਂ ਜਾਗੋ ਜਗਾਈ ਹੋਈ ਏ

**ਟੋਲੀ-2**
ਅੱਖੀਂ ਕਾਲਖ਼ ਪਾਈ ਹੋਈ ਏ
ਏਸ ਚੌਰਾਹੇ ਵਿਚ
ਸਾਨੂੰ ਨੀਂਦਰ ਆਈ ਹੋਈ ਏ

**ਟੋਲੀ-1**
ਅਸੀਂ ਕਾਲਖ਼ ਬਾਲ ਦੇਈਏ
ਨੈਣਾਂ 'ਚ ਪਾ ਸਾਨੂੰ
ਸਭ ਰਸਤੇ ਵਿਖਾਲ ਦੇਈਏ

**ਟੋਲੀ-2**
ਰਾਹਾਂ ਵਿਚ ਰਾਹ ਕੋਈ ਨਾ
ਮੱਥੇ ਵਿਚ ਬੰਦ ਸੁਰਤੀ
ਏਥੇ ਦਿਸਦੀ ਦਿਸ਼ਾ ਕੋਈ ਨਾ

**ਟੋਲੀ-1**
ਮੱਥੇ 'ਚ ਦਿਸ਼ਾਵਾਂ ਨੇ
ਜਾਗੋ ਜਗਾਵੇਂ, ਤਾਂ
ਪੈਰ ਚੁੰਮਣੇ ਨੇ ਰਾਹਵਾਂ ਨੇ

**ਟੋਲੀ-2**
ਜਾਗੋ ਕੋਈ ਖੇਲ੍ਹ ਨਹੀਂ
ਮੌਤ ਨੂੰ ਜਿੱਤਣੇ ਲਈ
ਇਸ ਜ਼ਿੰਦਗੀ 'ਚ ਤੇਲ ਨਹੀਂ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

**ਟੋਲੀ-1**
ਜ਼ਿੰਦਗੀ ਰੁਸ਼ਨਾਵਾਂਗੇ
ਮੱਥੇ ਦੀਆਂ ਜੁਗਤਾਂ, ਰੁਖ
ਪਲਟੇ ਦਰਿਆਵਾਂ ਦੇ

**ਟੋਲੀ-2**
ਧਰਤੀ ਦੀ ਕੁੱਖ ਖ਼ਾਲੀ
ਰੱਜਿਆ ਰੱਜਦਾ ਪਿਆ
ਕੁੱਖਾ ਮਰਿਆ ਹਰ ਹਾਲੀ

**ਟੋਲੀ-1**
ਕੋਂ ਹਰ ਵਰ੍ਹਿਆਈ ਏ
ਹੱਕਾਂ ਦੀ ਜੰਗ ਲਈ
ਅਸਾਂ ਜਾਗੋ ਜਗਾਈਏ।

## 6. ਜਾਗੋ

ਇਕ ਤਾਰਾ ਦੋ ਤਾਰਾ ਵੱਜਦਾ
ਢੋਲਕ ਕਿਸੇ ਉਠਾਈ
ਕੋਈ ਗਾਵੇ ਢੋਲਾ ਮਾਹੀਆ
ਜਾਗੋ ਕਿਸੇ ਜਗਾਈ
ਛੱਲੇ ਦੇ ਵਿਚ ਦਰਦ ਪਰੋ ਕੇ
ਹੀਰ ਕਿਸੇ ਦੀ ਆਈ
ਇਹ ਅਸਮਾਨੀ ਲਾਟ ਚੌਰਾਹੇ
ਨੱਚਿਆਂ, ਮਚੇ ਸਵਾਈ
ਖ਼ਬਰਦਾਰ ਰਹਿਣਾ ਜੀ
ਜਾਗੋ ਸੂਰਜਾਂ ਦੀ ਜਾਈ

ਖ਼ਬਰਦਾਰ ਰਹਿਣਾ ਜੀ
ਜਾਗੋ ਸੂਰਜਾਂ ਦੀ ਜਾਈ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਖ਼ਬਰਦਾਰ ਰਹਿਣਾ ਜੀ,
ਜਾਗੋ ਆਈ ਐ
ਸ਼ਾਵਾ ਵਈ ਹੁਣ ਜਾਗੋ ਆਈ ਐ
ਰੁੱਸੀ ਨੂੰ ਮਨਾ ਲੈ
ਸੁੱਤੀ ਨੂੰ ਜਗਾ ਲੈ
ਸੋਨ-ਚਿੜੀ ਗਲ ਲਾ ਲੈ ਵੇ
ਜਾਗੋ ਆਈ ਐ

... ... ...



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf A2
Academy of the Punjab in North America: http://www.apnaorg.com

# ਪੰਜ ਦਰਿਆ ਅਸੀਂ ਪਲਕੀਂ ਪਾਏ

# ਤੇ

# ਹੋਰ ਕਵਿਤਾਵਾਂ



ਪੰਜਾਬ ਦੇ ਨਾਂ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

# ਪੰਜ ਦਰਿਆ ਅਸੀਂ ਪਲਕੀਂ ਪਾਏ

ਨਾ ਅਸੀਂ ਕੂਏ, ਨਾ ਅਸੀਂ ਰੋਏ,
ਨਾ ਅਸੀਂ ਪਾਏ ਵੈਣ।
ਪੰਜ ਦਰਿਆ ਅਸੀਂ ਪਲਕੀਂ ਪਾਏ
ਡੁੱਬ ਗਏ ਸਾਡੇ ਨੈਣ।

ਟੁੱਟੀ ਵੰਗ, ਅਸੀਂ ਟੁਕੜੇ ਟੁਕੜੇ,
ਰੋਕ ਲਏ ਅਸਾਂ ਸਾਹ।
ਉੱਜੜੀ ਮਾਂਗ, ਉਜਾੜ ਬਣੇ ਖ਼ੁਦ,
ਘਿਰ ਗਏ ਸੱਭੇ ਰਾਹ !
ਆਪਣਿਆਂ 'ਚੋਂ ਦੁਸ਼ਮਣ ਚੜ੍ਹ ਪਏ,
ਲਸ਼ਕਰ ਟੁੱਟ, ਟੁੱਟ ਪੈਣ !

ਚੁੱਪ, ਚੁੱਪ ਲੋਕੀਂ ਅੰਦਰੇ ਅੰਦਰ,
ਲੋਥਾਂ ਦੇ ਅੰਬਾਰ !
ਆਪਣੇ ਕੋਲੋਂ ਚੁੱਕ ਨਾ ਹੋਵੇ,
ਆਪਣੀ ਜਿੰਦ ਦਾ ਭਾਰ !
ਸੱਚ ਨੂੰ ਸੱਚ ਕਹਿਣ ਤੋਂ ਡਰਦੇ,
ਦਿਨੇ ਵਿਹਾਜੀ ਰੈਣ।

ਆਪਣਿਆਂ ਵਿਚ, ਆਪਣੇ ਰਸਤੇ,
ਆ ਕੇ, ਹੋ ਗਏ ਬੰਦ।
ਆਪਣਿਆਂ 'ਚੋਂ, ਆਪਣੇ ਵੰਡਣ,
ਵਾਲੀ ਉੱਸਰੀ ਕੰਧ।
ਆਪਣਿਆਂ ਸੰਗ ਰਹਿਣੋਂ ਚੰਗਾ,
ਦੇਸ਼ ਬਿਗਾਨੇ ਰਹਿਣ।

ਦੇਸ਼ ਬਿਗਾਨੇ ਸਭ ਬੇਗਾਨੇ,
ਦੰਭ ਨਾ ਚੁੱਕਣਾ ਪੈਂਦਾ।
ਦੇਸ਼ ਬਿਗਾਨੇ ਬੇਗਾਨਾ ਵੀ,
ਆਪਣਾ ਹੋ ਹੋ ਬਹਿੰਦਾ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਦੇਸ਼ ਬਿਗਾਨੇ ਹੋਵਣ ਸਭ, ਜਦ
ਮਨ ਪ੍ਰਦੇਸੀ, ਮਨ ਬੇਚੈਨ !

ਅੰਦਰੇ ਅੰਦਰ ਵਧਦਾ ਜਾਵੇ,
ਬੇਬਸੀਆਂ ਦਾ ਸਾੜ।
ਇਕ ਦਿਨ ਇਸ ਲਾਵੇ ਨੇ ਧਰਤੀ
ਅੰਬਰ ਦੇਣੇ ਪਾੜ।
ਚਿੰਤਨ ਅੰਦਰ ਖਿਤਿਜ ਨਵੇਂ ਪਏ
ਅੱਜ ਅੰਗੜਾਈਆਂ ਲੈਣ !

ਨਾ ਅਸੀਂ ਕੂਏ, ਨਾ ਅਸੀਂ ਰੋਏ,
ਨਾ ਅਸੀਂ ਪਾਏ ਵੈਣ !
ਪੰਜ ਦਰਿਆ ਅਸੀਂ ਪਲਕੀਂ ਪਾਏ,
ਡੁੱਬ ਗਏ ਸਾਡੇ ਨੈਣ।

## ਅੱਗ ਦਾ ਦਰਿਆ

ਨਾ ਅਸੀਂ ਮੰਦਰ, ਨਾ ਅਸੀਂ ਮੱਕੇ
ਨਾ ਅਸੀਂ ਗੁਰੂ ਦੁਆਰੇ।
ਵਿਚ ਸਰਾਵਾਂ ਉਮਰ ਗੁਜ਼ਾਰੀ
ਮੁੱਕ ਗਏ, ਗਿਣ ਗਿਣ ਤਾਰੇ।

ਏਧਰ ਇਕ ਅੱਗ ਦਾ ਦਰਿਆ ਹੈ
ਜੋ ਸੋਚੋ, ਸੋ ਬੋਲੋ।
ਜੋ ਬੋਲੋ, ਸੋ ਕਰੋ, ਵਿਖਾਵੋ,
ਕੁਫ਼ਰ ਕਦੇ ਨਾ ਤੋਲੋ।
ਜੀਭ-ਕਟੀ ਪਰ ਜੂਨ ਅਸਾਡੀ
ਭੋਗੇ ਕੂੜ-ਅੰਧਿਆਰੇ।

ਓਧਰ ਹੈ 'ਕੁਰਸੀ' ਦਾ 'ਕਿੱਸਾ',
ਉਸ ਦੀ ਭਾਸ਼ਾ ਬੋਲੋ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਆਪਣੀ ਭਾਸ਼ਾ ਭੁੱਲ ਵਿਸਰ ਜਾਓ,
ਕਦੇ ਨਾ ਮੁੜ ਕੇ ਟੋਲੋ।
ਆਪਣੇ ਮੂੰਹ ਵਿਚ ਦੇਸ਼ ਬੇਗਾਨਾ,
ਅਰਥ ਨਿਰੇ ਕੂੜਿਆਰੇ।

ਏਧਰ ਭੀੜਾਂ ਓਧਰ ਭੀੜਾਂ
ਵਿਚ ਭੀੜਾਂ ਅਸੀਂ 'ਕੱਲੇ।
ਸ਼ੁੱਧ ਮਨੁੱਖ ਦਾ ਸੁੱਚਾ ਸਿੱਕਾ,
ਭੀੜਾਂ ਵਿਚ ਨਾ ਚੱਲੇ।
ਧਿਰ ਬਣਿਆਂ ਹੀ ਧਰਮ ਨਿਭੇਗਾ
ਕਹਿੰਦੇ ਸਭ ਵਣਜਾਰੇ।

ਆਪਣੀ ਬੋਲੀ ਖ਼ੁਦ ਨੂੰ, ਸਭ ਨੂੰ
ਅੱਜ ਬੇਗਾਨੀ ਹੋਈ।
ਰਾਤਾਂ ਵਿਚ ਪਰਛਾਵੇਂ ਗੁੰਮੇਂ,
ਪੌਣਾਂ ਵਿਚ ਅਰਜੋਈ।
ਆਪਣੇ ਤੂਫ਼ਾਨਾਂ ਵਿਚ ਡੁੱਬੇ,
ਆਪਣੇ ਸਭ ਕਿਨਾਰੇ।

ਨਾ ਅਸੀਂ ਮੰਦਰ, ਨਾ ਅਸੀਂ ਮੱਕੇ,
ਨਾ ਅਸੀਂ ਗੁਰੂ ਦੁਆਰੇ।
ਵਿਚ ਸਰਾਵਾਂ ਉਮਰ ਗੁਜ਼ਾਰੀ,
ਮੁਕ ਗਏ, ਗਿਣ ਗਿਣ ਤਾਰੇ।

## ਜੰਗਲ ਦੀ ਰੁੱਤ

ਥੁੱਕੇ ਲਹੂ ਤੇ ਗੁੱਸਾ ਚੱਬੇ
ਅੱਖਾਂ ਵਿਚ ਅਗਨੀ ਤੂਫ਼ਾਨ।
ਨਗਰ ਨਗਰ ਵਿਚ ਜੰਗਲ ਬਣਿਆਂ
ਕੈਸਾ ਹੈ ਅੱਜ ਦਾ ਇਨਸਾਨ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਦਿੱਲੀ ਦਾ ਦਿਲ ਗ਼ਰਕ ਗਿਆ ਹੈ।
ਵੱਗੀ ਹੈ ਇਹ ਕੈਸੀ ਵਾ।
ਜ਼ਿੰਦਾ ਸਾੜੇ ਹਮ-ਜਿਨਸਾਂ ਨੂੰ
ਕਿਹਾ ਕ੍ਰੋਧੀ ਝੱਲ ਸ਼ੁਦਾ।
ਅੱਗਾਂ, ਲੁੱਟ, ਮਾਰ ਤੇ ਬਲਵੇ,
ਧਰਮ ਕੁਕਰਮੀਂ ਵਿਚਰ ਰਿਹਾ !

ਨੀਰੋ ਦੇ ਹੱਥ ਵਿਚ ਬੰਸਰੀ,
ਬਣਿਆਂ ਅੱਜ ਦਾ ਨਵਾਂ ਖ਼ੁਦਾ।
ਕਿੱਥੇ ਹੈ ਗੁਰੂ ਤੇਗ ਬਹਾਦਰ ?
ਕਿੱਥੇ ਹੈ ਆਤਮ-ਬਲੀਦਾਨ ?

ਲੀਰੋ ਲੀਰ ਆਤਮਾਂ ਯੁੱਗ ਦੀ,
ਟੁੱਟਾ ਖੁੱਸਾ ਹੈ ਵਿਸ਼ਵਾਸ।
ਚਾਰ ਚੁਫੇਰੇ ਅਗਨੀ-ਪਹਿਰਾ,
ਦਮ ਤੋੜੀ ਡਿੱਗੀ ਹੈ ਆਸ !
ਹਰ ਦਿਲ ਧੁਖਦਾ ਧੂੰਆਂ ਧੂੰਆਂ,
ਸ਼ਬਦਾਂ ਨੂੰ ਅਰਥਾਂ ਦੀ ਪਿਆਸ !
ਖ਼ਲਕਤ ਵਿਚ ਖ਼ਾਲਕ ਵੀ ਸੜਿਆ,
ਦੀਨ ਦੁਨੀ ਤੇ ਸਭ ਧਰਵਾਸ।
ਜੰਗਲ ਦੀ ਰੁੱਤ ਦੇਸ਼ ਮੇਰੇ ’ਤੇ
ਕਿੱਥੇ ਸੱਭਿਅਤਾ, ਆਤਮ-ਗਿਆਨ ?

## ਵੋਟ ਤੋਂ ਬਾਰੂਦ ਤਕ

ਹਰ ਗਲੀ ਵੀਰਾਨ ਹੈ
ਘੋਰ ਸੁੰਨ-ਮਸਾਨ ਹੈ
ਬਣ ਗਿਆ ਰੱਖਿਅਕ,
ਜਿਵੇਂ ਖ਼ੁਦ,
ਕਹਿਰ ਦਾ ਤੂਫ਼ਾਨ ਹੈ !



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਸੂਰਜ ਤਾਂ ਹੈ, ਚਾਨਣ ਨਹੀਂ
ਤਾਰੇ ਤਾਂ ਨੇ, ਦਿਸਦੇ ਨਹੀਂ
ਜਿਸ ਤਰਫ਼ ਵੀ ਨਜ਼ਰ ਚੁੱਕਾਂ
ਕਾਲਾ ਆਸਮਾਨ ਹੈ !

ਝੁਕ ਗਈਆਂ, ਕੁਝ ਟੁੱਟ ਗਈਆਂ
ਕੁਝ ਵਿਚ ਗਰਭ ਦੇ ਸੁੱਕ ਗਈਆਂ
ਫੱਟੀਆਂ ਆਸਾਂ 'ਤੇ ਸੋਕਾ
ਰੁਤ ਕੈਸੀ ਤੇ ਕਿਹਾ ਮੁਕਾਮ ਹੈ !

ਝਾੜ ਸੁੱਟੇ ਫੁੱਲ, ਡੰਬੀਆਂ ਡੋਡੀਆਂ,
ਰੁੱਖ ਖੜਸੁੱਕ ਵੀ ਤੇ ਲਗਰਾਂ ਕੂਲੀਆਂ
ਲਿੰਗ, ਉਮਰ, ਦੋਸ਼ ਤੇ ਨਿਦੋਸ਼ 'ਤੇ ਦਯਾ ਨਹੀਂ,
ਰੱਬ ਦੇ ਘਰ ਢੁੱਕਿਆ ਸ਼ੈਤਾਨ ਹੈ !

ਇਹ ਕਿਹਾ ਭਾਣਾ ? ਤੇ ਕੀਕੂੰ ਵਰਤਿਆ ?
ਵਾਂਗ ਸੁਸਰੀ ਸੌਂ ਗਏ ਨੇ ਲੋਕ ?
ਜਾਂ ਰੱਬ ਗੱਦੀਓਂ ਲੱਥਿਆ ?
ਹਰ ਕੋਈ ਹੀ ਜਾਣ ਕੇ ਅਨਜਾਣ ਹੈ !

ਜਿਸਮ ਵੀ ਹੈ, ਨਜ਼ਰ ਵੀ ਹੈ, ਸੋਚ ਵੀ
ਖ਼ੂਨ ਵਿਚ ਲੱਥ ਪੱਥ ਹੈ, ਸਭ ਕੁਝ,
ਮਿੱਝ ਚੁਫੇਰੇ ਬਿਖਰੀ,
ਬੋਲ ਤੋਂ ਊਣਾ ਇਹ ਕੈਸਾ ਗਿਆਨ ਹੈ !!!

ਵੋਟ ਤੋਂ ਬਾਰੂਦ ਤਕ ਕੀ ਸਫ਼ਰ ਸੱਤਾ ?
ਇਹ ਕੀ ਸਾਡੀ ਮੰਗ, ਸਾਡਾ ਮੱਤਦਾਨ ਹੈ ?
ਗੋਲੀ ਤੇ ਬਾਰੂਦ ਦੀ ਭਾਸ਼ਾ 'ਚ ਮੁਨਸਫ਼ ਬੋਲਦੇ,
ਚੇਤਨਾ ਕਿੱਥੇ ਕ੍ਰਾਂਤੀ, ਨਿਆਂ ਤੇ ਈਮਾਨ ਹੈ ???


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

# ਰਾਜਨੀਤਕ ਬਲਾਤਕਾਰ

ਪੋਲੇ ਪੋਲੇ ਪੱਬ ਧਰੋ
ਏਥੇ ਹੁਣੇ ਹੁਣੇ
ਇਨਸਾਨ ਨੇ ਪੱਛ ਲਾਏ ਹਨ।

ਪੋਲੇ ਪੋਲੇ ਪੱਬ ਧਰੋ
ਏਥੇ ਹੁਣੇ ਹੁਣੇ
ਇਨਸਾਨ ਦੇ ਪੱਛ ਲੱਗੇ ਹਨ !

ਗੁਰੂ ਦੀ ਰੂਹ ਪੁਰਜ਼ਾ ਪੁਰਜ਼ਾ ਹੈ !
ਗੁਰੂ ਦੀ ਦੇਹ : ਗੁਰੂ ਗ੍ਰੰਥ
ਛਲਣੀ ਛਲਣੀ ਹੈ।
ਗੁਰੂ ਦੀ ਸ਼ਕਤੀ : ਅਕਾਲ ਤਖ਼ਤ
ਖੰਡਰ ਖੋਲਾ ਹੈ।
ਗੁਰੂ ਦੀ ਭਗਤੀ : ਹਰਿਮੰਦਰ
ਫੱਟੜ, ਫੋੜੇ ਹੈ !
ਗੁਰੂ ਦੀ ਸੰਗਤ,
ਵੀਹਵੀਂ ਸਦੀ ਦੇ ਏਸ
ਘੱਲੂਘਾਰੇ ਦੀ ਭੱਠ ਵਿਚ
ਭੁੱਜੀ, ਲੂਸੀ,
ਫੂੰਡੀ, ਫੱਟੀ ਹੈ।
ਬੰਦ ਬੰਦ,
ਮਨ ਮਨ,
ਰੂਹ ਰੂਹ,
ਤਨ ਤਨ, ਕੱਟੀ ਹੈ !
'ਪਾਪ ਕੀ ਜੰਜ ਲੈ'
ਦਿੱਲੀਓਂ ਧਾਈ ...
ਇਹ ਕੈਸੀ ਤਾਕਤ !!!
ਕੀ ਇਸ ਦੀ ਕਮਾਈ ???
ਬੱਚੇ ਵੀ, ਬੁੱਢੇ ਵੀ,


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਗਭਰੂ, ਮੁਟਿਆਰਾਂ ਵੀ—
ਨਿਦੋਸੇ, ਨਿਪੱਖੇ, ਸਭ
ਸ਼ਮਸ਼ਾਨ ਬਣਾ ਦਿੱਤੇ ਗਏ।
ਇਤਿਹਾਸ ਬਨਾਉਣ ਲਈ,
ਇਤਿਹਾਸ ਜਲਾ ਦਿੱਤੇ ਗਏ।
ਸੱਤਾ ਦੀ ਕੁੱਖ ਵਿਚ,
ਇਨਸਾਨ ਖਪਾ ਦਿੱਤੇ ਗਏ !!!
ਇਨਸਾਨ ਦੀਆਂ ਮੰਗਾਂ ਨੂੰ,
ਰਾਜਨੀਤੀ ਵਿਚ ਰੰਗਣ ਵਾਲੇ :
ਕਾਂਗਰਸੀ,
ਚਿੱਟੇ ਲਾਲ ਤੇ ਪੀਲੇ ਕਾਮਰੇਡ,
ਅਕਾਲੀ, ਜਨਸੰਘੀ ਤੇ ਹੋਰ ਲਲਾਰੀ,
ਅੱਜ ਚੁੱਪ ਕਿਉਂ ਹਨ???
ਸਿੱਖ ਨਹੀਂ,
ਗੁਰੂ ਨਹੀਂ,
ਗੁਰੂ-ਘਰ ਨਹੀਂ—
ਅੱਜ ਇਨਸਾਨ ਮੋਇਆ ਹੈ !
ਇਕ ਸੱਭਿਅਤਾ ਕੁਰਲਾਈ,
ਕੁਸ਼ਟਾਚਾਰ ਹੋਇਆ ਹੈ !

ਇਤਿਹਾਸ ਲਿਖਣ ਵਾਲਿਓ !
ਅੱਜ ਫੇਰ ਪੰਜਾਬ ਨਾਲ,
ਬਲਾਤਕਾਰ ਹੋਇਆ ਹੈ !!!

## ਪੰਜਾਬ ਦੀ ਲਾਸ਼

ਉਹ ਜਦੋਂ ਹਲ ਚੁੱਕਦਾ ਹੈ,
ਖੇਤ 'ਚੋਂ ਲਾਸ਼ ਕੁੜਕ ਪੈਂਦੀ ਹੈ !
ਉਸ ਦੇ ਅੰਦਰ ਕੁਝ ਟੁੱਟਣ, ਖੁੱਸਣ,
ਕੁਰਨ, ਰੁੱਸਣ ਲੱਗ ਪੈਂਦਾ ਹੈ।
ਉਸ ਦੇ ਅੰਦਰੋਂ ਸੇਕ ਉੱਠਦਾ ਹੈ—


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਜਲਨ ਹੁੰਦੀ ਹੈ,
ਪਰ ਕਾਂਬੜ ਵਿਖਾਈ ਨਹੀਂ ਦਿੰਦੇ।
ਉਸ ਦੇ ਅੰਦਰ ਲੱਗੇ ਲਾਸ਼ਾਂ ਦੇ ਅੰਬਾਰ,
ਮੁਸ਼ਕੀ ਮਿੱਝ,
ਕੱਟੇ ਅੰਗ, ਉੱਡੇ ਧੜ, ਖਖੜੀ ਸਿਰ,
ਵਿਸਫੋਟਕ ਬਾਲ ...
ਪ੍ਰੇਤ-ਭਾਸ਼ਾ 'ਚ ਇਕ ਕੁਹਰਾਮ ਮਚਾ ਦਿੰਦੇ ਹਨ।
ਉਸਦੇ ਸਾਹਵੇਂ ਉਸਨੂੰ ਖੜ੍ਹਿਆਂ ਕਰ ਕੇ,
ਜ਼ਿੰਦਾ ਜਲਾ ਦਿੰਦੇ ਹਨ !

ਇਸ ਮੌਤਾਏ ਸ਼ੋਰ ਵਿਚ,
ਉਹ ਸੀ ਨਹੀਂ ਕਰਦਾ !
ਜੋ ਬੀਜ, ਅਜੇ ਬੀਜਿਆ ਨਹੀਂ—
ਜੋ ਫ਼ਸਲ, ਅਜੇ ਉੱਗੀ ਨਹੀਂ—
ਜੋ ਫਲ, ਅਜੇ ਲੱਗਾ ਨਹੀਂ—
ਜੋ ਸਿੱਟਾ, ਅਜੇ ਨਿਸਰਿਆ ਨਹੀਂ—
ਜੋ ਕਲੀ, ਅਜੇ ਖੁੱਲ੍ਹੀ ਨਹੀਂ—
ਸਭ 'ਚੋਂ,
ਹਾਂ, ਸਭ 'ਚੋਂ,
ਹੱਥਿਆਰ ਝਾਕਦੇ ਹਨ,
ਬਾਰੂਦ ਮਹਿਕਦੇ ਹਨ।
ਫਸਲਾਂ ਦੀ ਸਰਸਰਾਹਟ
ਟੈਂਕਾਂ ਦੇ ਸ਼ੋਰ ਵਿਚ ਬਦਲ ਜਾਂਦੀ ਹੈ।
ਗੋਲਾਬਾਰੀ ਹੁੰਦੀ ਹੈ
ਤੇ ਦੂਰ ਖਿਤਿਜ 'ਤੇ—
ਇਕ ਬੁੱਢੀ ਫਫਾਕੁੱਟਣੀ,
ਹੱਸਦੀ ਹੈ,
ਉੱਚੀ ਉੱਚੀ ਹੱਸਦੀ ਹੈ
ਤੇ ਪੁੱਛਦੀ ਹੈ :
'ਤੇਰਾ ਘਰ, ਹੁਣ ਤੇਰਾ ਨਹੀਂ ਰਿਹਾ,
ਤੇਰੇ ਖੇਤ, ਤੇਰੇ ਹੱਕ ਵਿਚ ਨਹੀਂ,
ਤੇਰੀ ਫ਼ਸਲ, ਤੇਰੇ ਵੱਸ ਵਿਚ ਨਹੀਂ—
ਤੂੰ ਕਿਹਾ ਕਿਸਾਨ ਹੈਂ ?'


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਨਿੰਮੋਝੂਣ ਜਿਹਾ ਉਹ,
ਆਪਣੇ ਆਪ ਨੂੰ ਕਹਿੰਦਾ ਹੈ :
'ਹਾਂ, ਮੈਂ ਕਿਹਾ ਇਨਸਾਨ ਹਾਂ !!!
ਮੈਂ, ਜੁ
ਸੁਫ਼ਨਿਆਂ 'ਚੋਂ, ਅਗਨ-ਰੁੱਖ
ਉਗਾ ਸਕਣ ਦੇ ਸਮਰੱਥ ਸਾਂ,
ਅੱਜ, ਆਪਣੀ ਹੀ ਅੱਗ ਵਿਚ
ਸੜ ਰਿਹਾ ਹਾਂ—
ਛਿਣ ਛਿਣ ਮਰ ਰਿਹਾ ਹਾਂ !
ਆਪਣੀ ਸੋਚ ਤੇ ਆਪਣੇ ਅਮਲ ਵਿਚਕਾਰ,
ਇਕ ਭਿਆਨਕ ਯੁੱਧ ਲੜ ਰਿਹਾ ਹਾਂ।
ਮੈਂ ਕੀ ਕਰ ਰਿਹਾ ਹਾਂ ???

ਉਹ ਜਦੋਂ ਹਲ ਚੁੱਕਦਾ ਹੈ,
ਖੇਤ 'ਚੋਂ ਲਾਸ਼ ਕੁੜਕ ਪੈਂਦੀ ਹੈ !

## ਸੂਹਾ ਚਿੰਤਨ

ਸੱਤਾ ਨੇ ਜਿਸ ਨੂੰ ਕੋਹਿਆ ਹੈ,
ਉਸ ਵਿਚ ਇਤਿਹਾਸ ਸਮੋਇਆ ਹੈ।
ਜੀਭਾਂ 'ਤੇ ਜੰਦਰੇ ਹਨ ਕਿਧਰੇ,
ਕਿਧਰੇ ਹਨ ਸੀਸ ਨਿਵੇਂ ਹੋਏ—
ਜੁ ਸੀਸ ਤਲੀ ਧਰ, ਜੀਵੇ ਸੱਚ,
ਇਤਿਹਾਸ ਉਸੇ ਨੇ ਮੋਹਿਆ ਹੈ।

ਆਪਣਾ ਹੀ ਹਰਿ, ਮੰਦਰ ਆਪਣਾ—
ਆਪਣਾ ਹੀ ਹੱਲਾ ਹੋਇਆ ਹੈ।
ਅੱਜ 'ਨ੍ਹੇਰ ਵੀ ਅੱਥਰੂ ਕੇਰ ਰਿਹਾ,
ਇਹ 'ਨ੍ਹੇਰ ਜਿਹਾ ਕੀ ਹੋਇਆ ਹੈ।

ਕੁਝ ਨ੍ਹੇਰੇ ਹਨ, ਕੁਝ ਦੀਵੇ ਹਨ—
ਕੁਝ ਪਰਛਾਵੇਂ ਹਨ ਲਰਜ਼ ਰਹੇ;


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਅੱਜ ਡੁੱਬਾ, ਕੱਲ੍ਹ ਚੜ੍ਹੇਗਾ ਫਿਰ,
ਸੂਰਜ ਨੂੰ ਕਿਸ ਨੇ ਕੋਹਿਆ ਹੈ ?

ਅੱਖਾਂ ਦੀਆਂ ਧੁੰਦਾਂ ਲਹੂ ਬਣਨ,
ਇਹ ਲਹੂ ਥੁੱਕਣ, ਇਹ ਨੂਰ ਜਣਨ,
ਜਦ ਪਾਣ ਅਣਖ ਦੀ ਚੜ੍ਹ ਜਾਵੇ,
ਹਰ ਚਿੰਤਨ ਸੂਹਾ ਹੋਇਆ ਹੈ !
ਸੱਤਾ ਨੇ ਜਿਸ ਨੂੰ ਕੋਹਿਆ ਹੈ,
ਉਸ ਵਿਚ ਇਤਿਹਾਸ ਸਮੋਇਆ ਹੈ।

## ਕਿਸ ਨੇ ਸੂਰਜ ਪਕੜ ਲਿਆ

ਕੋਈ ਗੁਰੂ ਪ੍ਰਗਟ ਨਹੀਂ ਹੋਇਆ,
ਨਾ ਹੀ ਕਿਸੇ ਕੋਈ ਸੀਸ ਮੰਗਿਆ ਹੈ।
ਇਹ ਕੌਣ ਸੀ ਮੀਰ ਤੇ ਪੀਰ ਜਿਹਾ,
ਅੱਗ ਦੇ ਦਰਿਆ 'ਚੋਂ ਲੰਘਿਆ ਹੈ।

ਅੱਗਾਂ ਦੀ ਕੁਠਾਲੀ ਵਿਚ ਢਲ ਕੇ,
ਹਰ ਸੋਨਾ ਕੁੰਦਨ ਬਣ ਜਾਂਦਾ।
ਆਪੇ ਨੂੰ ਮਾਰ ਕੇ, ਲੋਕਾਂ ਲਈ,
ਜੀਵਨ ਦਾ ਚਾਅ ਜਿਹਾ ਚੜ੍ਹ ਜਾਂਦਾ।
ਜਿਸ ਦਾਰ 'ਤੇ ਖ਼ਲਕਤ ਟੰਗੀ ਸੀ,
ਉਸ ਦਾਰ 'ਤੇ ਖ਼ੁਦ ਨੂੰ ਟੰਗਿਆ ਹੈ।
ਇਹ ਕੌਣ ਸੀ ਮੀਰ ਤੇ ਪੀਰ ਜਿਹਾ,
ਅੱਗ ਦੇ ਦਰਿਆ 'ਚੋਂ ਲੰਘਿਆ ਹੈ।

ਇਤਿਹਾਸ ਜਮਾਏ ਨਹੀਂ ਜਾਂਦੇ,
ਇਤਿਹਾਸ ਤਾਂ ਬਣਿਆਂ ਜਾਂਦਾ ਹੈ,
ਸੱਚ ਸੋ, ਜੁ ਸੱਚ-ਸੰਘਰਸ਼ ਕਰੇ,
ਹੱਕ ਲੈ, ਹੱਕ ਜਣਿਆਂ ਜਾਂਦਾ ਹੈ।
ਇਹ ਕਿਸ ਨੇ ਸੂਰਜ ਪਕੜ ਲਿਆ !
ਤੇ ਆਪਣੀ ਰੱਤ ਵਿਚ ਰੰਗਿਆ ਹੈ !



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਇਹ ਕੌਣ ਸੀ ਮੀਰ ਤੇ ਪੀਰ ਜਿਹਾ,
ਅੱਗ ਦੇ ਦਰਿਆ 'ਚੋਂ ਲੰਘਿਆ ਹੈ।

## ਸੰਤ ਸਿਪਾਹੀ

ਸੀਨੇ ਅੰਦਰ ਘੋਪ ਕੇ ਖੰਜਰ
ਕਰ ਕੇ ਸੀਲ* ਸਿਰੇ।
ਉੱਡਣਾ ਸਿੱਖਿਆ ਜਿਸ ਨੇ,
ਉਸ ਨੂੰ ਅੰਬਰ ਹਨ ਸੌੜੇ।

ਇਹ ਉਡਾਰੀ ਲਾਵੇ, ਜਿਹੜਾ,
ਸੰਤੋਂ ਬਣੇ ਸਿਪਾਹੀ।
ਲਹੂਓ ਲਹੂ ਨੈਣਾਂ ਵਿਚ ਉਸ ਦੇ
ਜੱਗ ਦੀ ਕੁਲ ਸਿਆਹੀ।
ਨੂਰੋਂ ਉਰੇ ਮੁਕਾਮ ਨਾ ਕੋਈ,
ਬੰਧਨ ਸਭ ਝੜੇ।

ਸੱਤਾ ਸਿਰ ਸ਼ੈਤਾਨ ਚੜ੍ਹੇ, ਤਾਂ
ਬਣ ਜਾਏ ਅੱਥਰਾ ਘੋੜਾ।
ਪਾਸਕ ਨਜ਼ਰੀਂ, ਕਪਟ ਕੁਕਰਮੀਂ,
ਖੰਡ ਖੰਡ ਵਰਤੇ ਲੋਹੜਾ।
ਦਯਾ, ਧਰਮ ਸਭ ਛੁਪ ਖੜੋਵਣ,
ਸੁਆਰਥ-ਕਾਂਗ ਚੜ੍ਹੇ।

ਹਰ ਜਨ ਹਰਿ ਕਾ ਰੂਪ ਹੋਂਵਦਾ,
ਹਰਿਜਨ ਹਰਿ ਕਾ ਬੰਦਾ।
ਹਰ ਥਾਂ ਹਰਿ ਕਾ ਮੰਦਰ ਵੱਸੇ,
ਕੌਣ ਭਲਾ ? ਕੋ ਮੰਦਾ ?
ਤਰਕ ਅਤੇ ਵਿਸ਼ਵਾਸ 'ਚ ਪਾਟੇ—
ਧੁੰਦੀਂ ਅਸੀਂ ਘਿਰੇ।

---

* ਸੀਲ–Seal


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਜਦ ਤਦ ਸੀਨੇ ਸੀਲ ਹੈ ਖੰਜਰ,
ਰੁਕਦੀ ਨਹੀਂ ਉਡਾਰੀ।
ਖੰਭਾਂ ਵਿਚ ਤ੍ਰਾਣ ਹੈ ਜਦ ਤਕ,
ਜਦ ਤਕ ਸੱਚ-ਖੁਮਾਰੀ।
ਖੰਭਾਂ ਉੱਤੇ ਗਗਨ ਉਠਾ ਕੇ,
ਕਣ ਕਣ ਛਾਓਂ ਕਰੇ।

ਉੱਡਣੋਂ ਪਹਿਲਾਂ ਦਿਲ ਵਿਚ ਜਿਸ ਨੇ
ਖੰਜਰ ਸੀਲ ਕਰੇ,
ਉਸ ਸਿਰਲੱਥ ਨੂੰ ਪੁੱਜੇ ਕਿਹੜਾ,
ਜਿਸ ਖ਼ੁਦ ਪ੍ਰਾਣ ਫੜੇ !!!
ਟੁੱਟੇ ਸੀਲ, ਸੁਗੰਧ ਓਸ ਦੀ
ਹਰ ਮਨ, ਪੌਣ ਰਲੇ।

ਸੀਨੇ ਅੰਦਰ ਘੋਪ ਕੇ ਖੰਜਰ
ਕਰ ਕੇ ਸੀਲ ਸਿਰੇ।
ਉੱਡਣਾ ਸਿੱਖਿਆ ਜਿਸ ਨੇ,
ਉਸ ਨੂੰ ਅੰਬਰ ਹਨ ਸੌੜੇ।

## ਖੇਤੀ ਲੋਕਾਂ ਸੇਤੀ

ਬਰਫ਼ਾਂ ਦੇ ਅੰਬਾਰ,
ਜਿੰਦਾਂ ਠਰ ਚੱਲੀਆਂ।
ਅੱਗਾਂ ਦੇ ਅਗਨਾਰ,
ਰੂਹਾਂ ਸੜ ਚੱਲੀਆਂ !

ਅੱਗ-ਠਾਰੇ ਦੀ ਰੁੱਤ,
ਜਾਈਏ ਕਵਣ ਦਰੇ !
ਜਿਸ ਦਰ ਕਹੀਏ ਅਲਖ,
ਬਿਸੀਅਰ ਆਣ ਲੜੇ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਨਫ਼ਰਤ, ਬਲਵੇ, ਰੋਹ—
ਜ਼ਹਿਰਾਂ ਚੜ੍ਹ ਚੱਲੀਆਂ !

ਘਾਇਲ ਹੈ ਵਿਸ਼ਵਾਸ,
ਧਰਮ ਤਲਵਾਰ ਫੜੀ !
ਹੱਡਾ-ਰੋੜੀ ਬਣ ਕੇ,
ਪਰਲੋ ਆਣ ਚੜ੍ਹੀ !
ਥਾਂ ਥਾਂ ਮੌਤ ਦਾ ਪਹਿਰਾ,
ਲਾਸ਼ਾਂ ਸੜ ਚੱਲੀਆਂ !

ਸੀਨੇ ਵਿਚ ਖਲਾਅ,
ਨਜ਼ਰੀਂ ਕੰਡੇ ਨੇ।
ਆਪਣੇ ਕੋਲੋਂ ਆਪਣੇ,
ਕੰਧਾਂ ਵੰਡੇ ਨੇ।
ਸਭ ਨੂੰ ਖਾਂਦੀਆਂ ਕੰਧਾਂ,
ਅੰਬਰੀਂ ਵਧ ਚੱਲੀਆਂ !

ਤ੍ਰਿੱਪ ਤ੍ਰਿੱਪ ਕਰਦਾ ਬੰਧ,
ਕਿਵੇਂ ਕਰ ਟੁੱਟ ਗਿਆ !
ਧਰਤੀ, ਅੰਬਰ ਕੰਬੇ,
ਲਾਵਾ ਫੁੱਟ ਪਿਆ।
ਕਿੱਥੇ ਹੈ ਇਨਸਾਨ,
ਜਿਸ ਅੱਗਾਂ ਠੱਲ੍ਹੀਆਂ ?

ਕਿੱਥੇ ਬੁੱਲ੍ਹਾ, ਵਾਰਸ—
ਵੇਦ ਪੁਰਾਣ ਕਿੱਥੇ ?
ਕਿੱਥੇ ਧੁਰ ਕੀ ਬਾਣੀ,
ਗੁਰ-ਵਖਿਆਨ ਕਿੱਥੇ ?
ਖੇਤੀ ਲੋਕਾਂ ਸੋਤੀ—
ਵਾੜਾਂ ਚਰ ਚੱਲੀਆਂ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

# ਨਰਸਿੰਘ

## (ਪ੍ਰਬੰਧਕੀ ਕਾਵਿ)

ਕੈਸੀ ਚੜ੍ਹਤ ਚੜ੍ਹੀ ਫੌਜਾਂ ਦੀ
ਆਪਣਾ ਖ਼ੂਨ ਹੈਰਾਨ।
ਕਾਇਆ ਕਲਪਤ ਲਹੂ, ਪਾਣੀ ਵਿਚ—
ਢੱਠ ਪਿਆ ਅਸਮਾਨ।

ਇੰਜ ਨਹੀਂ ਸੀ ਚੜ੍ਹਿਆ ਚੀਨ,
ਨਾ ਹੀ ਚੜ੍ਹਿਆ ਪਾਕਿਸਤਾਨ।
ਫ਼ੌਜਾਂ ਦੀ ਫ਼ੌਜਾਂ ਸੰਗ ਟੱਕਰ,
ਮਚਿਆ ਸੀ ਡਾਢਾ ਘਮਸਾਨ।
ਪ੍ਰਭੂ-ਸੱਤਾ, ਹੱਦਾਂ ਵਿਚ ਟੱਕਰ,
ਲਹੂਓ ਲਹੂ ਦੇਸ਼ਾਂ ਦੀ ਆਨ।
ਕੁੱਲ ਕੁਲੇਵੇਂ ਸ਼ਹਿਰ, ਸ਼ਹਿਰੀਆਂ,
ਦਾ ਵੀ ਹੋਇਆ ਕੁਝ ਨੁਕਸਾਨ।
ਟੋਟੇ ਟੋਟੇ ਪਾਕਿਸਤਾਨ !
ਘਟਿਆ ਕੁਝ ਕੁਝ ਹਿੰਦੋਸਤਾਨ।

ਸੱਤਾ ਸੰਗ ਸੱਤਾ ਟੱਕਰਾਈ,
ਜਿੱਤੇ ਸੈਨਿਕ ਫ਼ੌਜ ਹਰਾਈ।
ਦੇਸ਼ ਕੌਮ ਲਈ ਤਵਾਰੀਖ਼ ਵਿਚ,
ਮਰ ਕੇ ਉਨ੍ਹਾਂ ਸ਼ਹੀਦੀ ਪਾਈ।
ਉਹ ਵੀ ਅੱਗ ਸੱਤਾ ਨੇ ਲਾਈ,
ਇਹ ਵੀ ਅੱਗ ਸੱਤਾ ਨੇ ਲਾਈ !
ਇਸ ਵਾਰੀ ਪਰ ਸ਼ਹਿਰੀ ਆਪਣੇ,
ਆਪਣੀ ਹੀ ਸੈਨਾ ਚੜ੍ਹ ਆਈ।
ਸਾਡੇ ਰੱਖਿਅਕ, ਮੌਤ ਅਸਾਂ ਲਈ—
ਲਹੂਓ ਲਹੂ ਧਰਤੀ ਅਸਮਾਨ।



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

*ਸੈਨਿਕ ਹੁੰਦੇ ਕੀ ਇਨਸਾਨ ?
ਜਾਂ ਮਸ਼ੀਨਾਂ, ਕੱਢਣ ਜਾਨ ?
ਬਟਣ ਦੱਬਿਆਂ ਰੋਬੋਟ ਚੱਲੇ,
ਸੋਚਣ, ਸਮਝਣ ਤੋਂ ਅਨਜਾਣ।
ਆਪਣੇ ਅਤੇ ਪਰਾਏ ਦੀ ਨਾ,
ਭਲੇ ਬੁਰੇ ਵਿਚ ਕੋਈ ਪਹਿਚਾਣ।
ਭਾੜੇ ਦੇ ਇਹ ਕਾਤਲ, ਸੱਤਾ
ਇਨ੍ਹਾਂ ਤੀਰਾਂ ਲਈ ਕਮਾਨ।
ਧੋਤੇ ਜ਼ਿਹਨ ਇਨ੍ਹਾਂ ਦੇ ਕਿਸ ਨੇ ?
ਕਿੰਜ ਉਪਜੇ ਇਹ ਗ਼ੈਰ-ਇਨਸਾਨ ?

ਸੱਤਾ ਜਦ ਜਦ ਪਈ ਕੁਰਾਹੇ,
ਸੁੰਦਰ ਸ਼ਬਦੀਂ ਲਟਕੇ ਫਾਹੇ।
ਕੁਰਸੀ ਧਰਮ ਬਣੀ ਕੁਰਸੀ ਦਾ,
ਹਰ ਜਨ ਸੂਲੀ 'ਤੇ, ਚੌਰਾਹੇ !
ਰਸਤਾ ਦਿਸ਼ਾ ਤੇ ਹੁਕਮ ਹੈ ਕੁਰਸੀ,
ਕੁਰਸੀ ਢਾਵੇ, ਪਾਵੇ ਰਾਹੇ।
ਸੱਚ, ਨਿਆਂ, ਨੈਤਿਕਤਾ ਕੁਰਸੀ,
ਭਾਵੇਂ ਇਹ ਅਨੈਤਿਕ ਚਾਹੇ।
ਰੱਬ, ਕਾਨੂੰਨ, ਧਰਮ, ਸੱਚ ਮੂਹਰੇ,
ਇਹ ਸ਼ਤਰੰਜੀ, ਇਹ ਸ਼ੈਤਾਨ।

ਅੱਜ ਹਾਸ਼ੀਆ ਕਾਲਾ ਹੋਇਆ।
ਇਕ ਇਕ ਅੱਖਰ, ਰੱਤ ਹੀ ਰੋਇਆ !
ਤਵਾਰੀਖ਼ ਦਾ ਕਿਹਾ ਪੜ੍ਹਾ ਹੈ
ਕਾਂਡ ਕਾਂਡ ਵਿਚ ਜ਼ੁਲਮ ਪਰੋਇਆ।
ਇੱਕੋ ਕਾਤਲ, ਰੂਪ ਅਨੇਕਾਂ—
ਫ਼ੌਜਾਂ ਵਿਚ ਵੀ ਇਹੋ ਸਮੋਇਆ।

---

* ਪ੍ਰੈਸ ਦੀ ਗਲਤੀ ਨਾਲ 'ਆਪਣੇ ਖ਼ਿਲਾਫ਼' ਦੇ ਪਹਿਲੇ ਐਡੀਸ਼ਨ ਵਿਚ ਇਹ ਬੰਦ ਛਪਣੋਂ ਰਹਿ ਗਿਆ ਸੀ। 'ਅਕਸ' ਵਿਚ ਇਹ ਕਵਿਤਾ ਇਸ ਬੰਦ ਸਮੇਤ ਪੂਰੀ ਪ੍ਰਕਾਸ਼ਤ ਹੋਈ ਸੀ।



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਜੱਜ, ਵਜ਼ੀਰ, ਪੁਲਸ, ਅਫਸਰ ਇਹ—
ਹਰ ਥਾਂ ਇਸ ਨੇ ਨ੍ਹੇਰਾ ਢੋਇਆ।
ਸਾਡੀਆਂ ਵੋਟਾਂ ਖੱਟਿਆ ਆਪੇ,
ਆਪਣੀ ਮੌਤ ਦਾ ਹਰ ਸਾਮਾਨ।

ਕਿਸ ਨੂੰ ਦੋਸ਼ ਦੇਈਏ ? ਕੀ ਕਰੀਏ ?
ਕਿਸ ਨੂੰ ਛੱਡੀਏ ? ਕਿਸ ਨਾਲ ਲੜੀਏ ?
ਲੋਕ-ਰਾਜ ਦੇ ਅੰਧਕਾਰ ਵਿਚ,
ਹਰ ਮਨ ਸੂਰਜ ਰੌਸ਼ਨ ਕਰੀਏ !
ਬ੍ਰਹਿਮੰਡ ਇਕ, ਮਨੁੱਖਤਾ ਇੱਕੋ,
ਹੱਦਾਂ ਵਿਚ, ਬੇਹੱਦਾਂ ਧਰੀਏ।
ਕੁਝ ਸਹੀਏ, ਕੁਝ ਕਹੀਏ, ਮੰਨੀਏਂ,
ਹੱਕ ਦੇ ਚਿੰਤਨ, ਜੀਈਏ ਮਰੀਏ।
ਜਦ ਜਦ ਸੱਤਾ ਹਲਕ ਖੜੋਵੇ,
ਨਰਸਿੰਘ ਬਣ ਜਾਏ ਹਰ ਇਨਸਾਨ।

## ਆਦਿ-ਸਵਾਲ

ਸੂਰਜ 'ਤੇ ਚੜ੍ਹ ਬੈਠੀ ਆਥਣ,
ਸੋਨੇ ਦਾ ਰੰਗ ਲਾਲ !
ਖੰਡਰ ਖੋਲੇ ਰੱਬ-ਘਰ, ਕੈਸਾ
ਇਹ ਬਾਰੂਦ-ਕੁਚਾਲ !

ਬਾਣੀ ਦੀ ਥਾਂ ਚੀਕ ਚਿਹਾੜਾ,
ਗੋਲੀ ਵਿੱਧਾ ਗ੍ਰੰਥ !
ਗੋਲਾਬਾਰੀ ਕਰੇ ਕੀਰਤਨ,
ਕਿੱਥੇ ਜਨ ਕਾ ਕੰਤ ???
ਮੁਸ਼ਕੀ ਮਿੱਝ, ਫਟੇ ਤਨ, ਅਗਨੀ,
ਹਰ ਥਾਂ ਪਾਏ ਧਮਾਲ !

ਪਿੰਡ, ਨਗਰ ਵਿਚ ਸਹਿਮ ਘਨੇਰਾ,
ਸੜਕਾਂ ਹਨ ਵੀਰਾਨ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਨਾ ਮਰੀਏ, ਨਾ ਜੀਵੀਏ; ਢੋਈ
ਨਾ ਭੋਂ ਨਾ ਅਸਮਾਨ !
ਬੰਦ ਦਰਾਂ ਦੇ ਪਿੱਛੇ ਜਿਊਂਦੀਆਂ
ਲਾਸ਼ਾਂ ਵਰਗਾ ਹਾਲ !

ਆਦਮ-ਖਾਣੀਆਂ ਇੱਲ੍ਹਾਂ, ਗਿੱਧਾਂ
ਮੱਲਿਆ ਹੈ ਅਸਮਾਨ।
ਉੱਪਰੋਂ ਹੇਠਾਂ ਪਰਲੋ ਬਰਸੇ—
ਕਿੱਥੇ ਹੈ ਇਨਸਾਨ ???
ਕਾਲਖ ਹੇਠਾਂ ਦੁਬਕਿਆ ਬੈਠਾ
ਕੇਸਰ ਰੰਗ ਗੁਲਾਲ।

ਮੁੱਕੀ ਜਿੰਦ ਤੇ ਲੋਥ-ਸਿਮਟਿਆ
ਫ਼ਲਸਫ਼ਾ, ਮੱਤ, ਗਿਆਨ !
ਵਾਦਾਂ ਅਤੇ ਵਿਵਾਦਾਂ ਦੀ ਜੰਗ,
ਮੁਕਤ ਹੋਇਆ ਇਨਸਾਨ ;
ਸੱਚ, ਨਿਆਂ ਤੇ ਹੱਕ, ਹਯਾ ਲਈ
ਫਿਰ ਵੀ ਬਣੇ ਸਵਾਲ !

## ਇਕ ਅੱਖ ਹੰਝ ਤੇ ਦੂਜੀ ਮੁਸਕਣ

ਜੁਰਮ ਦੀ ਰੁੱਤੇ ਭੈ ਦਾ ਪਹਿਰਾ,
ਸੱਤਾ ਰਾਜ ਕਰੇ।
ਮਾਣਸ-ਖਾਣੇ ਅਹਿਲਕਾਰ ਸਭ,
ਘਰ ਘਰ ਆਣ ਵੜੇ।

ਇੱਲਾਂ, ਗਿਰਝਾਂ ਬਾਘ ਤੇ ਚੀਤੇ
ਆਦਮ-ਬੋ, ਆਦਮ-ਬੋ ਕਰਦੇ।
ਕਈ ਮਖੌਟੇ, ਰੋਲ ਅਨੇਕਾਂ,
ਵੇਖੋ ਇਹ ਸੱਤਾ ਦੇ ਬਰਦੇ।
ਆਪੇ ਕਰੇ ਕਰਾਵੇ ਹੱਤਿਆ,
ਆਪੂੰ ਰਹਿਮ ਕਰੇ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਟੈਲੀਵੀਯਨ ਅਤੇ ਰੇਡੀਓ,
ਅਖ਼ਬਾਰਾਂ ਵਿਚ ਹੰਝੂ ਕੇਰੇ।
ਅੰਦਰੇ ਅੰਦਰ ਚੋਕਾਂ ਮਾਰੇ,
ਲੂਣ ਛਿੜਕ ਕੇ ਫੱਟ ਉਧੇੜੇ।
ਇਕ ਅੱਖ ਹੰਝ ਤੇ ਦੂਜੀ ਮੁਸਕਣ,
ਅਭਿਨਯ, ਰੂਪ ਧਰੇ।

ਦੋ ਜ਼ਾਤਾਂ ਹਨ, ਧਰਮ ਵੀ ਦੋ ਹੀ,
ਦੋਵੇਂ ਵਾਦ ਵਿਵਾਦ।
'ਕੁਝ-ਨਾ'1 ਇਕ ਤੇ 'ਸਭ-ਕੁਝ'2 ਦੂਜਾ,
ਇਹੋ ਮੁੱਢ ਫ਼ਸਾਦ।
ਸਮਝ ਪਵੇ ; ਨਾ ਦੋਖੀ ਨੂੰ ਮੁੜ,
ਫੁੱਟ ਦੀ ਸੋਚ ਫੁਰੇ।

ਆਤਮ-ਵਿਸ਼ਲੇਸ਼ਣ ਦੀ ਰੁੱਤੇ,
ਆਪੇ ਪਹਿਰਾ ਬਣੀਏਂ।
ਆਪਣੀਆਂ ਵੋਟਾਂ ਨਾਲ ਆਪੇ,
ਦੈਂਤ ਨਾ ਐਸਾ ਜਣੀਏਂ।
ਸੱਪ ਵਾਂਗ, ਜੁ ਆਸਤੀਨ 'ਚੋਂ,
ਬਣ ਕੇ ਜ਼ਹਿਰ ਚੜ੍ਹੇ !

## ਇਤਿਹਾਸ

ਦਿੱਲੀ, ਅੰਮ੍ਰਿਤਸਰ ਦੀਆਂ ਲੋਥਾਂ,
ਸ਼ਹਿਰ, ਨਗਰ, ਪਿੰਡ ਲੱਗੀਆਂ ਅੱਗਾਂ,
ਬਲਦੇ ਬੰਦੇ, ਰੁਲਦੀਆਂ ਹੱਡੀਆਂ,
ਗਲੀ ਗਲੀ ਦੀ ਮੁਰਦੇ ਹਾਣੀ,
ਆਦਮਖੋਰ ਬਣੇ ਹੋਏ ਪ੍ਰਾਣੀ,
ਮੇਰੇ ਅੰਦਰ, ਬਾਹਰ ਘੁੰਮਣ :

---

1. 'Have Nots' (ਕੁਝ-ਨਾ)
2. 'Haves' (ਸਭ-ਕੁਝ)



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਮੁਸ਼ਕੀ ਮਿੱਝ ਤੇ ਖ਼ੂਨ-ਫੁਹਾਰੇ—
ਸਿਵਿਆਂ ਵਾਂਗੂੰ ਮੈਂ ਬਲਦਾ ਹਾਂ !

ਜਦ ਜਦ ਅੰਨ੍ਹਾਂ ਹੋਇਆ ਕਾਨੂੰਨ,
ਚੜ੍ਹਿਆ ਆਦਮ ਨੂੰ ਜਨੂੰਨ—
ਤਦ ਤਦ ਡੁੱਲ੍ਹਿਆ ਮੇਰਾ ਖ਼ੂਨ !

## ਸ਼ਹੀਦੀ ਦੀ ਰੁੱਤੇ

ਸ਼ਹੀਦੀ ਦੀ ਰੁੱਤੇ,
ਲੋਕ ਮੌਤ ਦੀ ਗੱਲ ਨਹੀਂ ਕਰਦੇ !
ਖ਼ੌਫ ਨਹੀਂ ਖਾਂਦੇ।

ਜੋਤ ਨਾਲ ਜੋਤ ਜਲੀ ਜਾਂਦੀ ਹੈ !

ਦੀਪਕ ਟੁੱਟਦੇ ਨੇ,
ਰੌਸ਼ਨੀ ਨਹੀਂ ਥੰਮਦੀ !

ਇਹ ਰੌਸ਼ਨੀ,
ਦਾਵਾਨਲ ਬਣਦੀ ਹੈ
ਤੇ ਹਵਾ,
ਤੂਫ਼ਾਨ ਜਣਦੀ ਹੈ।
ਸ਼ਹੀਦੀ ਦੀ ਰੁੱਤੇ ਹੀ,
ਦਾਵਾਨਲ ਤੇ ਤੇਜ਼ ਹਵਾ ਦੀ,
ਆਪਸ ਵਿਚ ਬਣਦੀ ਹੈ !

ਇਹ, ਉਹ ਰੁੱਤ ਹੈ,
ਜਦੋਂ ਏਸ ਖਿਤਿਜ ਤੋਂ,
ਓਸ ਖਿਤਿਜ ਤਕ—
ਜ਼ਿੰਦਗੀ, ਮੌਤ ਤੋਂ,
ਇਕ ਕਦਮ ਅਗਾਂਹ ਚੱਲਦੀ ਹੈ !
ਸ਼ਹੀਦੀ ਦੀ ਰੁੱਤੇ,
ਲੋਕ ਮੌਤ ਦੀ ਗੱਲ ਨਹੀਂ ਕਰਦੇ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

## ਕੋਰਟ ਮਾਰਸ਼ਲ

ਗੋਲੀ ਅਜੇ ਵੀ ਚੱਲਦੀ ਹੈ,
ਆਵਾਜ਼ ਨਹੀਂ ਸੁਣਦੀ !
ਹੱਤਿਆ ਅਜੇ ਵੀ ਹੁੰਦੀ ਹੈ,
ਲਾਸ਼ ਨਹੀਂ ਦਿਸਦੀ !
ਨਿਕਰਮੀਂ ਚੁੱਪ ਦੇ ਅਪਰਾਧ ਵਿਚ—

ਅੰਦਰ ਹੀ ਅੰਦਰ, ਲੋਕੀਂ
ਮਰੇ ਨੂੰ ਮਾਰੀ ਜਾ ਰਹੇ ਹਨ।

ਖ਼ੁਦ ਦਾ ਕੋਰਟ ਮਾਰਸ਼ਲ ਕਰ ਕੇ—
ਇਕੋ ਜਨਮ ਵਿਚ, ਕਿੰਨੀਆਂ
ਮੌਤਾਂ ਦਾ ਗ਼ਜ਼ਬ ਢਾ ਰਹੇ ਹਨ !!!

ਕਿਸ ਨੂੰ ਆਜ਼ਮਾ ਰਹੇ ਹਨ ???

## ਵਾਹਣ

'ਕ੍ਰਿਪਾਲ-ਵਾਸੀ ਹੁਣੇ ਹੁਣੇ,
ਕੈਮੀਕਲ ਯੁੱਧ ਦਾ ਟਰੇਲਰ ਵੇਖ ਕੇ ਹਟੇ ਹਨ।
ਉਹ ਸਭ ਇਕ ਅਵੇਖੇ ਦੁਸ਼ਮਣ ਨਾਲ ਲੜ ਰਹੇ ਸਨ,
ਜੀਵਨ ਤੇ ਮੌਤ ਵਿਚਕਾਰ—
ਭੂਤ, ਬਲਾ, ਵਬਾ, ਸ਼ੈਤਾਨ—ਕੀ ਨਾਮ ਦੇਵਣ ਏਸ ਨੂੰ ???'

—ਇਕ ਟਿਪਣੀ—

ਮਰਨ ਵਾਲੇ ਮਰ ਗਏ।
ਜੋ ਬਚੇ,
ਅਧਰੰਗੇ ਗਏ—
ਅੰਨ੍ਹੇ, ਗੁੰਗੇ ਤੇ ਬੋਲੇ ਹੋ ਗਏ !
ਬਿਨ ਐਲਾਨੀ ਜੰਗ ਜਿਹਾ ਹਾਦਸਾ,
ਕੀ ਦਾ ਕੀ ਕੁਝ ਕਰ ਗਿਆ ???



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਕੁਦਰਤ 'ਤੇ ਫਤਹਿ ਪਾਉਣ ਲਈ
ਯਤਨ ਕਰਦਾ ਆਦਮੀ,
ਆਪਣੀ ਰਚਨਾ ਦੇ ਹੱਥੋਂ, ਹਰ ਗਿਆ !
ਨਿਯੰਤਰਨ ਤੋਂ, ਬਾਹਰ ਵਸ ਤੋਂ,
ਹੋ ਜਾਏ ਸਾਇੰਸ ਤੇ ਚਾਹੇ ਹੋਰ ਕੁਝ,
ਮੌਤ ਦੀ ਰੁੱਤ ਝਪਟਦੀ ਜੀਵਨ 'ਤੇ ਆ।
ਧਰਮ 'ਤੇ ਸੱਤਾ ਦਾ ਐਸਾ ਹਾਦਸਾ,
ਦਿੱਲੀ ਤੇ ਪੰਜਾਬ 'ਤੇ ਵੀ ਵਰਤਿਆ।
ਇਤਿਹਾਸ ਨੇ ਇਨਸਾਨ ਤੱਕਿਆ ਹਲਕਿਆ।

ਜ਼ਹਿਰ ਹੈ ਜੋ ਵਾਦ, ਵਿਸ਼ ਵਿਵਾਦ ਵੀ।
ਇਨਸਾਨੀਅਤ ਦੀ ਬਿਹਤਰੀ ਲਈ ਵਾਹਣ ਜੋ
ਵਸੀਕਰਨ ਕਰ ਲੈਣ ਇਨਸਾਨ 'ਤੇ—
ਵਾਹਣ ਹੀ ਵਾਹਣ ਦਾ ਮੰਤਵ ਬਣ ਜਾਏ,
ਅੰਧ-ਵਿਸ਼ਵਾਸੀ, ਤਰਕ ਵਿਚ ਠਣ ਜਾਏ।
ਤਾਂ ਇੰਜ ਹੀ ਹੁੰਦਾ ਸਦਾ :
ਵਕਤ ਦਾ ਪਹੀਆ ਥਰੋਂ ਹੀ ਘੁੰਮਦਾ,
ਕੋਈ ਕਿਧਰੇ ਜਾਂਵਦਾ, ਨਾ ਪਹੁੰਚਦਾ !

ਧਰਤ ਲੱਥ ਪੱਥ ਰੱਤ ਨਾਲ,
ਸੇਕ ਅੰਬਰੀਂ ਪਹੁੰਚਦਾ !
ਵਾਹਣ ਤਾਂ ਵਾਹਣ ਹੈ ਆਖ਼ਿਰ,
ਏਸ ਹੇਠਾਂ ਦੱਬ ਗਈ ਕਿਉਂ ਲੋਕਤਾ ???

## ਦੇਸ਼-ਫੇਰੀ ਤੋਂ ਬਾਅਦ

ਟੈਲੀਵੀਯਨ ਦੇ ਅੱਖਾਂ ਤੇ ਕੰਨ ਲਾ ਕੇ,
ਅਖ਼ਬਾਰਾਂ, ਸਮਾਚਾਰਾਂ ਵਿਚ ਵਿਚਰਦਾ,
ਹੁਣੇ, ਹੁਣੇ ਮੈਂ ਆਪਣੇ ਦੇਸ਼ੋਂ ਪਰਤਿਆ ਹਾਂ।

ਰਕਤ-ਬੀਜ ਨੂੰ ਜਿੱਤਣ ਵਾਲੀ ਕਾਲੀ,
ਸੰਗਲਾਂ ਵਿਚ ਨੂੜੀ ਪਈ ਹੈ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਮੰਦਰਾਂ ਦੇ ਪੁਜਾਰੀ ਆਦਮ-ਬੋ, ਆਦਮ-ਬੋ ਕਰਦੇ,
ਸਿਰ 'ਤੇ ਸਿੰਗ ਉਗਾਈ ਬੈਠੇ ਹਨ।
ਜਿਨ੍ਹਾਂ ਦਾ ਧਰਮ ਹੀ ਰੱਖਿਆ ਕਰਨਾ ਸੀ,
ਬਲੀਦਾਨ ਦੇਣਾ ਸੀ—
ਗੁਰੂ ਤੇਗ ਬਹਾਦਰ ਦੇ ਉਹ ਵਾਰਸ,
ਕਿਧਰੇ ਤਲਵਾਰ ਬਣੇ ਪਏ ਸਨ, ਕਿਤੇ ਮਸ਼ੀਨ ਗੰਨ।
ਗੁਰੂ ਗੋਬਿੰਦ ਨੇ ਤਾਂ
ਬੁਰਾਈ ਵਿਰੁੱਧ ਐਲਾਨੇ-ਜੰਗ ਕੀਤਾ ਸੀ—
ਸਾਡੇ ਦੇਸ਼ ਵਾਸੀਆਂ ਨੇ ਤਾਂ
ਆਪਣੇ ਖ਼ਿਲਾਫ਼ ਬਿਗਲ ਵਜਾ ਦਿੱਤਾ ਹੈ।

ਆਪਣੇ ਹੀ ਖਿਲਾਫ਼ ਹੁੰਦਾ ਹੈ—
ਬਿਨਾਂ ਸੋਚੇ ਸਮਝੇ ਆਪਣੇ ਜਿਹੇ
ਇਨਸਾਨਾਂ ਦਾ ਜ਼ਿੰਦਾ ਸਿਵਾ ਬਾਲਣਾ।
ਹਲਕ ਜਾਣਾ ਕ੍ਰੋਧ ਵਿਚ
ਤੇ ਸਭ ਘਰ ਘਾਟ ਤਹਿਸ ਨਹਿਸ ਕਰ ਦੇਣਾ
ਤੇ ਭੁੱਲ ਜਾਣਾ
ਕਿ ਅਸਲ ਸ਼ੱਤਰੂ ਕੌਣ ਹੈ ?

ਲੜਾਈ ਕਦੇ ਵੀ ਧਰਮ ਤੇ ਧਰਮ ਦੀ ਨਹੀਂ ਹੁੰਦੀ—
ਧਰਮ ਤੇ ਕੁਕਰਮ ਦੀ ਹੁੰਦੀ ਹੈ।
ਸ਼ਾਤਰ ਨੀਤੀ ਲੋਕਾਂ ਨੂੰ ਮੁਹਰਿਆਂ ਵਾਂਗ ਵਰਤਦੀ,
ਐਸਾ ਰੰਗ ਦੇ ਦਿੰਦੀ ਹੈ—
ਤੇ ਫਿਰ ਮਚਦਾ ਹੈ ਘਮਸਾਨ,
ਇਨਸਾਨ ਤੇ ਇਨਸਾਨ ਦਾ !

ਤਾਜ ਤਖ਼ਤ ਉਂਜ ਹੀ ਸਲਾਮਤ ਰਹਿੰਦੇ ਹਨ,
ਤੇ ਲਹੂ ਡੁੱਲ੍ਹਦਾ ਹੈ ਜਨਤਾ ਦਾ।
ਡੁੱਲ੍ਹੇ ਲਹੂ, ਮਰੇ ਇਨਸਾਨ ਦਾ,
ਕੋਈ ਧਰਮ ਨਹੀਂ ਹੁੰਦਾ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਅੱਜ ਫੇਰ ਲਹੂ ਡੁੱਲ੍ਹਿਆ ਹੈ !
ਅੱਜ ਫੇਰ ਅਨੇਕਾਂ ਘਰ,
ਉਜਾੜ, ਸ਼ਮਸ਼ਾਨ ਬਣ ਗਏ ਹਨ।
ਅੱਜ ਫੇਰ ਰੱਬ ਦੇ ਆਦਮੀ,
ਸ਼ੈਤਾਨ ਬਣ ਗਏ ਹਨ।

ਅਖ਼ਬਾਰਾਂ ਦੀਆਂ ਖ਼ਬਰਾਂ,
ਰੇਡੀਓ ਦੇ ਤਬਸਰੇ
ਤੇ ਟੈਲੀਵੀਯਨ ਦੇ ਦ੍ਰਿਸ਼—
ਕਾਢਿਆਂ ਵਾਂਗ,
ਮੇਰੇ ਜ਼ਖ਼ਮੀਂ ਦਿਲ ਦਿਮਾਗ਼ ਨੂੰ
ਨੋਚ ਰਹੇ ਹਨ।

ਮੇਰਾ ਸਗਲਾ ਵਜੂਦ,
ਕੌਣ ਵਿਚ ਨਿੱਘਰਦਾ ਜਾ ਰਿਹਾ ਹੈ !

ਮੇਰੀ ਆਵਾਜ਼,
ਮੈਥੋਂ, ਬਾਹਰ ਨਹੀਂ ਜਾਂਦੀ।
ਮੇਰੀ ਨਜ਼ਰ,
ਕੱਟੀ, ਵੱਢੀ, ਸੁੱਜੀ ਪਈ ਹੈ।

ਇਕ ਵਾਰ ਸੰਤਾਲੀ ਵਿਚ,
ਇਕ ਵਾਰ ਹੁਣ,
ਤੇ ਕਈ ਵਾਰ ਆਇਰਲੈਂਡ, ਵੀਅਤਨਾਮ
ਤੇ ਹੋਰ ਦੇਸ਼ਾਂ ਵਿਚ ਮੇਰੀ ਹੱਤਿਆ ਹੋ ਚੁੱਕੀ ਹੈ।

ਇਹ ਕਿਹੀ ਅਪਰਿਕਾਸ਼ਤ ਮੌਤ ਹੈ,
ਜੁ ਮੈਨੂੰ, ਮਰੇ ਹੋਏ ਨੂੰ,
ਬਾਰ ਬਾਰ ਮਾਰਦੀ ਹੈ।
ਕੁਝ ਲਿਖਣ, ਕੁਝ ਬੋਲਣ,
ਕੁਝ ਕਰਨ ਲਈ ਪੁਕਾਰਦੀ ਹੈ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਆਪਣੇ ਅੰਦਰ ਕੈਦ, ਮੈਂ
ਛਿਣ, ਛਿਣ,
ਪਲ, ਪਲ,
ਭੌਣ ਵਿਚ ਨਿੱਘਰਦਾ ਜਾ ਰਿਹਾ ਹਾਂ।
ਮੇਰੇ ਰੋਮ ਰੋਮ 'ਚੋਂ,
ਕੀੜੇ, ਕਾਢੇ,
'ਸੁਰ-ਸੁਰ' ਸੁਰਕਦੇ ਹਨ।

ਮੇਰੇ ਸ਼ਬਦ, ਮੇਰੇ ਅਰਥਾਂ ਵਿਚ,
ਅੰਦਰ ਹੀ ਅੰਦਰ,
ਖਿੱਲਾਂ ਵਾਂਗ ਭੁੱਜਦੇ ਹਨ !
ਗਰਕਦੇ ਹਨ !

ਹੁਣੇ ਹੁਣੇ ਮੈਂ ਆਪਣੇ ਦੇਸ਼ੋਂ ਪਰਤਿਆ ਹਾਂ।

## ਅੰਬ ਦਾ ਰੁੱਖ

ਅੰਬ ਦਾ ਇਹ ਰੁੱਖ ਅਸੀਂ ਕੱਲ੍ਹ ਲਈ ਲਾਇਆ ਹੈ !

ਮਿੱਟੀ ਨੂੰ ਬਨਾਉਣ—

ਭੁੱਖ ਨੂੰ, ਗਰੀਬੀ ਨੂੰ,
ਬੇਕਾਰੀ, ਤੇ ਲਾਚਾਰੀ ਨੂੰ,
ਅੜਾਂ, ਥੁੜਾਂ,
ਸਭ ਨੂੰ ਬੁਲਾਇਆ ਹੈ !

ਅੰਬ ਦਾ ਇਹ ਰੁੱਖ ਅਸੀਂ ਕੱਲ੍ਹ ਲਈ ਲਾਇਆ ਹੈ !

ਨਫ਼ਰਤਾਂ ਹੀ ਨਫ਼ਰਤਾਂ,
ਸੈਲਾਬ ਚੜ੍ਹ ਆਇਆ ਹੈ।
ਧਰਮ, ਜ਼ਾਤ, ਰੰਗ, ਪਦ,
ਸੱਤਾ ਤੇ ਅਸੱਤਾ ਵਿਚ—


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਠਣੀ ਐਸੀ, ਵਣ ਤਿਣ,
ਡਿੱਗੇ ਸੀ ਫਲੂਹੇ ਐਸੇ ;
ਸ਼ਹਿਰ, ਪਿੰਡ ਦਾਵਾਨਲ—
ਅੱਗ ਦਾ ਤੂਫ਼ਾਨ ਚੱਲ ਆਇਆ ਹੈ !

ਅੰਬ ਦਾ ਇਹ ਰੁੱਖ ਅਸੀਂ ਕੱਲ੍ਹ ਲਈ ਲਾਇਆ ਹੈ !

ਸੁਸੱਤਿਆਂ, ਨਿਹੱਥਿਆਂ ਨੂੰ,
ਰੱਬ ਨੂੰ ਹਿਲਾਇਆ ਹੈ।
ਅਕਾਲ ਤਖ਼ਤ ਡੇਗਿਆ,
ਗ੍ਰੰਥ ਵਿੱਚੋਂ ਲੰਘੀ ਗੋਲੀ।
ਰਫ਼ਲਾਂ ਦੀ ਧੁਨ 'ਤੇ,
ਬਾਰੂਦ ਦਾ ਇਹ ਨਾਚ ਨੰਗਾ—
ਨਿਹੱਥਿਆਂ, ਨਿਹੱਕਿਆਂ ਤੇ ਬੱਚਿਆਂ ਦਾ,
ਖ਼ੂਨ ਇਹਨੂੰ ਪਾਇਆ ਹੈ !

ਅੰਬ ਦਾ ਇਹ ਰੁੱਖ ਅਸੀਂ ਕੱਲ੍ਹ ਲਈ ਲਾਇਆ ਹੈ !

ਭੁੱਜਦੇ ਪਏ ਮਗ਼ਜ਼ ਧੁੱਪੇ,
ਮੁਸ਼ਕੇ ਪਏ ਤਨ ਮੋਏ।
ਚਿਤਰਕਾਰੀ ਮਿੱਝ ਦੀ,
ਲੋਥਾਂ ਉੱਤੇ ਲੋਥਾਂ ਦੀਆਂ ਮੰਜ਼ਲਾਂ ਦਾ,
ਹੋਇਆ ਸਸਕਾਰ ਕੈਸਾ !!!

ਕੱਟੇ ਵੱਢੇ ਅੰਗ ਸੱਕੇ,
ਅੰਦਰ ਤੇ ਬਾਹਰ ਮੇਰੇ—
ਘੁੰਮਦੇ ਨਜ਼ਾਰੇ ਐਸੇ ;
ਹੱਥਾਂ ਦੇ ਸਪਰਸ਼ ਕੋਲੋਂ—
ਬੀਜ ਨੇ ਵੀ,
ਇਹੋ ਕੁਝ ਪਾਇਆ ਹੈ !

ਅੰਬ ਦਾ ਇਹ ਰੁੱਖ ਅਸੀਂ ਕੱਲ੍ਹ ਲਈ ਲਾਇਆ ਹੈ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਅੱਜ : ਸੱਚ—
ਬੀਜ ਦਾ—
ਏਸ ਵਿਚ,
ਬੀਤ ਚੁੱਕਾ,
ਕੱਲ੍ਹ ਵੀ ਸਮਾਇਆ ਹੈ।
ਰਹਿਣਾ ਨਹੀਂ ਅਸੀਂ ਸਦਾ,
ਏਸੇ ਲਈ ਮਾਲੀ,
ਤਵਾਰੀਖ਼ ਨੂੰ ਬਣਾਇਆ ਹੈ !

ਅੰਬ ਦਾ ਇਹ ਰੁੱਖ ਅਸੀਂ ਕੱਲ੍ਹ ਲਈ ਲਾਇਆ ਹੈ !!!

## ਬੋਲੇਗਾ ਸੱਚ ਕਿਹੜਾ ?

ਕੋਠੇ ਤਾਂ ਬੁਝ ਚੁੱਕੇ ਨੇ
ਕੋਲੇ ਤੇ ਕੁਝ ਸੁਆਹ !
ਕੁਝ ਹੱਡੀਆਂ ਤੇ ਪਿੰਜਰ,
ਬੁਝ ਬੁਝ ਕੋਈ ਧੁਖ ਰਿਹਾ।
ਜ਼ਮੀਂ ਹੈ ਨਜ਼ਰ ਅੱਖੀਂ,
ਘਿੱਗੀ ਹੈ ਦਿਲ ਦੀ ਆਹ !

ਅਗਨੀ ਦੀ ਰੁੱਤ ਅੰਦਰ,
ਫੁੱਲਾਂ ਦਾ ਨਹੀਂ ਬਸੇਰਾ।
ਹਰ ਸ਼ਾਮ ਝੂਰਦੀ ਹੈ,
ਹੈ ਤੜਪਦਾ ਸਵੇਰਾ !
ਪਾਣੀ 'ਚੋਂ ਹੜ੍ਹ ਜਨਮੇਂ,
ਪੌਣੀਂ ਤੂਫ਼ਾਨ-ਡੇਰੇ।
ਕੁਝ ਵੀ ਨਹੀਂ ਸੁਖਾਵਕ,
ਛੋਟਾ ਤੇ ਕੀ ਵਡੇਰਾ !

ਹਰ ਤਰਫ਼ ਮੌਤ ਵੱਸੇ,
ਹਰ ਤਰਫ਼ ਜ਼ੁਲਮ-ਘੇਰਾ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਮੁਨਸਫ਼ ਨੇ ਤੀਰ, 'ਤਰਕਸ਼,
ਹਾਕਮ ਜਬਰ ਘਨੇਰਾ !
ਬੋਲੇਗਾ ਸੱਚ ਕਿਹੜਾ ?
ਕਿਸਦਾ ਹੈ ਏਨਾ ਜੇਰਾ ??

ਸੱਤਾ ਦਾ ਨਾਚ ਨੰਗਾ,
ਕੁਰਸੀ ਦੁਆਲੇ ਘੇਰਾ !
ਜਨਤਾ ਨੇ ਜੰਮੇਂ ਹਾਕਮ,
ਹਰ ਜਨ 'ਤੇ ਕਹਿਰ-ਡੇਰਾ !

ਬੋਲੇਗਾ ਸੱਚ ਕਿਹੜਾ ?
ਬੋਲੇਗਾ ਸੱਚ ਕਿਹੜਾ ??

## ਕਿਹੜਾ ਸਿਰ ?

ਅੱਜ ਦੇਸ਼ ਨੂੰ
ਕਿਹੜਾ ਸਿਰ ਲਾ ਕੇ ਜਾਵਾਂ ?
ਕੋਈ ਵੀ ਸਿਰ,
ਰੱਖਿਆ ਦੀ ਹਾਮੀਂ ਨਹੀਂ ਭਰਦਾ !

ਮੰਦਰ ਮੌਨ ਨਹੀਂ ਹੈ
ਨਾ ਹੀ ਗੁਰੂਦੁਆਰਾ ਖ਼ਾਮੋਸ਼—

ਚੁਫੇਰ ਹਾਹਾਕਾਰ ਹੈ,
ਅੰਨ੍ਹਿਆਂ ਦੀ ਨਗਰੀ ਵਿਚ,
ਦਿਨੇ ਅੰਧਕਾਰ ਹੈ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

## *ਕਿੱਥੇ ਗਏ ਉਹ ਸੁਰਖ ਸਿਪਾਹੀ ???

**ਪੰਜਾਬ ਦੀ ਸਮੱਸਿਆ ਦੌਰਾਨ ਅਗਾਂਹ ਵਧੂ ਪਾਰਟੀਆਂ ਦੇ ਨਾਂਹ-ਮੁਖੀ ਰੋਲ ਦੇ ਨਾਂ—**

ਕਿੱਥੇ ਗਏ ਉਹ ਸੁਰਖ ਸਿਪਾਹੀ,
ਕੱਛੀਆਂ ਤੀਕੂੰ ਸਨ ਜੁ ਲਾਲ ?
ਸਮਝ, ਭਾਵਨਾ : ਦਾਤੀ, ਥੌੜਾ—
ਹਰ ਥਾਂ ਖੁਣਿਆਂ ਰੱਤ ਦੇ ਨਾਲ !

ਲੈਲਾ ਦੇ ਕਿੱਸੇ ਜਿਨ੍ਹਾਂ ਗਾਏ,
ਲੁਮੰਬੇ ਦਾ ਪਰਚਮ ਫੜ ਕੇ,
ਐਨਕਰੂਮਾਂ ਦੇ ਬਣੇ ਭਿਆਲ।

ਨਹਿਰ ਸਵੇਜ਼ ਤੇ ਵੀਅਤਨਾਮ ਵਿਚ,
ਕਲਮੀਂ ਯੁੱਧ ਜਿਨ੍ਹਾਂ ਨੇ ਲੜਿਆ—
ਹਰ ਹੰਝੂ ਰੱਤ-ਰੱਤਿਆ ਲਾਲ !

ਫਲਸਤੀਨ ਤੇ ਆਇਰਲੈਂਡ ਲਈ,
ਕਲਮ ਉਠਾ ਨਿਧੱਕ ਲੜੇ ਜੁ—
ਤਾਲੋਂ ਕਿੰਜ ਹੋਏ ਬੇਤਾਲ।

ਫ਼ੈਸ਼ਨ ਵਾਂਗੂੰ ਆਵੇ, ਤੁਰ ਜਾਏ,
ਇਨਕਲਾਬ ਨਾ ਐਸਾ ਸੁਫ਼ਨਾ—
ਲੜੇ ਇਹ ਅੰਤਮ ਸਾਹ ਦੇ ਨਾਲ !

ਜ਼ੁਲਮ, ਜਬਰ, ਅਨਿਆਂ ਨੇ ਦਰੜੀ,
ਧਰਤੀ ਮਾਂ ਪੰਜਾਬ ਪੁਕਾਰੇ :
'ਕਿਥੇ ਨੇ ਮੇਰੇ ਸੂਹੇ ਲਾਲ ?'

ਦੂਜੇ ਦੀ ਮਾਂ, ਮਾਂ ਬਣਾਈ,
ਜਰ ਗਏ ਆਪਣੀ ਦੀ ਰੁਸਵਾਈ—
ਕਿੱਥੇ ਅਣਖ ਤੇ ਰੋਹ ਉਬਾਲ ?

---

* ਪਰੂਫ ਰੀਡਰ ਦੀ ਗਲਤੀ ਨਾਲ 'ਆਪਣੇ ਖ਼ਿਲਾਫ਼' ਦੇ ਪਹਿਲੇ ਐਡੀਸ਼ਨ ਵਿਚ ਇਹ ਕਵਿਤਾ ਛਪਣੋਂ ਰਹਿ ਗਈ ਸੀ।



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

## ਅੰਤਿਕਾ-ਇਕ

# ਆਪਣੇ ਖ਼ਿਲਾਫ਼

'ਆਪਣੇ ਖ਼ਿਲਾਫ਼' ਰਵਿੰਦਰ ਰਵੀ ਦਾ ਇਕ ਤਾਜ਼ਾਤਰੀਨ ਕਾਵਿ-ਸੰਗ੍ਰਹਿ ਹੈ। ਵੈਸੇ ਤਾਂ ਇਸ ਪੁਸਤਕ ਦੇ ਨਾਮ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਇਸ ਸੰਗ੍ਰਹਿ ਦੇ ਮਾਧਿਅਮ ਦੁਆਰਾ ਕਵੀ ਆਪਣੇ ਆਪ ਤੋਂ ਜਾਂ ਆਪਣੀਆਂ ਸੀਮਾਵਾਂ ਤੋਂ ਪਾਰ ਜਾਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਇਸ ਸੰਗ੍ਰਹਿ ਦੀ ਪ੍ਰਥਮ ਨਜ਼ਮ ਵਿਚ ਉਸ ਨੇ ਇਸ ਤੱਥ ਨੂੰ ਸਪਸ਼ਟ ਵੀ ਕਰ ਦਿੱਤਾ ਹੈ :

**ਪੰਛੀ ਦੀ ਉਡਾਣ ਹੀ, ਉਸ ਦੀ ਕੈਦ ਹੈ !!!**
**ਬਾਕੀ ਤਾਂ ਖੁੱਲ੍ਹਾ ਅੰਬਰ ਹੈ, ਤੇ ਧੂੜ ਹੁੰਦੀਆਂ ਹੱਡੀਆਂ !!!** (ਕੈਦ)

ਇਸ ਨਜ਼ਮ ਨਾਲ ਮਿਲਦੀਆਂ-ਜੁਲਦੀਆਂ ਕੁਝ ਹਰ ਨਜ਼ਮਾਂ ਵੀ ਹੈਨ, ਜਿਨ੍ਹਾਂ ਵਿਚ ਕਵੀ ਕਦੇ ਖ਼ਲਾਅ ਨਾਲ ਮੱਥਾ ਲਗਾਉਂਦਾ ਹੈ ਅਤੇ ਕਦੇ ਆਪਣੇ ਖ਼ਿਲਾਫ਼ ਦੌੜ ਲਾ ਰਿਹਾ ਹੈ (ਜਿਵੇਂ 'ਆਪਣੇ ਖ਼ਿਲਾਫ਼' ਕਵਿਤਾਵਾਂ ਦੀ ਲੜੀ)। ਇਨ੍ਹਾਂ ਨਜ਼ਮਾਂ ਦੇ ਪਾਠ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਕਵੀ ਨੇ ਭੌਤਿਕ ਤੌਰ 'ਤੇ ਉਹ ਸਭ ਕੁਝ ਪ੍ਰਾਪਤ ਕਰ ਲਿਆ ਹੈ, ਜਿਨ੍ਹਾਂ ਦੀ ਪ੍ਰਾਪਤੀ ਲਈ ਇਕ ਆਮ ਆਦਮੀ ਸੰਘਰਸ਼ ਕਰਦਾ ਹੈ। ਉਸ ਨੇ ਆਪਣੇ ਅਹਮ ਦੀ ਸਾਰਥਿਕਤਾ ਸਿੱਧ ਕਰਨ ਲਈ ਆਪਣੇ ਆਪ ਉੱਪਰ ਕੁਝ ਸ਼ਰਤਾਂ ਆਇਦ ਕਰ ਰੱਖੀਆਂ ਸਨ। ਇਕ ਆਮ ਆਦਮੀ ਦੇ ਉਮਰ ਭਰ ਦੇ ਸੰਘਰਸ਼ ਨੂੰ ਆਪਣੇ ਸਾਹਮਣੇ ਰੱਖਦਿਆਂ ਇਨ੍ਹਾਂ ਸ਼ਰਤਾਂ ਦਾ ਪੱਧਰ ਬਹੁਤ ਉੱਚਾ ਕਰ ਦਿੱਤਾ ਸੀ। ਉਸ ਨੂੰ ਇਉਂ ਲੱਗਦਾ ਸੀ ਕਿ ਉਹ ਉਮਰ ਭਰ ਸੰਘਰਸ਼ ਕਰਕੇ ਵੀ ਇਨ੍ਹਾਂ ਸ਼ਰਤਾਂ ਨੂੰ ਸ਼ਾਇਦ ਹੀ ਤੋੜ ਸਕੇ ਪਰ ਉਸ ਦੇ ਅਸਤਿਤਵ ਦੀ ਵਿਡੰਬਨਾ ਦੇਖੋ ਕਿ ਉਸ ਨੇ ਕੁਝ ਹੀ ਵਰ੍ਹਿਆਂ ਵਿਚ ਉਹ ਸ਼ਰਤਾਂ ਹਾਸਲ ਕਰ ਲਈਆਂ।ਆਪਣੇ ਅਸਤਿਤਵ ਦੀ ਸਾਰਥਿਕਤਾ ਸਿੱਧ ਕਰਨ ਵਾਲੇ ਸਾਰੇ ਦਾਅਵੇ ਪੂਰੇ ਕਰ ਲਏ। ਇਕ ਪੱਲ ਤਾਂ ਇਹ ਗੱਲ ਉਸ ਵਾਸਤੇ ਬੜੀ ਖ਼ੁਸ਼ੀ ਦੀ ਰਹੀ ਹੋਵੇਗੀ ਪਰ ਇਸ ਮਨੁੱਖੀ ਮਨ ਦਾ ਕੀ ਕੀਤਾ ਜਾਵੇ ਜਿਹੜਾ ਕਦਮ-ਕਦਮ ਉੱਪਰ ਕੁਝ ਜ਼ੰਜੀਰਾਂ ਭਾਲਦਾ ਹੈ,


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਜਿਨ੍ਹਾਂ ਨੂੰ ਤੋੜ ਕੇ ਅਗਲਾ ਆਪਣੇ ਵਜੂਦ ਦੀ ਸਾਰਥਿਕਤਾ ਸਿੱਧ ਕਰ ਸਕੇ। ਕਿਉਂਕਿ ਮਨੁੱਖ ਦੇ ਵਿਆਕਰਣ ਵਿਚ ਕੇਵਲ ਜਿਉਂਦੇ ਰਹਿਣਾ ਹੀ ਕਾਫ਼ੀ ਨਹੀਂ ਹੈ ਬਲਕਿ ਜਿਉਂਦਾ ਦਿਸਣਾ ਵੀ ਚਾਹੀਦਾ ਹੈ। ਦਿਸਣਾ ਕੇਵਲ ਲੋਕਾਂ ਨੂੰ ਨਹੀਂ ਸਗੋਂ ਖ਼ੁਦ ਆਪਣੇ ਆਪ ਨੂੰ ਵੀ : ਅਤੇ ਇਸ ਜੀਉਂਦੇ ਦਿਸਣ ਲਈ ਕੁਝ ਨਾ ਕੁਝ ਸੀਮਾਵਾਂ ਜਾਂ ਰੋਕਾਂ ਜ਼ਰੂਰ ਅਜਿਹੀਆਂ ਚਾਹੀਦੀਆਂ ਹਨ, ਜਿਨ੍ਹਾਂ ਨੂੰ ਵਿਅਕਤੀ ਇਕ ਪ੍ਰਾਜੈਕਟ ਦੇ ਰੂਪ ਵਿਚ ਆਪਣੇ ਆਪ ਲਈ ਵੰਗਾਰ ਮੰਨ ਸਕੇ। ਹੁਣ ਰਵਿੰਦਰ ਰਵੀ ਦੇ ਸੰਬੰਧ ਵਿਚ ਇਹ ਇਕ ਅਜਿਹੀ ਅਜੀਬ ਸਥਿਤੀ ਪੈਦਾ ਹੋ ਚੁੱਕੀ ਹੈ ਕਿ ਉਸ ਪਾਸ ਕੋਈ ਦਿਸਦਾ ਅਣਦਿਸਦਾ ਪ੍ਰਾਜੈਕਟ ਨਹੀਂ ਬਚਿਆ। ਅਜਿਹੀ ਸਥਿਤੀ ਭਾਵੇਂ ਵੇਖਣ ਨੂੰ ਬੜੀ ਖ਼ੁਸ਼ਗਵਾਰ ਪ੍ਰਤੀਤ ਹੁੰਦੀ ਹੋਵੇ ਪਰ ਅਸਲ ਵਿਚ ਇਹ ਸਥਿਤੀ ਜਾਨ-ਲੇਵਾ ਹੁੰਦੀ ਹੈ।

ਰਵਿੰਦਰ ਰਵੀ ਨੂੰ ਆਪਣੇ ਆਲੇ ਦੁਆਲੇ ਦੀ ਅਰਥਹੀਣਤਾ, ਵਿਅਰਥਤਾ ਦਾ ਇਹਸਾਸ ਆਪਣੀ ਉਮਰ ਦੀ ਅੱਧੀ ਸ਼ਤਾਬਦੀ ਮੁਕਾ ਕੇ ਰਤਾ ਵਧੇਰੇ ਹੀ ਸ਼ਿੱਦਤ ਨਾਲ ਹੋਇਆ ਹੈ। ਹੁਣ ਉਹ ਨਵੇਂ ਅਰਥ ਢੂੰਡਣ ਲਈ ਦਰਸ਼ਨ ਵਿਚ ਪਲਾਇਨ ਕਰਦਾ ਪ੍ਰਤੀਤ ਹੁੰਦਾ ਹੈ। ਜੇ ਉਸ ਨੇ ਭੌਤਿਕ ਸਵਾਲ ਹੱਲ ਕਰ ਲਏ ਹਨ ਤਾਂ ਉਹ ਆਦਿਭੌਤਿਕ ਸਵਾਲਾਂ ਦੀ ਦਿਸ਼ਾ ਵੱਲ ਆਪਣਾ ਸਫ਼ਰ ਆਰੰਭ ਕਰ ਸਕਦਾ ਹੈ ਅਤੇ ਇਹ ਸਵਾਲਾਤ ਅਜਿਹੇ ਹਨ ਜਿਹੜੇ ਕਦੇ ਵੀ ਹੱਲ ਨਹੀਂ ਹੋ ਸਕਦੇ। ਸੋ ਹੁਣ ਰਵਿੰਦਰ ਰਵੀ ਨੇ ਆਪਣੇ ਹੀ ਖ਼ਿਲਾਫ਼ ਜੋ ਜੰਗ ਸ਼ੁਰੂ ਕੀਤੀ ਹੈ, ਉਹ ਉਸ ਦੇ ਅਸਤਿਤਵ ਦੀ ਸਲਾਮਤੀ ਲਈ ਲਾਜ਼ਮੀ ਸੀ।

ਰਵਿੰਦਰ ਰਵੀ ਦੇ ਕਵੀਤਵ ਸੰਬੰਧੀ ਚਰਚਾ ਕਰਨ ਸਮੇਂ ਜਿਹੜਾ ਤੱਥ ਸਭ ਤੋਂ ਉਜਾਗਰ ਰੂਪ ਵਿਚ ਸਾਡਾ ਧਿਆਨ ਖਿੱਚਦਾ ਹੈ, ਉਹ ਹੈ ਉਸ ਦਾ ਕੈਨੇਡਾ ਦੀ ਐਫਲਿਉ-ਐਂਟ ਸੁਸਾਇਟੀ ਨਾਲ ਜੁੜੇ ਹੋਣਾ। ਰਵਿੰਦਰ ਰਵੀ 1967 ਵਿਚ ਪੰਜਾਬ ਛੱਡ ਕੇ ਕੀਨੀਆ ਵਿਚ ਜਾ ਵੱਸਿਆ। ਉਥੇ ਸੱਤ ਕੁ ਵਰ੍ਹੇ ਉਸ ਨੇ ਸਖ਼ਤ ਮਿਹਨਤ ਕੀਤੀ ਅਤੇ ਫਿਰ 1974 ਵਿਚ ਇਕ ਅਧਿਆਪਕ ਦੀ ਨੌਕਰੀ ਪ੍ਰਾਪਤ ਕਰਕੇ ਕੈਨੇਡਾ ਜਾ ਟਿਕਿਆ। ਇਹੋ ਜਿਹੇ ਦੇਸ਼ ਵਿਚ ਇਕ ਭਾਰਤਵਾਸੀ ਨੂੰ ਮਿਹਨਤ-ਮੁਸ਼ੱਕਤ ਦਾ ਕੰਮ ਬਹੁਤੇਰਾ ਮਿਲ ਜਾਂਦਾ ਹੈ, ਪਰ ਅਧਿਆਪਕ-ਕਾਰਜ ਮਿਲ ਸਕਣਾ ਕਾਫੀ ਮੁਸ਼ਕਿਲ ਹੁੰਦਾ ਹੈ, ਇਥੇ ਪਹੁੰਚ ਕੇ ਉਸ ਨੇ ਆਪਣੇ ਲਈ ਇਕ ਵਿਸ਼ੇਸ਼ ਸਾਹਿਤਕ ਨਾਮ ਵੀ ਪੈਦਾ ਕਰ ਲਿਆ। ਆਮ ਤੌਰ 'ਤੇ ਹੁੰਦਾ ਇੰਜ ਹੈ ਕਿ ਜਿਹੜੇ ਪਰਵਾਸੀ ਲੇਖਕ ਇਧਰ ਪੰਜਾਬ ਵਿਚ ਮਕਬੂਲ ਹੁੰਦੇ ਹਨ, ਉਨ੍ਹਾਂ ਨੂੰ ਵਿਦੇਸ਼ (ਜਿੱਥੇ ਉਹ ਵੱਸ ਰਹੇ ਹੁੰਦੇ ਹਨ) ਵਿਚ ਕੋਈ ਨਹੀਂ ਜਾਣਦਾ ਹੁੰਦਾ ਅਤੇ ਜਿਹੜੇ ਲੇਖਕ ਕੁਝ ਚਤੁਰਾਈਆਂ ਦੁਆਰਾ ਵਿਦੇਸ਼ ਵਿਚ ਮਕਬੂਲ ਹੋ ਜਾਂਦੇ ਹਨ, ਉਨ੍ਹਾਂ ਦਾ ਇਧਰ ਪੰਜਾਬ ਵਿਚ ਕੌਡੀ ਮੁੱਲ ਨਹੀਂ ਹੁੰਦਾ। ਪਰੰਤੂ ਰਵਿੰਦਰ ਰਵੀ ਇਕ ਅਜਿਹਾ ਕਵੀ ਹੈ, ਜੋ ਭਾਰਤ ਅਤੇ ਵਿਦੇਸ਼ਾਂ ਵਿਚ ਇਕੋ ਜਿਹਾ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਮਕਬੂਲ ਹੈ। ਉਸ ਦੀਆਂ ਭੌਤਿਕ ਪ੍ਰਾਪਤੀਆਂ ਵੀ ਕੋਈ ਘੱਟ ਨਹੀਂ। ਹੁਣ ਅਜਿਹਾ 'ਖੁਸ਼ਕਿਸਮਤ' ( ? ) ਵਿਅਕਤੀ, ਜੋ ਹੱਸਾਸ ਵੀ ਹੈ, ਆਪਣੀ ਜ਼ਿੰਦਗੀ ਵਿਚ ਆਦਿ-ਭੌਤਿਕ ਖ਼ਲਾਅ ਮਹਿਸੂਸ ਨਾ ਕਰੇ ਤਾਂ ਕੀ ਕਰੇ ?

ਪਰਵਾਸੀ ਹੋਣ ਕਰਕੇ ਰਵੀ ਪੰਜਾਬ ਦੇ ਮੌਜੂਦਾ ਸੰਕਟ ਨਾਲ ਸੰਤ ਸਿੰਘ ਸੇਖੋਂ, ਡਾ. ਹਰਿਭਜਨ ਸਿੰਘ, ਜਸਵੰਤ ਸਿੰਘ ਕੰਵਲ ਵਾਂਗ ਪ੍ਰਮਾਣੀਕ ਤੌਰ ਤੇ ਨਹੀਂ ਜੁੜ ਸਕਦਾ ਅਤੇ ਦੂਸਰੇ ਉਹ ਧਰਮ ਦੇ ਨਾਮ 'ਤੇ ਸ਼ੁਰੂ ਹੋਈ ਜਥੇਬੰਦਕ ਲੜਾਈ ਵਿਚ ਕਿਸੇ ਪਾਸਿਉਂ ਕੋਈ ਧਿਰ ਵੀ ਨਹੀਂ ਬਣ ਸਕਦਾ। ਉਸ ਦੇ ਰਚਨਾਤਮਕ ਜੀਵਨ ਦਾ ਵਿਕਾਸ ਹੀ ਵੱਖਰੀ ਤਰ੍ਹਾਂ ਹੋਇਆ ਹੈ। ਉਸ ਨੇ ਆਪਣੀਆਂ ਲੜਾਈਆਂ ਆਪਣੇ ਹੀ ਬਲਬੂਤੇ ਨਿਰੋਲ ਇਕੱਲਿਆਂ ਲੜੀਆਂ ਅਤੇ ਨਜਿੱਠੀਆਂ ਹਨ। ਹੁਣ ਜਦੋਂ ਕਿ ਉਸਦੀਆਂ ਵਿਅਕਤੀਗਤ ਲੜਾਈਆਂ ਦਾ ਬਾਹਰਮੁਖੀ ਸਿਲਸਿਲਾ ਮੁੱਕ ਚੁੱਕਾ ਹੈ ਤਾਂ ਹੁਣ ਉਹ ਕੀ ਕਰੇ ? ਜਥੇਬੰਦੀ ਉੱਪਰ ਉਸ ਨੂੰ ਪਹਿਲਾਂ ਵੀ ਕੋਈ ਏਤਬਾਰ/ਇਤਕਾਦ ਨਹੀਂ ਸੀ। ਹੁਣ ਉਹ ਕਿਵੇਂ ਆਪਣੇ ਬਣ ਚੁੱਕੇ ਵਿਅਕਤੀ-ਬਿੰਬ ਨੂੰ ਬਦਲੇ ? 'ਆਪਣੇ ਖ਼ਿਲਾਫ਼' ਦਾ ਰਚਨਾ-ਸੰਸਾਰ ਉਸ ਦੇ ਕੁਝ ਇਸੇ ਪ੍ਰਕਾਰ ਦੇ ਫਿਕਰਾਂ ਉਪਰ ਆਕਾਰਵੰਤ ਹੁੰਦਾ ਹੈ।

ਰਵਿੰਦਰ ਰਵੀ ਇਕ ਸੁਘੜ ਕਵੀ ਹੈ। ਆਜ਼ਾਦ ਨਜ਼ਮ ਦਾ ਤਾਂ ਖ਼ੈਰ ਉਹ ਸ਼ਾਹ-ਸਵਾਰ ਹੈ ਹੀ, ਇਸ ਸੰਗ੍ਰਹਿ ਵਿਚ ਉਸ ਦੀਆਂ ਕੁਝ ਪ੍ਰਗੀਤਕ ਰਚਨਾਵਾਂ ਵੀ ਬੜੇ ਪਰਿਪੱਕ ਅੰਦਾਜ਼ ਵਿਚ ਪੇਸ਼ ਹੁੰਦੀਆਂ ਹਨ। ਉਦਾਹਰਣ ਲਈ :

**ਸ਼ਬਦਾਂ ਵਿਚ ਭਰ ਦਿੱਤੀ ਕਿਸ ਨੇ, ਹੈ ਅਰਥਾਂ ਦੀ ਲੋਅ !**
**ਖ਼ਾਲੀ ਵੰਝਲੀ 'ਚੋਂ ਜਾਗੀ ਹੈ, ਗੀਤਾਂ ਦੀ ਕਨਸੋਅ !**
**ਇਕ ਪਾਸੇ ਦਰਿਆ ਦਾ ਕੰਢਾ, ਵਿਚ ਵਗੇ ਦਰਿਆ।**
**ਇਸ ਕੰਢੇ ਤੋਂ ਉਸ ਕੰਢੇ ਤਕ, ਫੈਲੀ ਨੂਰ-ਸ਼ੁਆ !**
**ਕੰਢਿਆਂ ਵਿੱਚੋਂ ਉਛਲੇ ਜਿਹੜਾ ਸਾਨੂੰ ਉਸਦੀ ਖੋਹ।**

(ਗੀਤਾਂ ਦੀ ਕਨਸੋਅ)

'ਚੌਕ ਨਾਟਕ' ਦੀਆਂ ਕੁਝ ਗੀਤ ਵੰਨਗੀਆਂ-ਜਾਗੋ, ਛੱਲਾ, ਹੀਰ, ਮਾਹੀਆ, ਆਦਿ ਵੀ ਇਸ ਸੰਗ੍ਰਹਿ ਦੀ ਜ਼ੀਨਤ ਬਣੀਆਂ ਹਨ। ਇਨ੍ਹਾਂ ਗੀਤਾਂ ਵਿਚ ਉਸ ਨੇ ਖੜੋਤ ਤੋੜਨ, ਹੱਕ ਪਹਿਚਾਨਣ ਅਤੇ ਚੌਰਾਹੇ ਵਿਚ ਜਾਗੋ ਜਗਾਣ ਦਾ ਜ਼ਿਕਰ ਕੀਤਾ ਹੈ। ਇਸੇ ਪੁਸਤਕ ਦੇ ਅਗਲੇ ਅਨੁਭਾਵ 'ਪੰਜ ਦਰਿਆ ਅਸੀਂ ਪਲਕੀਂ ਪਾਏ' ਵਿਚ ਉਸ ਨੇ ਪੰਜਾਬ ਦੇ ਵਰਤਮਾਨ ਸੰਕਟ ਦਾ ਜ਼ਿਕਰ ਬੜੀ ਸ਼ਿੱਦਤ ਨਾਲ ਕੀਤਾ ਹੈ।

'ਆਪਣੇ ਖ਼ਿਲਾਫ਼' ਦੀਆਂ ਇਨ੍ਹਾਂ ਰਚਨਾਵਾਂ ਵਿਚ ਰਵਿੰਦਰ ਰਵੀ ਦੇ ਰਚਨਾਤਮਕ ਅਨੁਭਵ ਦੇ ਦੋ ਪਹਿਲੂ ਉਜਾਗਰ ਹੁੰਦੇ ਹਨ। ਪਹਿਲਾ ਪਹਿਲੂ ਇਸ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਪੁਸਤਕ ਦੇ ਪ੍ਰਥਮ ਅਨੁਭਾਗ ਵਿਚ ਉਜਾਗਰ ਹੁੰਦਾ ਹੈ, ਜਿੱਥੇ ਕਵੀ ਆਪਣੇ ਹੀ ਵਿਅਕਤਿਤਵ ਦੀਆਂ ਸੀਮਾਵਾਂ ਵਿਰੁੱਧ ਲੜਦਾ, ਸੰਘਰਸ਼ ਕਰਦਾ ਦਿਖਾਈ ਦਿੰਦਾ ਹੈ। 'ਚੌਕ ਨਾਟਕ' ਦੇ ਗੀਤਾਂ ਅਤੇ 'ਪੰਜ ਦਰਿਆ ...' ਦੀਆਂ ਰਚਨਾਵਾਂ ਵਿਚ ਕਵੀ ਆਪਣੀ ਘੁਟਣ ਅਤੇ ਜਕੜਨ ਵਿਰੁੱਧ ਇਕ ਪ੍ਰਤੀਬੱਧਤਾ ਅਖ਼ਤਿਆਰ ਕਰਦਾ ਨਜ਼ਰ ਆਉਂਦਾ ਹੈ। ਜਮੂਦ ਤੋਂ ਗਤੀ ਅਤੇ ਜਕੜਨ ਤੋਂ ਸੁਤੰਤਰਤਾ ਤਕ ਦਾ ਸਫ਼ਰ ਕਰਦਾ ਹੈ, ਰਵਿੰਦਰ ਰਵੀ ਦਾ ਰਚਨਾਤਮਕ ਅਨੁਭਵ। ਪਰ ਉਸ ਦੀ ਗਤੀ ਅਤੇ ਸੁਤੰਤਰਤਾ ਦਾ ਉਲੇਖ-ਯੋਗ ਪਹਿਲੂ ਇਹ ਹੈ ਕਿ ਉਹ ਮਾਨਵਤਾਵਾਦੀ ਪੈਂਤੜੇ ਤੋਂ ਪੰਜਾਬ ਦੇ ਵਰਤਮਾਨ ਸੰਕਟ ਦਾ ਵਿਸ਼ਲੇਸ਼ਣ ਕਰਦਾ ਹੈ। ਉਹ ਜਾਣਦਾ ਹੈ ਕਿ ਇਸ ਸੰਕਟ ਦੇ ਨਿਰਮਾਣ ਵਿਚ ਰਾਜ-ਸੱਤਾ, ਪੰਜਾਬੀ ਭਾਸ਼ਾ ਦੇ ਵਿਰੋਧੀ ਹਿੰਦੂ ਕਰਾ ਅਤੇ ਸਿੱਖ ਫੰਡਾਮੈਂਟਲਿਸਟ ਸਾਰੇ ਇਕੋ ਜਹੇ ਭਾਈਵਾਲ ਹਨ। ਆਪਣੇ ਅਜਿਹੇ ਪੈਂਤੜੇ ਕਾਰਨ ਰਵਿੰਦਰ ਰਵੀ ਆਪਣੇ ਮਾਨਵਤਾਵਾਦ ਦਾ ਬੜਾ ਸਪਸ਼ਟ ਅਤੇ ਸੁਸ਼ਕਤ ਪ੍ਰਮਾਣ ਦਿੰਦਾ ਹੈ। ਉਦਾਹਰਣ ਲਈ ਅਸੀਂ ਉਸ ਦੀ ਇਕ ਨਜ਼ਮ ਵਿਚੋਂ ਕੁਝ ਪੰਕਤੀਆਂ ਉਧਰਿਤ ਕਰਦੇ ਹਾਂ :

**ਲੜਾਈ ਕਦੇ ਵੀ ਧਰਮ ਤੇ ਧਰਮ ਦੀ ਨਹੀਂ ਹੁੰਦੀ**
**ਧਰਮ ਤੇ ਕੁਕਰਮ ਦੀ ਹੁੰਦੀ ਹੈ।**
**ਸ਼ਾਤਰ ਨੀਤੀ ਲੋਕਾਂ ਨੂੰ ਮੁਹਰਿਆਂ ਵਾਂਗ ਵਰਤਦੀ,**
**ਐਸਾ ਰੰਗ ਦੇ ਦਿੰਦੀ ਹੈ—**
**ਤੇ ਫਿਰ ਮਚਦਾ ਹੈ ਘਮਸਾਨ, ਇਨਸਾਨ ਤੇ ਇਨਸਾਨ ਦਾ !**
**ਤਾਜ ਤਖ਼ਤ ਉਂਜ ਹੀ ਸਲਾਮਤ ਰਹਿੰਦੇ ਹਨ,**
**ਤੇ ਲਹੂ ਡੁਲ੍ਹਦਾ ਹੈ ਜਨਤਾ ਦਾ।**
**ਡੁੱਲ੍ਹੇ ਲਹੂ, ਮਰੇ ਇਨਸਾਨ ਦਾ, ਕੋਈ ਧਰਮ ਨਹੀਂ ਹੁੰਦਾ।**

(ਦੇਸ਼-ਫੇਰੀ ਤੋਂ ਬਾਅਦ)

ਰਵੀ ਇਕ ਅਜਿਹਾ ਲੇਖਕ ਹੈ ਜਿਸ ਦੇ ਰਚਨਾਤਮਕ ਅਨੁਭਵ ਦੇ ਬਹੁਤ ਸਾਰੇ ਪਾਸਾਰ ਹਨ। ਇਕ ਕਵੀ ਦੇ ਰੂਪ ਵਿਚ ਹੀ ਉਸ ਦਾ ਅਨੁਭਵ ਕਿਤਨੇ ਸਾਰੇ ਰੂਪਕਾਰਾਂ ਦੇ ਮਾਧਿਅਮ ਦੁਆਰਾ ਅਭਿਵਿਅਕਤ ਹੁੰਦਾ ਹੈ। ਉਸ ਦੇ ਅਭਿਵਿਅੰਜਨ ਦੀ ਤੁਲਨਾ ਪ੍ਰਸਿੱਧ ਅੰਗਰੇਜ਼ੀ ਕਵੀ ਐਲੀਅਟ ਨਾਲ ਵੀ ਕੀਤੀ ਜਾ ਸਕਦੀ ਹੈ, ਜਿਸ ਨੇ ਕਲਾਸੀਕਲ ਕਾਵਿ ਰੂਪਾਂ ਅਤੇ ਛੰਦਾਂ ਤੋਂ ਲੈ ਕੇ ਨਰਸਰੀ ਕਵਿਤਾਵਾਂ ਤੱਕ ਦੇ ਅਨੁਸ਼ਾਸਨ ਨੂੰ ਆਪਣੀਆਂ ਕਵਿਤਾਵਾਂ ਵਿਚ ਵਰਤਿਆ। ਪੰਜਾਬੀ ਕਵਿਤਾ ਵਿਚ ਰਵਿੰਦਰ ਰਵੀ ਦਾ ਜ਼ਿਕਰ ਬੜੀ ਦੇਰ ਤੱਕ ਛਿੜਿਆ ਰਹੇਗਾ !

**–ਪ੍ਰੋ. ਬ੍ਰਹਮਜਗਦੀਸ਼ ਸਿੰਘ**
"ਸਿਰਜਣਾ" (65), ਜਨਵਰੀ-ਮਾਰਚ, 1987



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

**ਅੰਤਿਕਾ-ਦੋ**

# ਆਪਣੇ ਖ਼ਿਲਾਫ਼

ਰਵਿੰਦਰ ਰਵੀ ਦਾ ਨਵਾਂ ਕਾਵਿ-ਸੰਗ੍ਰਹਿ 'ਆਪਣੇ ਖ਼ਿਲਾਫ਼' ਤਕਨਾਲੋਜੀ ਦੇ ਯੁੱਗ ਵਿਚ ਗ਼ਰਕ ਹੁੰਦੀ ਜਾ ਰਹੀ ਇਨਸਾਨੀਅਤ ਦੀ ਤਸਵੀਰ ਪੇਸ਼ ਕਰਦਾ ਹੈ।

ਸ਼ੁਰੂ ਸ਼ੁਰੂ ਦੀਆਂ ਕਵਿਤਾਵਾਂ ਵਿਚ ਉਹ ਆਪਣੀ ਮਾਂ-ਭੂਮੀ ਲਈ ਹੇਰਵਾ ਅਭਿਵਿਅਕਤ ਕਰਦਾ ਹੈ। ਹੇਰਵੇ ਕਾਰਣ ਹੀ ਉਸ ਨੂੰ ਇਸ ਤਰਫ਼ ਅਤੇ ਉਸ ਤਰਫ਼ ਖ਼ਲਾਅ ਹੀ ਨਜ਼ਰ ਆਉਂਦਾ ਹੈ। ਮਾਂ-ਭੂਮੀ ਨੂੰ ਛੱਡ ਕੇ ਉਸ ਨੂੰ ਹਰ ਥਾਂ ਸਿਕਲੀਗਰਾਂ ਦੀ ਬਸਤੀ ਜਾਪਦੀ ਹੈ ਜਿੱਥੇ ਇਨਸਾਨ ਆਪਣੀ ਬਰਬਾਦੀ ਦਾ ਜ਼ਿੰਮੇਵਾਰ ਵੀ ਖ਼ੁਦ ਹੀ ਹੁੰਦਾ ਹੈ :

**ਸਿਕਲੀਗਰਾਂ ਦੀ ਬਸਤੀ ਵਾਂਙੂੰ,**
**ਜਿੱਥੇ ਜਿੱਥੇ ਹੋਏ ਆਬਾਦ—**
**ਉੱਥੇ ਆਪਣੀ ਬਰਬਾਦੀ ਦਾ,**
**ਆਪਣੇ ਹੱਥੀਂ ਲਿਖਿਆ ਬਾਬ।**

(ਆਪਣੇ ਖ਼ਿਲਾਫ਼, ਪੰਨਾ 15)

ਇਸ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਕਵੀ ਨੇ ਵਿਰੋਧ ਦੀ ਜੁਗਤ ਦੀ ਬੜੀ ਸਫਲ ਵਰਤੋਂ ਕੀਤੀ ਹੈ। ਵਿਰੋਧ ਕਾਰਣ ਹੀ ਚੁੱਪ ਬੁੜ-ਬੁੜਾਉਂਦੀ ਹੈ, ਅੱਥਰੂ ਮੁਸਕਰਾਉਂਦੇ ਹਨ, ਰੋਣ-ਹਾਕੀ ਹੂਕ ਗੁਣ-ਗੁਣਾਂਦੀ ਹੈ। ਕਵੀ ਡੁੱਲ੍ਹਦਾ ਡੁੱਲ੍ਹਦਾ ਭਰ ਪੈਂਦਾ ਹੈ, ਡਿੱਗਦੇ ਡਿੱਗਦੇ ਉਠ ਬਹਿੰਦਾ ਹੈ, ਭਰਦੇ ਭਰਦੇ ਫਿਸ ਪੈਂਦਾ ਹੈ, ਖ਼ੁਦ ਨੂੰ ਖੋਹ ਕੇ ਖ਼ੁਦ ਨੂੰ ਪਾ ਲੈਂਦਾ ਹੈ। ਵਿਰੋਧ ਦੀ ਜੁਗਤ ਰਾਹੀਂ ਕਵਿਤਾ ਵਿਚ ਕਈ ਖ਼ਾਮੋਸ਼ੀਆਂ ਸਿਰਜੀਆਂ ਗਈਆਂ ਹਨ ਜੋ ਕਵਿਤਾ ਵਿਚਲੇ ਅਰਥਾਂ ਦੀਆਂ ਤੈਹਾਂ ਬਣਾਉਂਦੀਆਂ ਚਲੀਆਂ ਜਾਂਦੀਆਂ ਹਨ। ਇਸ ਪੁਸਤਕ ਦੀਆਂ ਕੁਝ ਕਵਿਤਾਵਾਂ ਵਿਗਿਆਨਕ ਯੁੱਗ ਵਿਚ ਮਨੁੱਖ ਦੇ ਮਸ਼ੀਨੀਕਰਣ ਵਿਚ ਢਲਣ ਦੀ ਪ੍ਰਵਿਰਤੀ ਵੀ ਉਜਾਗਰ ਕਰਦੀਆਂ ਹਨ। ਕਵੀ ਨੂੰ ਜਾਪਦਾ ਹੈ ਕਿ ਮਸ਼ੀਨੀ ਯੁੱਗ ਵਿਚ ਮਨੁੱਖ ਦੀ ਬੁੱਧੀ ਵੀ ਕਲ-ਪੁਰਜ਼ੇ ਵਾਂਗ ਕਾਰਜ ਕਰਦੀ ਹੈ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਮਨੁੱਖ ਦੀ ਥਾਂ ਉਸ ਦੇ ਆਦਿ ਰੂਪ ਮਾਦਾ ਨੇ ਲੈ ਲਈ ਹੈ। ਜਾਪਦਾ ਇਉਂ ਹੈ ਕਿ ਸਾਇੰਸ ਦੀ ਤਰੱਕੀ ਨਵੇਂ ਭਵਿੱਖ ਦੀ ਉਸਾਰੀ ਵਲ ਵੱਧ ਰਹੀ ਹੈ ਪਰ ਅਸਲ ਵਿਚ ਇਸ ਵਿਗਿਆਨਕ ਜੁੱਗ ਵਿਚ ਇਨਸਾਨ ਦੀ ਇਨਸਾਨੀਅਤ ਗਰਕਦੀ ਜਾ ਰਹੀ ਹੈ :

**ਬਾਰੂਦਾਂ ਦੀ ਭੱਠ 'ਤੇ,**
**ਭਵਿੱਖ ਉਸਾਰ ਰਿਹਾ।**
**ਕੈਸਾ ਇਹ ਵਿਗਿਆਨਕ,**
**ਸਭ ਨੂੰ ਮਾਰ ਰਿਹਾ।**

(ਉਹੀ, ਪੰਨਾ 19)

ਮਨੁੱਖ ਦੇ ਮਸ਼ੀਨੀਕਰਣ ਨੇ ਹੀ ਮਨੁੱਖ ਨੂੰ ਖ਼ਲਾਅ ਵਿਚ ਸੁੱਟਿਆ ਹੈ। ਬਾਹਰਮੁਖੀ ਦਿਸ਼ਾ ਵਾਲੀ ਕਵਿਤਾ ਮਨੁੱਖ ਅਤੇ ਸਮਾਜ ਵਿਚ ਟਕਰਾਓ ਸਿਰਜਦੀ ਹੈ, ਅੰਤਰਮੁਖੀ ਦਿਸ਼ਾ ਵਾਲੀ ਕਵਿਤਾ ਵਿਚ ਵਿਅਕਤੀ ਅਤੇ ਸਮਾਜ ਵਿਚ ਤਣਾਉ ਦਾ ਰਿਸ਼ਤਾ ਹੁੰਦਾ ਹੈ, ਲੇਕਿਨ ਮਸ਼ੀਨੀ ਇਨਸਾਨ ਨਾ ਟੱਕਰਾ ਸਕਦਾ ਹੈ ਅਤੇ ਨਾ ਤਣਾਓ ਹੀ ਭੋਗ ਸਕਦਾ ਹੈ। ਉਸ ਨੇ ਤਾਂ ਖ਼ਲਾਅ ਵਿਚ ਹੀ ਮਕਾਨਕੀ ਕਾਰਜ ਕਰਨਾ ਹੈ। ਉਸ ਦੀ ਜੂਨ ਕੰਪਿਊਟਰ ਵਾਂਗ ਹੈ, ਇਸ ਲਈ ਐਸੇ ਵਿਅਕਤੀ ਵਿਚ ਨਿੱਘ ਨਹੀਂ; ਅਰਥਹੀਨ ਦਿਸ਼ਾ ਵਿਚ ਵਿਚਰਣ ਕਰਕੇ ਨਵੇਂ ਅਰਥ ਸਿਰਜਣ ਦੀਆਂ ਸੰਭਾਵਨਾਵਾਂ ਵੀ ਨਹੀਂ :

**ਕੰਪਿਊਟਰ ਵਿਚ,**
**ਦਿਲ ਨਹੀਂ, ਦਿਮਾਗ ਨਹੀਂ—**
**ਗਰਮ, ਗਰਮ ਲਹੂ ਨਹੀਂ,**
**ਨਿੱਘਾ, ਨਿੱਘਾ ਮਾਸ ਨਹੀਂ।**

(ਉਹੀ, ਪੰਨਾ 33)

ਇਹੋ ਜੇਹੀ ਬਿਰਤੀ ਵਾਲੀਆਂ ਕਵਿਤਾਵਾਂ ਵਿਚ ਜਨਵਰੀ 1985 ਦੀ 'ਜਨੀਵਾ ਗੱਲਬਾਤ ਦੌਰਾਨ ਕੁਝ ਪ੍ਰਭਾਵ', 'ਮਾਨਵ ਬਨਾਮ ਯੰਤਰ', 'ਸ਼ੂਨਯ ਗਤੀ', 'ਟੈਲੀਵਿਯਨੀ ਨਸਲ', 'ਦਾਣੇ ਬੰਦ ਬਰਬਾਦੀ' ਆਦਿ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ।

'ਚੌਕ ਨਾਟਕ' ਦੇ ਗੀਤਾਂ ਵਿਚ ਰਵਿੰਦਰ ਰਵੀ ਨੇ ਲੋਕ ਗੀਤਾਂ ਦੀ ਫਾਰਮ ਵਿਚ ਨਵੀਆਂ ਥੀਮਕ ਬੁਣਤਾਂ ਬੁਣੀਆਂ ਹਨ। ਜਾਗੋ, ਸੋਤਾ, ਛੱਲਾ, ਹੀਰ, ਮਾਹੀਆ ਆਦਿ ਪੰਜਾਬੀ ਲੋਕ ਕਾਵਿ-ਰੂਪਾਂ ਦੀਆਂ ਵੰਨਗੀਆਂ ਹਨ। ਰਵਿੰਦਰ ਰਵੀ ਨੇ ਲੋਕ-ਗੀਤਾਂ ਵਿਚਲੇ ਵੇਰਵਿਆਂ ਨੂੰ ਤਤਕਾਲੀ ਲੋੜਾਂ ਅਨੁਸਾਰ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਬਦਲਿਆ ਹੈ। ਇਹੋ ਜਿਹੇ ਗੀਤਾਂ ਵਿਚ ਸੰਬੋਧਨ ਸਿੱਧਾ ਹੈ, ਲੇਕਿਨ ਵਿਅੰਗ ਹੈ:

**ਓਧਰ ਹੈ 'ਕੁਰਸੀ' ਦਾ 'ਕਿੱਸਾ'**
**ਉਸ ਦੀ ਭਾਸ਼ਾ ਬੋਲੋ।**
**ਆਪਣੀ ਭਾਸ਼ਾ ਭੁੱਲ ਵਿਸਰ ਜਾਓ,**
**ਕਦੇ ਨਾ ਮੁੜ ਕੇ ਟੋਲੋ।**
**ਆਪਣੇ ਮੂੰਹ ਵਿਚ ਦੇਸ਼ ਬੇਗਾਨਾ,**
**ਅਰਥ ਨਿਰੇ ਕੂੜਿਆਰੇ।**

(ਉਹੀ, ਪੰਨਾ 92)

ਇਨ੍ਹਾਂ ਲਾਈਨਾਂ ਤੋਂ ਹੀ ਕਵੀ ਦੀ ਪੰਜਾਬ ਨਾਲ ਭਾਵੁਕ ਸਾਂਝ ਦਾ ਪਤਾ ਲੱਗਦਾ ਹੈ। ਏਸੇ ਥੀਮ ਨਾਲ ਸੰਬੰਧਤ ਉਸ ਨੇ ਹੋਰ ਕਵਿਤਾਵਾਂ ਜਿਵੇਂ, 'ਵੋਟ ਤੋਂ ਬਾਰੂਦ ਤਕ', 'ਰਾਜਨੀਤਕ ਬਲਾਤਕਾਰ', 'ਪੰਜਾਬ ਦੀ ਲਾਸ਼', 'ਸੂਹਾ ਚਿੰਤਨ', 'ਕਿਸ ਨੇ ਸੂਰਜ ਪਕੜ ਲਿਆ', 'ਸੰਤ ਸਿਪਾਹੀ', 'ਖੇਤੀ ਲੋਕਾਂ ਸੇਤੀ', 'ਨਰ-ਸਿੰਘ', 'ਆਦਿ-ਸੁਆਲ', 'ਇਤਿਹਾਸ', ਆਦਿ ਲਿਖੀਆਂ ਹਨ। ਉਹ ਆਪਣੇ ਕਾਵਿ-ਸੰਗ੍ਰਹਿ ਵਿਚ ਗੱਲ ਮਾਂ-ਧਰਤੀ ਲਈ ਹੇਰਵੇ ਤੋਂ ਸ਼ੁਰੂ ਕਰਦਾ ਹੈ ਅਤੇ ਉਸ ਦੀ ਬਰਬਾਦੀ 'ਤੇ ਖ਼ਤਮ ਕਰਦਾ ਹੈ, ਇਸੇ ਲਈ ਪ੍ਰਸ਼ਨ ਪੁੱਛਦਾ ਹੈ :

**ਅੱਜ ਦੇਸ਼ ਨੂੰ**
**ਕਿਹੜਾ ਸਿਰ ਲਾ ਕੇ ਜਾਵਾਂ ?**
**ਕੋਈ ਵੀ ਸਿਰ,**
**ਰੱਖਿਆ ਦੀ ਹਾਮੀ ਨਹੀਂ ਭਰਦਾ।**

(ਉਹੀ, ਪੰਨਾ 122)

ਜਿੱਥੇ ਜਿੱਥੇ ਉਹ ਆਪਣੀ ਭਾਵੁਕ ਵੇਦਨਾ ਨੂੰ ਸਿੱਧੀ ਜ਼ਬਾਨ ਰਾਹੀਂ ਪ੍ਰਗਟਾਵਾ ਦੇਂਦਾ ਹੈ, ਉਥੇ ਉਥੇ ਉਹ ਕਵੀ ਨਾਲੋਂ ਵੱਧ ਸਮੀਖਿਅਕ ਨਜ਼ਰ ਆਉਂਦਾ ਹੈ। ਕੁਲ੍ ਮਿਲਾ ਕੇ ਉਸ ਦਾ ਕਾਵਿ-ਸੰਗ੍ਰਹਿ ਸਿਰਜਣਾ ਅਤੇ ਸਮੀਖਿਆ ਦੇ ਮਿਲੇ ਜੁਲੇ ਰੂਪ ਨੂੰ ਪੇਸ਼ ਕਰਦਾ ਹੈ। ਸਿਰਜਣਾ ਸਮੀਖਿਆ ਅਤੇ ਸਮੀਖਿਆ ਸਿਰਜਣਾ ਦਾ ਭੁਲਾਵਾ ਦੇਂਦੀ ਹੈ। ਇਹ ਵੀ ਇਸ ਕਾਵਿ-ਸੰਗ੍ਰਹਿ ਵਿਚਲਾ ਆਪਣਾ ਅੰਤਰ ਵਿਰੋਧ ਹੈ। ਇਸੇ ਲਈ ਸਭ ਕੁਝ ਆਪਣੇ ਖ਼ਿਲਾਫ਼ ਹੀ ਵਿਚਰਦਾ ਪ੍ਰਤੀਤ ਹੁੰਦਾ ਹੈ।

**–ਡਾ. ਦੇਵਿੰਦਰ ਕੌਰ**
"ਅਕਸ", ਜੂਨ, 1986



IInd on 27.12.2016, Ist on 12.12.16
D:/National/Jaspal Kaur Dr/Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਅੰਤਿਕਾ-ਤਿੰਨ

# ਆਪਣੇ ਖ਼ਿਲਾਫ਼

ਰਵਿੰਦਰ ਰਵੀ ਦੇ ਹੌਂਸਲੇ ਦੀ ਦਾਦ ਦੇਣੀ ਪੈਂਦੀ ਹੈ। ਕਵਿਤਾ, ਕਾਵਿ-ਨਾਟਕ, ਕਹਾਣੀ, ਸਫ਼ਰਨਾਮਾ, ਸਮੀਖਿਆ ਆਦਿ ਲਿਖਦਿਆਂ ਉਹਨੂੰ ਚੌਥਾਈ ਸਦੀ ਤੋਂ ਉੱਪਰ ਸਮਾਂ ਹੋ ਚੁੱਕਾ ਹੈ। ਬੇਝਿਜ਼ਕ ਲਗਨ ਅਤੇ ਲਗਾਤਾਰ ਉੱਦਮ ਉਹਦੇ ਵਿਸ਼ੇਸ਼ ਲੱਛਣ ਹਨ। ਤੀਹ ਕੁ ਸਾਲਾਂ ਵਿਚ 38 ਪੁਸਤਕਾਂ ਉਹਦੀ ਲਗਨ ਅਤੇ ਉੱਦਮ ਦੀਆਂ ਹੀ ਗਵਾਹ ਹਨ।

ਉਹ ਸ਼ਕਤੀਵਰ ਲੇਖਕ ਹੀ ਨਹੀਂ, ਆਪਣਾ ਸਫਲ ਸੇਲਜ਼ਮੈਨ ਵੀ ਹੈ। ਹਰ ਕਿਤਾਬ ਵਿਚ ਉਹ ਆਪਣੀ ਸਿਰਜਨਾ ਦੇ ਨਾਲੋ ਨਾਲ ਆਪਣੇ ਸੰਬੰਧੀ ਸ਼ੋਰ ਵੀ ਲੈ ਕੇ ਚਲਦਾ ਹੈ। ਇਸ ਕਿਤਾਬ ਵਿਚ ਉਸ ਦੀਆਂ ਸੱਤਰ ਤੋਂ ਉਪਰ ਮੌਲਿਕ ਰਚਨਾਵਾਂ ਹਨ। ਪੰਜ ਕਵਿਤਾਵਾਂ ਉਪਰ ਉਸ ਦੇ ਮਿੱਤਰ, ਸਮਕਾਲੀ ਅਤੇ ਕਵੀ ਅਜਾਇਬ ਕਮਲ ਦੇ ਅਧਿਐਨ ਹਨ। ਸੰਤ ਸਿੰਘ ਸੇਖੋਂ ਤੋਂ ਲੈ ਕੇ ਚਰਨ ਸਿੰਘ ਤੱਕ ਛੇ ਆਲੋਚਕਾਂ ਦੀਆਂ ਰਾਵਾਂ ਹਨ। ਇਸ ਤੋਂ ਛੁਟ ਉਸ ਦੀ ਜੀਵਨੀ ਸੰਬੰਧੀ ਵਿਸਤ੍ਰਿਤ ਜਾਣਕਾਰੀ ਅਤੇ ਉਸ ਦੀਆਂ ਰਚਿਤ ਪੁਸਤਕਾਂ ਸੰਬੰਧੀ ਸੰਪੂਰਣ ਸੂਚਨਾ ਹੈ। ਹਥਲੇ ਕਾਵਿ-ਸੰਗ੍ਰਹਿ ਸੰਬੰਧੀ ਸ੍ਵੈ-ਮੁਲੰਕਣ, ਵੀ ਇਸ ਪੁਸਤਕ ਦੇ ਨਾਲ ਹੀ ਨੱਥੀ ਹੈ, ਜੋ ਪੜ੍ਹਨਯੋਗ ਹੈ :

"ਰਵਿੰਦਰ ਰਵੀ ਪਿਛਲੇ ਤਿੰਨ ਦਹਾਕਿਆਂ ਦਾ ਐਸਾ ਬਹੁ-ਚਰਚਿਤ ਕਵੀ ਤੇ ਪ੍ਰਮਾਣਿਕ ਹਸਤਾਖ਼ਰ ਹੈ ਜਿਸ ਨੇ 1955 ਤੋਂ ਲੈ ਕੇ ਅੱਜ ਤੱਕ ਨਿਰੰਤਰ ਸਾਧਨਾ ਨਾਲ ਹਰ ਕਦਮ ਅਗਾਂਹ ਵੱਲ ਪੁੱਟਦਿਆਂ ਇਸ ਸਮੇਂ ਦੀ ਪੰਜਾਬੀ ਕਵਿਤਾ ਨੂੰ ਪਿੰਡ ਤੋਂ ਬ੍ਰਹਿਮੰਡ ਤੇ ਬ੍ਰਹਿਮੰਡ ਤੋਂ ਪਿੰਡ ਤੱਕ ਦੀ ਦੂਹਰੀ ਯਾਤਰਾ ਕਰਵਾਈ ਹੈ।

ਇਸ ਸੰਗ੍ਰਹਿ ਦੀਆਂ ਕਵਿਤਾਵਾਂ, ਮਨੁੱਖ ਦੇ ਆਪਣੇ ਸਮੇਂ ਦੇ ਖ਼ਿਲਾਫ਼ ਨਿਰੰਤਰ ਦੌੜਦੇ ਬਹੁਦਿਸ਼ਾਵੀ ਤੇ ਬਹੁਮੁਖੀ ਆਧੁਨਿਕ ਭਾਵ-ਬੋਧ ਦਾ ਕਲਾ ਕੁਸ਼ਲਤਾ ਸਹਿਤ, ਸਹਿਜ ਸਿਰਨਾਤਮਿਕਤਾ ਵਿਚ ਢਲਣ ਦਾ ਇਕ ਸੁਸ਼ਕਤ ਪ੍ਰਮਾਣ ਹਨ।"



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਅਜੇਹੇ ਪ੍ਰਮਾਣ-ਪੱਤਰ ਦੀ ਤਿੱਖੀ ਰੌਸ਼ਨੀ ਕਿਸੇ ਵੀ ਪਾਠਕ ਦੀ ਨਜ਼ਰ ਨੂੰ ਚੁੰਧਿਆ ਦੇਣ ਲਈ ਕਾਫੀ ਹੈ, ਪਰ ਰਵਿੰਦਰ ਰਵੀ ਦੇ ਬੁਲਾਰੇ ਇਸੇ ਅਤੀਮੁਖ ਸ਼ੈਲੀ ਵਿਚ ਉਸ ਦੇ ਪੀਠੇ ਨੂੰ ਮੁੜ ਪੀਠਦੇ ਹਨ। ਉਹਦੇ ਕਵੀ-ਮਿੱਤਰ-ਸਮਕਾਲੀ ਅਜਾਇਬ ਕਮਲ ਦਾ ਕਥਨ ਹੈ :

"ਮੌਨ ਹਾਦਸੇ ਨਿਪੁੰਨ ਕਾਵਿ-ਕਲਾ ਦਾ ਕ੍ਰਿਸ਼ਮਾ ਤੇ ਆਧੁਨਿਕ ਭਾਵ-ਬੋਧ ਦੁਆਰਾ ਓਤਪੋਤ ਜ਼ੋਰਦਾਰ ਕਾਵਿ-ਅਭਿਵਿਅੰਜਨ ਹੈ। ਇਹ ਕਵਿਤਾ ਜੇ ਅਜੋਕੇ ਯੁੱਗ ਦੀ ਸਰਵਪੱਖੀ ਅਧੋਗਤੀ ਦਾ ਖ਼ੂਬਸੂਰਤ ਪੈਰਾਏ 'ਚ ਅਰਥ-ਸੰਚਾਰ ਕਰਦੀ ਹੈ, ਤਾਂ ਇਹ ਸੁੰਦਰ ਸ਼ਬਦ-ਜੜ੍ਹਤ ਰਾਹੀਂ ਇਕ ਵਿਸ਼ੇਸ਼ ਕਾਂਤੀ ਲੈਅ ਤੇ ਟੋਨ ਪ੍ਰਭਾਵ ਤੇ ਕਾਵਿਕ ਮਾਹੌਲ ਦੀ ਸਿਰਜਣਮੁਖੀ ਰਚਨਾ ਵੀ ਕਰਦੀ ਹੈ। ਇਸਲਈ ਇਸ ਨੂੰ ਜ਼ੋਰਦਾਰ ਪ੍ਰਭਾਵਵਾਦੀ ਕਾਵਿ-ਕਲਾ ਦੇ ਖ਼ਾਨੇ 'ਚ ਰਖਿਆ ਜਾ ਸਕਦਾ ਹੈ।"

ਯਕੀਨਨ, 'ਨਿਪੁੰਨ', 'ਕ੍ਰਿਸ਼ਮਾ' (ਸਾਜ਼), 'ਆਧੁਨਿਕ', 'ਜ਼ੋਰਦਾਰ', 'ਸਰਵਪੱਖੀ', 'ਖ਼ੂਬਸੂਰਤ', 'ਸੁੰਦਰ', 'ਵਿਸ਼ੇਸ਼-ਕਾਂਤੀ', 'ਸਿਰਜਣਮੁਖੀ', 'ਜ਼ੋਰਦਾਰ', 'ਪ੍ਰਭਾਵਵਾਦੀ' ਕਾਵਿ-ਕਲਾ ਤੋਂ ਪ੍ਰਭਾਵਿਤ ਹੋਣਾ ਹਰ ਕਾਵਿ-ਪਾਠਕ ਦਾ ਫ਼ਰਜ਼ ਹੈ। ਮੈਂ ਇਸ ਕਾਵਿ-ਸੰਗ੍ਰਹਿ ਨੂੰ ਫ਼ਰਜ਼ ਵਜੋਂ ਪੜ੍ਹਿਆ ਹੈ ਅਤੇ ਇਸ ਤੋਂ ਪ੍ਰਭਾਵਿਤ ਵੀ ਹੋਇਆ ਹਾਂ। ਇਸ ਥੋਕ ਕਿਸਮ ਦੀ ਦਲਦਲੀ ਕਸੀਦਾਗੋਈ ਤੋਂ ਪਾਰ ਰਵਿੰਦਰ ਰਵੀ ਦੀ ਕਵਿਤਾ ਹੈ ਜਿਸ ਵਿਚ ਆਦਿਮ ਕਿਸਮ ਦੀਆਂ ਨਿਰਮਲ ਜਲਧਾਰਾਂ ਵੀ ਹਨ ਅਤੇ ਆਧੁਨਿਕ ਮੁਹਾਂਦਰੇ ਵਾਲੇ ਮਸ਼ੀਨੀ ਜੰਗਲ ਵੀ। ਆਦਿਮ ਅਤੇ ਆਧੁਨਿਕ ਸਿਰਿਆਂ ਦੇ ਵਿਚਕਾਰ ਰਵਿੰਦਰ ਦੀ ਕਵਿਤਾ ਤਣੀ ਹੋਈ ਹੈ। ਅਪਣੱਤ ਵਾਲੇ ਜੱਦੀ ਪਿੰਡ ਤੋਂ ਦੂਰ ਉਹ ਪਰਾਏ ਦੇਸ ਵਿਚ ਬੇਗਾਨਗੀ ਭੋਗਦਾ ਹੈ ਅਤੇ ਅਪਣੱਤ ਲਈ ਲੋਚਦਾ ਹੈ। 'ਆਪਣੇ ਖ਼ਿਲਾਫ਼' ਕਾਵਿ-ਸੰਗ੍ਰਹਿ ਵਿਚ ਉਹ ਆਪਣੇ ਹੱਕ ਵਿਚ ਲਿਖਤਾਂ ਲਿਖਦਾ ਅਤੇ ਲਿਖਵਾਉਂਦਾ ਵੀ ਹੈ ਅਤੇ ਇਹਨਾਂ ਸ੍ਵੈ-ਪੱਖੀ ਲਿਖਤਾਂ ਦੇ ਬਾਵਜੂਦ, ਸ਼ਾਇਦ ਇਨ੍ਹਾਂ ਦੇ ਕਾਰਨ ਹੀ, ਉਹ ਆਪਣੇ 'ਖ਼ਿਲਾਫ਼' ਸੋਚਣ ਤੇ ਮਜਬੂਰ ਹੈ। ਉਹ ਯਤਨ ਵਿਚ ਸਹਿਜ ਨੂੰ ਟੋਲਦਾ ਹੈ। ਇਹ ਤਥਖੜੱਬ ਹੀ ਉਸ ਦੀ ਪ੍ਰਮਾਣਿਕ ਪਛਾਣ ਹੈ।

'ਕਿਰਨ ਨੇ ਸੂਰਜ ਲਿਖਿਆ ਹੈ' ਉਸ ਦੀ ਸਹਿਜ ਕਵਿਤਾ ਹੈ। ਨਾਦਾਨ ਬੱਚੇ ਨੂੰ ਪਾਲਦੀ ਹੋਈ ਜਵਾਨ ਮਾਂ ਕਿਵੇਂ ਹੌਲੀ ਹੌਲੀ, ਸਹਿਜ ਤੋਰੇ, ਜਵਾਨ ਬੱਚੇ ਦੀ ਬੁੱਢੀ ਮਾਤਾ ਬਣ ਜਾਂਦੀ ਹੈ। ਅਤੇ, ਅਖ਼ੀਰ ਵਿਚ ਉਹ 'ਰੁੱਖ ਵਿਚੋਂ ਬੀਜ' ਤੇ 'ਬੀਜ 'ਚੋਂ ਅਬੀਜ' ਹੋ ਜਾਏਗੀ। ਇਸ ਕਵਿਤਾ ਵਿਚ 'ਚੰਨ ਵਿਚ ਚਰਖਾ ਕਤਦੀ ਬੁੱਢੀ ਤੀਵੀਂ" ਵਾਲੀ ਸਥਿਤੀ-ਸ਼ੀਲ ਮਿਥ ਵੀ ਹੈ ਅਤੇ 'ਪੀੜ੍ਹੀਆਂ ਚਲਾਉਣ' ਵਾਲੀ ਨਿਰੰਤਰ ਚੇਤਨਾ ਦੇ ਵਿਗਿਆਨਕ ਨਕਸ਼ ਵੀ। ਇਸੇ ਤਰ੍ਹਾਂ 'ਕੰਪਿਊਟਰ ਬਨਾਮ ਵਿਅਕਤੀ' ਵਿਚ ਕੰਪਿਊਟਰ ਯੁੱਗ ਵਿਚ ਹਉਂਹੀਨ ਹੋ ਰਹੇ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਮਨੁੱਖੀ ਆਪੇ ਦੀ ਤ੍ਰਾਸਦੀ ਦਾ ਚਿਤਰ ਹੈ, ਮਿਥਿਕ ਪਰੰਪਰਾ ਤੋਂ ਵਿਗਿਆਨਕ ਪ੍ਰਗਤੀ ਤਕ ਦੀ ਪਹਿਚਾਨ ਇਹਨਾਂ ਕਵਿਤਾਵਾਂ ਵਿਚ ਮਿਲੇਗੀ। ਪੰਜਾਬ ਵਿਚ ਵਾਪਰੇ ਵਰਤਮਾਨ ਦੁਖਾਂਤ ਨੂੰ ਵੀ ਉਹਨੇ ਮਿਥ ਅਤੇ ਵਿਗਿਆਨ, ਮੋਹ ਅਤੇ ਮੋਹ-ਭੰਗ ਦੋਹਾਂ ਸਿਰਿਆਂ ਦੇ ਤਨਾਉ ਰਾਹੀਂ ਹੀ ਪੇਸ਼ ਕੀਤਾ ਹੈ। ਮੁਹੱਬਤ ਅਤੇ ਸਨਕ ਦੋਵੇਂ ਇਕ ਦੂਜੇ ਦੇ ਵਿਰੋਧੀ ਨਹੀਂ, ਇਕ ਦੂਜੇ ਦੇ ਪੂਰਕ ਬਣ ਕੇ ਆਪਣਾ ਸੁਰ ਅਲਾਪਦੇ ਹਨ :

**ਆਪਣਿਆਂ ਵਿਚ, ਆਪਣੇ ਰਸਤੇ,**
**ਆ ਕੇ ਹੋ, ਗਏ ਬੰਦ**
**ਆਪਣਿਆਂ 'ਚੋਂ, ਆਪਣੇ ਵੰਡਣ**
**ਵਾਲੀ ਉਸਰੀ ਕੰਧ**
**ਆਪਣਿਆਂ ਸੰਗ ਰਹਿਣੋਂ ਚੰਗਾ**
**ਦੇਸ਼ ਬਿਗਾਨੇ ਰਹਿਣ**

**ਦੇਸ਼ ਬਿਗਾਨੇ ਸਭ ਬੇਗਾਨੇ**
**ਦੰਭ ਨਾ ਚੁਕਣਾ ਪੈਂਦਾ**
**ਦੇਸ਼ ਬਿਗਾਨੇ ਬੇਗਾਨਾ ਵੀ**
**ਆਪਣਾ ਹੋ ਹੋ ਬਹਿੰਦਾ।**

ਯਕੀਨਨ, ਰਵਿੰਦਰ ਰਵੀ ਨਵੇਕਲੇ ਹਸਤਾਖਰ ਵਾਲਾ ਕਵੀ ਹੈ। ਇਹ ਕਵੀ ਪਾਠਕ ਨੂੰ ਮਨੁੱਖੀ ਆਪੇ ਦੀਆਂ ਸੁੱਤੀਆਂ ਸੰਭਾਵਨਾਵਾਂ ਪ੍ਰਤੀ ਬੇਦਾਰ ਕਰਦਾ ਹੈ। ਸਨਕੀ ਮਾਹੌਲ ਵਿਚ ਮੁਹੱਬਤੀ ਮਨੁੱਖ ਦੇ ਟੁੱਟਣ ਭੱਜਣ ਅਤੇ ਸਾਲਮ-ਸਬੂਤ ਰਹਿਣ ਦੇ ਯਤਨ ਵਿਚਕਾਰ ਤਣਿਆ ਹੋਇਆ ਹੈ, ਇਹ ਕਾਵਿ-ਸੰਗ੍ਰਹਿ। ਇਹ ਸੰਗ੍ਰਹਿ ਉਸ ਸਭ ਕੁਝ ਪ੍ਰਤੀ ਚੇਤਨਾ ਜਗਾਉਂਦਾ ਹੈ ਜੋ ਮਨੁੱਖ ਦੇ 'ਖਿਲਾਫ਼' ਵਾਪਰ ਰਿਹਾ ਹੈ; ਇਹ ਚੇਤਨਾ ਜਗਾਉਣ ਰਾਹੀਂ ਹੀ ਇਹ ਮਨੁੱਖਤਾ ਦੇ 'ਹੱਕ' ਵਿਚ ਆਪਣੀ ਵੋਟ ਪਾਉਂਦਾ ਹੈ।

ਹਰ ਪਾਠਕ ਇਸ ਨੂੰ ਆਪਣੇ ਢੰਗ ਨਾਲ ਹੀ ਪੜ੍ਹੇਗਾ, ਤਾਂ ਵੀ ਏਨਾ ਸੁਝਾਉ ਦੇਣ ਵਿਚ ਕੀ ਹਰਜ ਹੈ ਕਿ ਪਾਠਕ ਪਹਿਲਾਂ ਰਵੀ ਦੀਆਂ ਕਵਿਤਾਵਾਂ ਹੀ ਪੜ੍ਹੇ, ਰਵੀ ਸੰਬੰਧੀ ਕਥਾ ਬਾਅਦ ਵਿਚ ਪੜ੍ਹੇ ਜਾਂ ਭਾਵੇਂ ਨਾ ਵੀ ਪੜ੍ਹੇ। ਇਹ ਕਥਨ ਕਵਿਤਾ ਪੜ੍ਹਨ ਤੋਂ ਹੋੜਣਗੇ ਤੇ ਏਦਾਂ ਪਾਠਕ ਬਹੁਤ ਮੁੱਲਵਾਨ ਅਨੁਭਵ ਤੋਂ ਵਿਰਵਾ ਰਹਿ ਜਾਏਗਾ।

**–ਡਾ. ਹਰਿਭਜਨ ਸਿੰਘ**
"ਸਮਦਰਸ਼ੀ" ਮਾਰਚ-ਮਈ, 1986



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

# ਬ੍ਰਹਿਮੰਡ ਕਵੀ ਰਵੀ

'ਸੂਰਜ ਤੇਰਾ ਮੇਰਾ' ਰਵਿੰਦਰ ਰਵੀ ਦੀ 'ਸੂਰਜ ਤੇਰਾ ਮੇਰਾ' ਕਾਵਿ ਪੁਸਤਕ ਦੀ ਪ੍ਰਥਮ ਕਵਿਤਾ ਹੈ। ਕਵਿਤਾ ਅਤੇ ਵਾਰਤਕ ਜਾਂ ਗੱਦ ਦਾ ਮੁੱਖ ਅੰਤਰ ਸ਼ਬਦਾਂ ਅਤੇ ਅਰਥਾਂ ਦੀ ਵਿਉਂਤਬੰਦੀ ਹੈ। ਇਸ ਲਈ ਮੈਂ ਕਿਸੇ ਵੀ ਰਚਨਾ ਦੀ ਆਲੋਚਨਾ ਕਰਨ ਤੋਂ ਪਹਿਲਾਂ ਸ਼ਬਦਾਂ ਦੀ ਆਲੋਚਨਾ ਕਰਨੀ ਪ੍ਰਮੁੱਖ ਸਮਝਦਾ ਹਾਂ। ਸ਼ਬਦ ਅਰਥ ਹੀ ਨਹੀਂ ਪ੍ਰਦਾਨ ਕਰਦੇ ਸਗੋਂ ਲੇਖਕ ਦੀ ਸੋਚ-ਵਿਧੀ ਮਯਾਰ ਅਤੇ ਡੂੰਘਾਈ ਨੂੰ ਵੀ ਪ੍ਰਸਤੁਤ ਕਰਦੇ ਹਨ। ਕਵਿਤਾ ਸ਼ਬਦਾਂ ਦੀ ਚੋਣ, ਅਰਥ, ਵਿਉਂਤਬੰਦੀ ਅਤੇ ਸੰਗੀਤਕ ਪੱਖ ਦਾ ਸਮੂਹ ਹੈ। ਇਸ ਲਈ ਕਿਸੇ ਵੀ ਕਵਿਤਾ ਦੇ ਪ੍ਰਧਾਨ ਸ਼ਬਦਾਂ ਤੋਂ ਉਸ ਦੀ ਨਿਰਖ ਪਰਖ ਕੀਤੀ ਜਾ ਸਕਦੀ ਹੈ। ਸ਼ਬਦਾਂ ਦਾ ਧਰਮ ਹੈ ਅਰਥ ਦੇਣਾ ਇਸ ਲਈ ਸ਼ਬਦ ਕਵਿਤਾ ਦਾ ਬਾਹਰਮੁਖੀ ਅਤੇ ਅੰਤਰਮੁਖੀ ਚਿੰਨ੍ਹ ਕਹੇ ਜਾ ਸਕਦੇ ਹਨ।

'ਸੂਰਜ ਤੇਰਾ ਮੇਰਾ' ਵਿਚ ਬ੍ਰਹਿਮੰਡ, ਸੋਚ, ਅਰਥ, ਸ਼ੋਰ ਅਤੇ ਚੁੱਪ ਸ਼ਬਦ ਪ੍ਰਧਾਨ ਹਨ। ਇਨ੍ਹਾਂ ਸ਼ਬਦਾਂ ਦੀ ਢੋਈ ਲੈ ਕੇ ਲਿਖੀ ਇਹ ਕਵਿਤਾ ਸਹਿਜੇ ਹੀ ਕੋਈ ਵੱਡੀ ਗੱਲ ਜਾਂ ਵੱਡੇ ਪੈਮਾਨੇ ਦੀ ਗੱਲ ਕਹਿਣ ਦੀ ਸਮਰੱਥਾ ਰੱਖਦੀ ਹੈ। ਦੇਖਣਾ ਇਹ ਹੈ ਕਿ ਇਹ ਕਵਿਤਾ ਕਿਹੜੀ ਗੱਲ ਕਹਿਣ ਲਈ ਵਚਨਬੱਧ ਹੈ। ਇਨ੍ਹਾਂ ਪੰਜਾਂ ਸ਼ਬਦਾਂ ਵਿਚੋਂ ਇਸ ਕਵਿਤਾ ਦੀ ਵਿਚਾਰਧਾਰਾ ਉਪਲੱਬਧ ਹੋਈ ਹੈ। ਇਹ ਵਿਚਾਰਧਾਰਾ ਇਸ ਕਵਿਤਾ ਦੀਆਂ ਹੇਠ ਦਿੱਤੀਆਂ ਸਤਰਾਂ ਵਿਚ ਸੰਗਠਤ ਹੈ।

**ਸੋਚ ਦੀ ਭਾਸ਼ਾ ਵਿੱਚੋਂ ਲੰਘੇ**
**ਚੁੱਪ ਦੀ ਭਾਸ਼ਾ ਸਹਿ ਗਏ**
**ਆਪਣੇ ਜੇਡੀ ਕੱਥਦੇ ਕੱਥਦੇ**
**ਬ੍ਰਹਿਮੰਡ ਜੇਡੀ ਕਹਿ ਗਏ।**

ਪੰਜ ਪ੍ਰਧਾਨ ਸ਼ਬਦਾਂ ਵਿਚੋਂ ਚਾਰ ਸ਼ਬਦ ਇਨ੍ਹਾਂ ਚਾਰ ਪੰਕਤੀਆਂ ਵਿਚ ਬੈਠੇ ਹਨ। ਇਹ ਸ਼ਬਦ ਚਾਰ ਬਾਰੀਆਂ ਵਾਂਗ ਬ੍ਰਹਿਮੰਡ ਵੱਲ ਨੂੰ ਖੁੱਲ੍ਹਦੇ ਹਨ, ਚਾਰੇ ਦਿਸ਼ਾਵਾਂ ਦਾ ਜਾਇਜ਼ਾ ਲੈਂਦੇ ਹਨ ਅਤੇ ਇਸ ਜਾਇਜ਼ੇ ਨੂੰ ਅਰਥਾਂ ਰਾਹੀਂ ਸੁਭਾਇਮਾਨ ਕਰਦੇ ਹਨ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਸਾਰੀ ਕਵਿਤਾ ਦਾ ਧੁਰਾ 'ਬ੍ਰਹਿਮੰਡ' ਸ਼ਬਦ ਵਿਚ ਹੈ। ਬ੍ਰਹਿਮੰਡ ਸ਼ਬਦ ਬ੍ਰਾਹਮਾਂਡ ਤੋਂ ਬਣਿਆ ਹੈ। 'ਬ੍ਰਹਿਮਾਂਡ' ਦੀ ਸੰਧੀ-ਛੇਦ ਹੈ : ਬ੍ਰਹਮ + ਅੰਡ ਅਰਥਾਤ ਬ੍ਰਹਮ ਦਾ ਆਂਡਾ। ਮਨੂ-ਸਿਮ੍ਰਤੀ ਅਤੇ ਪੁਰਾਣਾਂ ਦੀ ਕਥਾ ਅਨੁਸਾਰ ਜਗਤ ਰਚਨਾ ਤੋਂ ਪਹਿਲਾਂ ਇਕ ਸੋਨੇ-ਰੰਗਾ ਆਂਡਾ ਹੋਂਦ ਵਿਚ ਆਇਆ। ਜੋ ਹਜ਼ਾਰਾਂ ਵਰ੍ਹਿਆਂ ਪਿੱਛੋਂ ਦੋਫਾੜ ਹੋਇਆ ਅਰਥਾਤ ਦੋ-ਖੰਡ ਬਣੇ। ਹਰ ਖੰਡ ਵਿਚ ਸੱਤ ਲੋਕ ਪ੍ਰਲੋਕ ਬਣੇ। ਇਸ ਸ੍ਰਿਸ਼ਟੀ ਦੀ ਹੋਂਦ ਦੀ ਪਰਿਭਾਸ਼ਾ ਬ੍ਰਹਿਮੰਡ ਸ਼ਬਦ ਵਿਚ ਸਿਮਟੀ ਹੋਈ ਹੈ। ਜੇ ਕੋਈ ਕਵੀ ਬ੍ਰਹਿਮੰਡ ਨੂੰ ਸਮਝਣ ਸਮਝਾਉਣ ਦੀ ਗੱਲ ਕਰਦਾ ਹੈ, ਤਾਂ ਨਿਸਚੇ ਹੀ ਉਸ ਦੀ ਸੋਚ ਪੱਧਤੀ ਅਤੇ ਸੋਚ ਵਿਧੀ ਵਿਸ਼ਾਲ ਹੈ। ਇਹ ਵੱਖਰੀ ਗੱਲ ਹੈ ਕਿ ਸੋਚ-ਪੱਧਤੀ ਜਾਂ ਵਿਧੀ ਦਾ ਘੇਰਾ ਸੰਕੀਰਣ ਹੋਵੇ। ਰਵੀ ਇਸ ਪੱਖੋਂ ਨਿਵੇਕਲਾ ਕਵੀ ਹੈ, ਉਸ ਦੀ ਸੋਚ ਸੰਕੀਰਣ ਨਹੀਂ। ਕਾਰਣ ਇਹ ਹੈ ਕਿ ਰਵੀ ਬਾਵਰਾ ਕਵੀ ਹੈ। ਉਹ ਭਰਮਣ ਵਿਚ ਯਕੀਨ ਰੱਖਦਾ ਹੈ ਅਤੇ ਬ੍ਰਹਿਮੰਡਕ ਹਾਵਾਂ ਭਾਵਾਂ ਨੂੰ ਆਪਣੀਆਂ ਸੋਚ-ਸੈਂਚੀਆਂ ਵਿਚ ਚਿਣ ਚਿਣ ਕੇ ਰੱਖਦਾ ਹੈ। ਤਜ਼ਰਬਾ, ਪਾਠ-ਪਠਨ ਅਤੇ ਛਾਂਗੀ ਹੋਈ ਵਿਚਾਰ-ਵਿਧੀ ਇਕ ਕਵਿਤਾ ਦੇ ਰਚੈਤਾ ਲਈ ਬਹੁਤ ਜ਼ਰੂਰੀ ਹੈ। ਰਵੀ ਵਿਚ ਇਸ ਦੀ ਥੋੜ ਨਹੀਂ। ਬ੍ਰਹਿਮੰਡ ਦੇ ਸੱਚ ਨੂੰ ਸੋਚ ਕੇ ਸ਼ਬਦਾਂ ਰਾਹੀਂ ਪ੍ਰਸਤੁਤ ਕਰਨ ਲਈ ਉਚਿਤ ਸ਼ਬਦਾਂ ਦੀ ਲੋੜ ਹੈ। ਰਵੀ ਪਾਸ ਉਚਿਤ ਸ਼ਬਦਾਂ ਦੀ ਘਾਟ ਨਹੀਂ। ਸ਼ਬਦਾਂ ਨੂੰ ਕਾਵਿਕ ਵਿਉਂਤਬੰਦੀ ਵਿਚ ਪਰੋ ਕੇ ਸੰਗੀਤ ਪੈਦਾ ਕਰਨਾ ਬਹੁਤ ਜ਼ਰੂਰੀ ਹੈ। ਰਵੀ ਇਸ ਪੱਖੋਂ ਵੀ ਅਵੇਸਲਾ ਨਹੀਂ। ਸ਼ਬਦਾਂ ਨੂੰ ਅਰਥਾਂ ਦੇ ਲੇਖੇ ਲਾਉਣਾ ਸਭ ਤੋਂ ਜ਼ਰੂਰੀ ਹੈ। ਰਵੀ ਇਸ ਪੱਖੋਂ ਵੀ ਊਣਾ ਨਹੀਂ। ਰਵੀ ਆਪਣੇ ਅਧੂਰੇਪਨ ਨੂੰ ਹਮੇਸ਼ਾ ਪੂਰਾ ਕਰਨ ਦਾ ਯਤਨ ਕਰਦਾ ਹੈ। ਇਹੀ ਕਾਰਣ ਹੈ ਕਿ ਉਸ ਦੀਆਂ ਕਾਵਿ-ਪੁਸਤਕਾਂ ਵਿਚ ਇਕ ਨਿਰੰਤਰ ਵਿਚਾਰ-ਵਿਧੀ ਦਾ ਸੰਚਾਰ ਹੋਇਆ ਹੈ।

'ਸੂਰਜ ਤੇਰਾ ਮੇਰਾ' ਵਿਚ ਸ਼ਬਦਾਂ ਦੀ ਉਚਿਤ ਅਤੇ ਸੱਚੀ ਸੋਚ ਨੂੰ ਉੱਚੇ ਬੋਲਾਂ ਦਾ ਸਰਾਪ ਹੈ।

**ਉੱਚੀ ਸੋਚ ਨੂੰ ਉੱਚੇ ਬੋਲਾਂ**
**ਐਸੀ ਜਾਗ ਲਗਾਈ।**

ਅਤੇ ਬੋਲ ਜੋ ਸਮੂਹਕ ਤੌਰ 'ਤੇ ਸ਼ੋਰ ਬਣ ਜਾਂਦੇ ਹਨ, ਤਾਂ ਅਰਥਾਂ ਨੂੰ ਧੁੰਦਲਾ ਕਰਨ ਵਿਚ ਸਹਾਈ ਹੁੰਦੇ ਹਨ। ਇਹ ਅਰਥ ਜੀਵਨ ਸੱਚਾਈ ਬਾਰੇ ਹੋਣ ਜਾਂ ਬ੍ਰਹਿਮੰਡਕ ਸੋਚ-ਵਿਧੀ ਦਾ ਧੁਰਾ ਹੋਣ, ਸ਼ੋਰ ਦੀ ਸਥਿਤੀ ਵਿਚ ਮਾਨਵ ਦੀ ਅਧੋਗਤੀ ਦਾ ਕਾਰਣ ਬਣਦੇ ਹਨ। ਮਾਨਵ ਕਿਉਂਕਿ ਇਸ ਬ੍ਰਹਿਮੰਡ ਦਾ ਪ੍ਰਮੁੱਖ ਪਰਾਣੀ ਹੈ, ਇਸ ਲਈ ਸ਼ਬਦਾਂ ਦੇ ਸ਼ੋਰ ਬਨਣ ਵਿਚ ਸਹਾਈ ਹੁੰਦਾ ਹੈ। ਉੱਚੀ-ਸੋਚ ਮਨੁੱਖ ਦਾ ਪਾਰਦਰਸ਼ੀ ਸ਼ੀਸ਼ਾ ਹੈ। ਮਨੁੱਖ ਹੀ ਸ਼ਬਦ ਹੈ। ਮਨੁੱਖ ਦੀ ਸੋਚ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਹੈ ਤੇ ਮਨੁੱਖ ਹੀ ਸੰਚਾਰ ਹੈ। ਇਸ ਲਈ ਮਨੁੱਖ ਦੀ ਉੱਚੀ ਜਾਂ ਨੀਵੀਂ ਸੋਚ ਦਾ ਚਿੰਨ੍ਹ ਹੈ। ਕੱਪਰ-ਛੱਲਾਂ ਵਾਂਗ ਮਨੁੱਖੀ ਹੋਂਦ ਦੀ ਢਾਅ ਵਰਤਮਾਨ ਯੁੱਗ ਵਿਚ ਆਪਣੇ ਆਪ ਨੂੰ ਸਹਿਜੇ ਸਹਿਜੇ ਖੋਰਦੀ ਜਾ ਰਹੀ ਹੈ। ਉੱਚੀ ਸੋਚ ਅਤੇ ਉੱਚੇ ਬੋਲ (ਸ਼ੋਰ) ਦੋ ਵਿਰੋਧੀ ਖਿੱਚਾਂ ਹਨ ਜੋ ਵਰਤਮਾਨ ਮਨੁੱਖ ਅਤੇ ਪੁਰਾਣੇ ਮਾਨਵ ਵਿਚ ਪਰਸਪਰ ਖਿੱਚਾਂ ਦਾ ਕਾਰਨ ਬਣ ਗਈਆਂ ਹਨ। ਇਹ ਕਵਿਤਾ ਇਹਨਾਂ ਵਿਰੋਧੀ ਖਿੱਚਾਂ ਨੂੰ ਸਮਝਣ ਅਤੇ ਪਰਖਣ ਦਾ ਸ਼ਲਾਘਾਯੋਗ ਯਤਨ ਹੈ।

'ਬ੍ਰਹਿਮੰਡ ਵਿਚ ਵਿਰੋਧੀ ਖਿੱਚਾਂ' ਦਾ ਕਈ ਚਿੰਨ੍ਹਾਂ ਰਾਹੀਂ, ਇਸ ਕਵਿਤਾ ਵਿਚ, ਪਰਸਾਰ ਹੋਇਆ ਹੈ। ਵਿਗਿਆਨਕ ਤੌਰ 'ਤੇ ਵੀ ਵਿਰੋਧੀ ਖਿੱਚਾਂ ਹੀ ਖੋਜ ਦਾ ਦਾਰੋ-ਮਦਾਰ ਹਨ। ਮਿਸਾਲ ਵਜੋਂ ਜੇ ਦੁਨੀਆ ਵਿਚ ਇਕ ਹੀ ਰੰਗ ਹੁੰਦਾ ਤਾਂ ਰੰਗਾਂ ਦੀ ਸ਼ਨਾਖਤ ਨਾ ਹੁੰਦੀ, ਜੇ ਇਕ ਕੱਦ ਹੁੰਦਾ ਤਾਂ ਕੱਦਾਂ ਦੀ ਨਿਰਖ ਨਾ ਹੁੰਦੀ। ਵਿਰੋਧੀ ਖਿੱਚਾਂ ਵਿਚ ਹੀ ਵਿਰੋਧੀ ਵਿਚਾਰਾਂ ਦੀ ਹੋਂਦ ਹੈ। ਅਤੇ ਇਹੀ ਸਾਹਿਤ ਦਾ ਧੁਰਾ ਹਨ।

ਜਦੋਂ ਸੱਚ ਦਾ ਪਸਾਰ ਖਤਮ ਹੋ ਜਾਂਦਾ ਹੈ ਤਾਂ ਰੱਬ ਦੀ ਹੋਂਦ ਸ਼ੁਰੂ ਹੋ ਜਾਂਦੀ ਹੈ। ਕਵੀ ਵਿਰੋਧੀ ਖਿੱਚਾਂ ਨੂੰ ਬ੍ਰਹਿਮੰਡ ਦੇ ਸੰਦਰਭ ਵਿਚ ਵਿਚਾਰਦਾ ਵਿਚਾਰਦਾ ਖਪਤ ਹੋ ਜਾਂਦਾ ਹੈ। ਉਸ ਦੇ ਸ਼ਬਦਾਂ ਦੀ ਵਾਟ ਮੁੱਕ ਜਾਂਦੀ ਹੈ, ਵਾਟ ਮੁੱਕਣ ਨਾਲ ਸ਼ਬਦਾਂ ਦਾ ਪੜਾਅ ਆ ਜਾਂਦਾ ਹੈ। ਇਸ ਤੋਂ ਪਰ੍ਹੇ ਦੀ ਸੋਚ ਨੂੰ ਸ਼ਬਦ ਆਪਣੇ ਅਰਥਾਂ ਵਿਚ ਬੰਦ ਨਹੀਂ ਕਰ ਸਕਦੇ। ਇਹ ਸਥਿਤੀ ਉਦੋਂ ਆਉਂਦੀ ਹੈ, ਜਦੋਂ ਸੋਚ ਦੀ ਹੱਦ ਆ ਜਾਂਦੀ ਹੈ। ਅਜਿਹੀ ਹੱਦ ਤਕ ਪਹੁੰਚਣ ਲਈ ਸਾਹਿਤ ਨੇ ਜੀਵਨ ਘਾਲਣਾ ਕੀਤੀ ਹੈ ਅਤੇ ਵਿਗਿਆਨੀਆਂ ਨੇ ਸਾਰੀ ਉਮਰ ਖੋਜ ਵਿਚ ਲਾ ਦਿੱਤੀ ਹੈ। ਪਰ ਜਦ ਬ੍ਰਹਿਮੰਡ ਦੀ ਥਾਹ ਪਾਉਣ ਵਿਚ ਚਿੰਤਕ ਬੇਬੱਸ ਹੋ ਜਾਂਦੇ ਹਨ ਤਾਂ ਆਪਣੀ ਅਸਮਰੱਥਾ ਨੂੰ ਕਈ ਰੂਪਾਂ ਵਿਚ ਪਰਗਟ ਕਰਦੇ ਹਨ। ਨਿਊਟਨ ਨੇ ਆਖਿਰ ਵਿਚ ਕਿਹਾ ਸੀ ਕਿ ਮੈਂ ਤਾਂ ਅਜੇ ਸਿਰਫ ਕੰਢੇ ਤੇ ਬੈਠਾ ਰੋੜੇ ਹੀ ਗਿਣ ਰਿਹਾ ਹਾਂ, ਪਾਰ ਜਾਣ ਦੀ ਤਾਂ ਅਜੇ ਸੋਚੀ ਹੀ ਨਹੀਂ। ਆਇਨਸਟਾਈਨ ਨੇ ਸਾਪੇਖਤਾ ਦਾ ਸਿਧਾਂਤ ਦੇਣ ਤੋਂ ਬਾਅਦ ਕਿਹਾ ਸੀ ਕਿ ਲੱਗਦਾ ਤਾਂ ਇੰਝ ਹੀ ਹੈ ਪਰ ਅੱਗੇ ਦਾ ਪਤਾ ਨਹੀਂ। ਇਸੇ ਤਰ੍ਹਾਂ ਦੀ ਸੋਚ ਰਵੀ ਦੀ ਇਸ ਕਵਿਤਾ ਦੀਆਂ ਆਖਿਰੀ ਪੰਕਤੀਆਂ ਵਿਚ ਵੀ ਆ ਵਿਚਰੀ ਹੈ।

**ਜਿੰਨੀ ਸਮਝ ਓਨਾ ਹੀ ਚਾਨਣ**
**ਬਾਕੀ ਸਭ ਅਨ੍ਹੇਰਾ।**
**ਏਥੇ ਡੁੱਬ, ਏਥੋਂ ਹੀ ਚੜ੍ਹਦਾ**
**ਸੂਰਜ ਤੇਰਾ ਮੇਰਾ।**

**-ਡਾ. ਗੁਰੂਮੇਲ (ਅਮਰੀਕਾ)**


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

## ਮਹਾਂ ਨਗਰ

**-ਇੱਕ-**

ਸ਼ਹਿਰ ਦੀ ਰਗ ਰਗ 'ਚ
ਜੰਗਲ ਸ਼ੋਰ ਦਾ

ਕੁਝ ਸਹਿਮ ਦਾ
ਕੁਝ ਕ੍ਰੋਧ ਦਾ

ਕੁਝ ਗਰਜਦਾ
ਕੁਝ ਬਰਸਦਾ
ਤੇ ਟੁੱਟਦਾ
ਇਕ ਇਕ ਕਣੀ

ਹਰ ਪੱਤ ਵਿਚ
ਕੁਝ ਘੁਰਕਦਾ
ਕੁਝ ਗਰਜਦਾ
ਤੇ ਫੈਲਦਾ
ਹਿੰਸਾ
ਜੁਰਮ ਵਿਚ
ਅਤਿ ਵਿਚ

ਸੁਕੜਦਾ ਤੇ ਦੁਬਕਦਾ
ਹਰ ਮੱਤ ਵਿਚ

ਬਿਖਰਦਾ ਤੇ ਚਮਕਦਾ
ਹੈ ਜ਼ੱਰਾ ਜ਼ੱਰਾ ਬਲ ਰਿਹਾ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਪਾਤਾਲ ਫਟਦੇ
ਫ਼ਰਸ਼ 'ਚੋਂ
ਆਕਾਸ਼ ਸਿਮਟਣ
ਛੱਤ ਵਿਚ

ਨਜ਼ਰ ਗਹਿਰੀ
ਸ਼ਹਿਰ ਦੀ
ਅੱਖਾਂ 'ਚ ਲਾਲੀ
ਰੜਕਦੀ

ਆ ਠਹਿਰਦੀ
ਸੁਕੜਦੀ ਤੇ ਫੈਲਦੀ
ਹਰ ਹੋਂਦ
ਅੰਦਰ ਪਿਚਕਦੀ

ਦਰ ਬੰਦ
ਸੀਖਾਂ ਗੱਡੀਆਂ
ਤੇ ਕੰਧ ਬਣੀਆਂ
ਖਿੜਕੀਆਂ

ਇਹ ਸ਼ਹਿਰ
ਬੰਦੀ ਆਪਣਾ
ਇਹ ਆਪ ਕੱਢੇ ਖੰਭ
ਆਪੇ ਕੁਤਰਦਾ

ਜਿਊਣ ਦੀ ਇਕ ਰੌਸ਼ਨੀ
ਹੈ ਹਰ ਤਰਫ਼
ਤੇ ਮੌਤ ਦਾ ਸਾਇਆ ਵੀ
ਹਰ ਥਾਂ ਲਰਜ਼ਦਾ

ਉੱਬਲਦਾ ਸੂਰਜ
ਤੇ ਨ੍ਹੇਰਾ ਗਰਜਦਾ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਆਪ ਆਪਣਾ ਤੋੜ ਸ਼ਹਿਰ
ਆਪ ਆਪਣਾ ਜੋੜ ਸ਼ਹਿਰ
ਆਪ ਆਪਣੀ ਲੋੜ ਸ਼ਹਿਰ
ਹੈ ਬੜਾ ਮੂੰਹ-ਜ਼ੋਰ ਸ਼ਹਿਰ

ਆਪਣੇ ਆਪੇ 'ਚ
ਆਪੇ ਅਜਨਬੀ
ਉੱਜੜੇ ਥੇਹਾਂ 'ਚ
ਵੱਜਦੀ ਬੰਸਰੀ

ਸ਼ਹਿਰ ਹੈ ਦਰਿਆ
ਤੇ ਇਹ ਸਹਿਰਾ ਵੀ ਹੈ

ਬੁੱਧ ਹੈ,
ਹੈ ਮਾਰਕਸ ਇਹ
ਤੇ ਹੈ ਸ਼ੂਦਾ

ਸ਼ਹਿਰ ਹੈ ਜੰਗਲ
ਤੇ ਹੈ
ਜੰਗਲ 'ਚੋਂ ਵਿਕਸਤ ਫ਼ਲਸਫ਼ਾ

ਹਰ ਸੜਕ ਨਿਘਾਰ ਵੱਲ
ਤੇ ਹਰ ਦਿਸ਼ਾ ਵੱਲ ਸੂਲੀਆਂ

ਨਜ਼ਰ ਉਲਝੀ ਰਾਹ ਵਿਚ
ਤੇ ਕਦਮ ਵਿਚ ਚੁਰਸਤਿਆਂ

ਆਪ ਕੰਡੇ ਚੁਗ ਰਿਹਾ
ਤੇ ਆਪ ਕੰਡੇ ਬੀਜਦਾ

ਇਹ ਸ਼ਹਿਰ ਕਿੱਧਰੋਂ ਆ ਰਿਹਾ ?
ਇਹ ਸ਼ਹਿਰ ਕਿੱਧਰ ਜਾ ਰਿਹਾ ??



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

-ਦੋ-

ਤਾਕੀ ਵੱਲ ਤਾਕੀ ਖੁੱਲ੍ਹਦੀ ਹੈ
ਵੇਖਦਾ ਕੋਈ ਨਹੀਂ
ਦਰਵਾਜ਼ੇ ਵੱਲ ਦਰਵਾਜ਼ਾ ਵੇਖਦਾ ਹੈ
ਸੁਣਦਾ ਕੋਈ ਨਹੀਂ

ਵੱਡੀ ਸਾਰੀ ਇਮਾਰਤ ਹੈ
ਅਪਾਰਟਮੈਂਟਾਂ
ਕਮਰਿਆਂ ਵਿਚ ਵੰਡੀ

ਭੀੜ ਦੀ ਭੀੜ
ਆਉਂਦੀ, ਚਲੇ ਜਾਂਦੀ ਹੈ

ਕੰਧਾਂ ਵਿਚ ਵੱਸਦੀ ਵੱਸੋਂ
ਮਕਾਨ ਹੀ ਰਹਿੰਦੀ ਹੈ,
ਘਰ ਨਹੀਂ ਬਣਦੀ

ਹਰ ਦੀਵਾਰ ਦੀ ਵਿੱਥ 'ਤੇ
ਇਕ ਨਵਾਂ ਦੇਸ਼ ਹੈ
ਨਵਾਂ ਸ਼ਹਿਰੀ ਹੈ
ਆਪਣੇ ਦੁਆਲੇ
ਆਪਣੀ ਹੀ ਚਾਰਦੀਵਾਰੀ ਚੁੱਕੀ ਫਿਰ ਰਿਹਾ
ਏਸ ਨਗਰ ਦਾ ਹਰ ਫ਼ਰਦ ਅਜਨਬੀ ਹੈ

ਸੜਕਾਂ ਚੁਤਰਫ਼ੀ ਜਾਂਦੀਆਂ ਹਨ
ਦਾਇਰੇ ਜਿਹੇ 'ਚ ਮਿਲਦੀਆਂ, ਘੁੰਮਦੀਆਂ-
ਜੁਦਾ ਜੁਦਾ ਹੋ ਪਰਤ ਆਉਂਦੀਆਂ ਹਨ

ਏਸ ਵੱਡੀ ਇਮਾਰਤ ਨੂੰ ਜੁੜੀਆਂ
ਸੜਕਾਂ ਵਰਗੇ ਇਹ ਜੀਵ
ਸੂਰਜ ਲੈ ਕੇ ਤੁਰਦੇ ਹਨ
ਨ੍ਹੇਰਾ ਲੈ ਕੇ ਮੁੜਦੇ ਹਨ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਟੁੱਟਦੇ, ਫੈਲਦੇ, ਸੁਕੜਦੇ, ਜੁੜਦੇ ਹਨ
ਸੁਬਹ, ਸ਼ਾਮ ਆਪਣੇ ਆਪ ਵਿਚ ਕੁੜ੍ਹਦੇ ਹਨ

ਨੀਂਦ ਵਿਚ ਵੀ ਫਿਕਰਮੰਦ ਇਨ੍ਹਾਂ ਦੇ ਜ਼ਿਹਨ
ਬਿਜਲੀ-ਬੱਤੀਆਂ ਜਿਹੇ ਜਗਦੇ, ਜਾਗਦੇ ਰਹਿੰਦੇ ਹਨ
ਬੱਤੀਆਂ ਵਿਚ ਤਾਰੇ ਸਿਮਟ ਆਵਣ
ਚੰਦ, ਸੂਰਜ, ਪਿੰਡ, ਬ੍ਰਹਿਮੰਡ ਜਾਂ ਆਕਾਸ਼—
ਗਿਣਤੀ ਨੂੰ, ਲਗਾਤਾਰ, ਅਗਿਣਤੀ ਖਾ ਰਹੀ ਹੈ
ਤੇ ਅੰਕਾਂ ਨੂੰ ਸ਼ੂਨਯ

ਅੱਗ ਜੰਗਲ ਨੂੰ ਲੱਗੀ ਤੇ
ਮਹਾਂ ਨਗਰ ਰੌਸ਼ਨ ਹੈ

ਆਪਣੀ, ਆਪਣੀ ਰੌਸ਼ਨੀ ਚੁੱਕੀ ਲੋਕ
ਜੰਗਲ ਵਾਂਗ ਉੱਗ ਰਹੇ ਹਨ

ਜੰਗਲ ਦੀਆਂ ਰੌਸ਼ਨੀਆਂ ਵਿਚ
ਸ਼ਹਿਰ ਘਿਰ ਗਿਆ ਹੈ !!!

**-ਤਿੰਨ-**

**ੳ.**

ਸ਼ਹਿਰ ਬੇਆਰਾਮ ਹੈ—

ਰਾਤ, ਦਿਨ ਕੋਈ ਨਾ ਕੋਈ
ਦਨਦਨਾਉਂਦਾ ਹੋਇਆ ਲੰਘਦਾ ਹੈ
ਸੜਕ ਦੇ ਪਾਸੇ ਉੱਚੜ ਜਾਂਦੇ ਹਨ
ਅੰਦਰੇ ਅੰਦਰ, ਰੌਸ਼ਨੀ
ਕਿਰਨ, ਕਿਰਨ ਕੱਟੀ ਜਾਂਦੀ ਹੈ

ਝੱਗ ਸੁੱਟਣ ਵਾਲਾ
ਝੱਗ ਸੁੱਟਦਾ ਹੈ
ਲਹੂ ਥੁੱਕਦਾ ਹੈ
ਤੇ ਚਲੇ ਜਾਂਦਾ ਹੈ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਨ੍ਹੇਰੇ ਦੀ ਬੁੱਕਲ ਮਾਰੀ ਖੂੰਜੇ
ਸਭ ਕੁਝ ਵੇਖਦੇ ਹਨ :

ਸ਼ੋਰ
ਕਤਲ
ਕਾਲਾ ਵਿਓਪਾਰ
ਸਿਆਸਤ ਦੀ ਗਸ਼ਤੀ
ਸੂਈ ਬਾਜ਼ਾਰ

ਸੁੱਕੇ ਗਟਰਾਂ ਵਿਚ ਦੁਬਕੀ
ਢੇਰ ਕੂੜੇ ਵਿਚ ਰੁਲ ਰਹੀ
ਰਾਤ ਦਿਨ
ਜਾਗ ਬਣੀ ਜ਼ਿੰਦਗੀ

ਆਤੰਕ ਬਣੀ ਅਜ਼ਾਨ
ਕਿਰਪਾਨ ਤੇ ਤ੍ਰਿਸ਼ੂਲ
ਬਣੀ ਬੰਦਗੀ !

**ਅ.**
ਸ਼ਹਿਰ ਬੇਆਰਾਮ ਹੈ—

ਵੈਲੀਆਂ ਦੀ ਟੋਟ ਵਿਚ
ਛਿਣ, ਛਿਣ
ਟੁੱਟ ਰਿਹਾ

ਰਗਾਂ ਵਿਚ ਹੈਰੋਇਨ
ਮੈਰੇਵਾਨਾ
ਹਰ ਨਸ਼ਾ
ਜੁਰਮ, ਨਫ਼ਰਤ, ਈਰਖਾ

ਵੰਡ ਹੀ ਬਾਕੀ ਬਚੀ ਹੈ
ਆਦਮੀ ਨਹੀਂ ਰਿਹਾ
ਨਾ ਏਕਤਾ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਹਰ ਤਰਫ਼ ਇਕ ਸਹਿਮ ਹੈ
ਹਰ ਤਰਫ਼ ਇਕ ਭੈ ਜਿਹਾ !

**ੲ.**
ਸ਼ਹਿਰ ਬੇਆਰਾਮ ਹੈ

ਰੌਸ਼ਨੀ ਵਿਚ ਨੀਂਦ ਨਾ
ਨਾ ਨੀਂਦ ਹੈ ਵਿਚ ਨ੍ਹੇਰ ਦੇ

ਜੰਮਣ-ਸਮੇਂ ਤੋਂ ਲਗਾਤਾਰ
ਲੋਕ ਚਿੰਤਤ ਸ਼ਹਿਰ ਦੇ

ਊਂਘ ਦੇ ਵਿਚ ਤੁਰ ਰਹੇ
ਤੇ ਨੀਂਦ ਦੇ ਵਿਚ ਜਾਗਦੇ

**ਸ.**
ਸ਼ਹਿਰ ਬੇਆਰਾਮ ਹੈ—

ਰੌਸ਼ਨੀ ਦੇ ਪਤਲੇ ਜਿਹੇ
ਪਰਦੇ ਤੋਂ ਪਾਰ

ਇਸ ਤਰਫ਼
ਤੇ ਉਸ ਤਰਫ਼
ਉਸ ਤਰਫ਼
ਤੇ ਇਸ ਤਰਫ਼
'ਨ੍ਹੇਰ ਦਾ ਪਰਬਤ ਜਿਹਾ
ਹੈ ਉੱਠ ਰਿਹਾ

ਹਰ ਜ਼ਿਹਨ, ਹਰ ਸਿਹਨ 'ਤੇ
'ਨ੍ਹੇਰ ਦੇ ਪਰਬਤ ਦਾ ਸਾਇਆ
ਵਾਂਗ ਬੱਦਲ ਉੱਡ ਰਿਹਾ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਜਾਪਦਾ ਹੈ ਹਰ ਤਰਫ਼ ਤੋਂ
ਸ਼ਹਿਰ ਜੀਕੂੰ ਘਿਰ ਗਿਆ

**–ਚਾਰ–**

ਆਤਮਾ ਦੀ ਗੱਲ ਕਰਨੋਂ ਝਿਜਕਦਾ
ਰੱਬ 'ਤੇ ਵਿਸ਼ਵਾਸ ਤੋਂ ਕੁਝ ਖਿੜਕਦਾ

ਆਪਣੀ ਹਿੰਮਤ 'ਤੇ ਵੀ ਕਿੰਤੂ ਜਿਹਾ
ਆਪਣੀ ਬੁੱਧੀ 'ਤੇ ਕੁਝ ਕੁਝ ਦੰਗ ਜਿਹਾ
ਰੰਗ ਹਰ ਇਕ ਭੋਗਦਾ, ਬੇਰੰਗ ਜਿਹਾ

ਨਾਲ ਮਾਦੇ ਜੁੜ ਰਿਹਾ
ਤੇ ਵਿਚ ਮਾਦੇ ਟੁੱਟ ਰਿਹਾ

ਬੇਮੁੱਖ ਆਪਣੇ ਆਪ ਤੋਂ
ਅਗਿਆਤ, ਕਿੱਧਰ ਜਾ ਰਿਹਾ ?

ਹੁਣ ਦੀ ਹੁਣ ਜਿਉਂ ਜੀ ਰਿਹਾ
ਛਿਣ, ਛਿਣ ਦਾ ਜ਼ਹਿਰ ਪੀ ਰਿਹਾ

ਯਾਰ ਕਿਸੇ ਦਾ, ਨਾ ਨੇੜੇ ਆਪਣੇ
ਸਵਾਲੀਆ ਨਿਸ਼ਾਨ ਸੁਬਹ ਆਥਣੇ

ਸੱਚ ਤੋਂ ਮੁਨਕਰ, ਨਾ ਮੁਕਤੀ ਭਰਮ ਤੋਂ
ਹੁੱਬ ਹੁੱਬ ਬੈਠੇ ਡਰੇ ਹਰ ਕਰਮ ਤੋਂ

ਧਰਮ ਵਿਚ ਜੜ੍ਹਾਂ ਨਾ ਕੋਈ ਆਸਥਾ

ਨਜ਼ਰ ਤੱਕਦੀ ਹੈ ਖਲਾਅ
ਪੈਰ ਤੁਰਦੇ ਹਨ ਖਲਾਅ
ਸੋਚ ਬੁਣਦੀ ਹੈ ਖਲਾਅ
ਬੋਲ ਬਣਦੇ ਹਨ ਖਲਾਅ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਏਸ ਗੁੰਬਦ ਵਿਚ ਨਾ ਕੋਈ ਹੋਰ ਵਾਣੀ

ਪ੍ਰਤੀਧੁਨੀਆਂ ਵੀ ਖਲਾਅ
ਖਲਾਅ ਤੋਂ ਖਲਾਅ ਤੱਕ ਦੀ ਪ੍ਰਾਪਤੀ
ਖਲਾਅ ਤੋਂ ਖਲਾਅ ਤੱਕ ਦਾ ਫ਼ਾਸਲਾ

ਖਲਾਅ ਤੋਂ ਖਲਾਅ ਦੇ ਵਿਚ ਸਮਾਪਤੀ
ਰਿਸ਼ਤਿਆਂ ਦੀ ਭੀੜ ਵਿਚ ਕੱਲਾ ਜਿਹਾ

ਇਹ ਸ਼ਹਿਰ ਹੈ ਜਾਂ ਹੈ ਖਲਾਅ ?

**-ਪੰਜ-**

ਅੱਗ ਦੌੜੀ ਜਾ ਰਹੀ
ਹਰ ਸੜਕ 'ਤੇ
ਧੂੰਆਂ, ਧੂੰਆਂ ਹੋ ਰਿਹਾ
ਹਰ ਇਕ ਮਕਾਨ

ਵਿਸਫੋਟ ਹਨ ਕੁਝ ਭੂ-ਨਿਮਨ
ਆਕਾਸ਼ ਵਿਚ

ਚੋਰ-ਗਲੀਆਂ ਹਨ
ਹਰ ਵਿਸ਼ਵਾਸ ਵਿਚ

ਨਾਲਿਆਂ ਵਿਚ ਗੰਦਗੀ
ਤੇ ਗੰਦਗੀ ਵਿਚ ਹਨ ਜੜ੍ਹਾਂ

ਸ਼ੁੱਧ ਸੁਫਨੇ ਜਿਉਣ ਦੇ
ਅਸ਼ੁੱਧ ਜੀਵਨ ਵਿਚ ਰਗਾਂ

ਨਜ਼ਰ ਧੁੰਦਲੀ
ਸੋਚ ਗੰਧਲੀ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਟੁੱਟ ਰਿਹਾ
ਤੇ ਸੜ ਰਿਹਾ ਹੈ
ਸ਼ਹਿਰ ਵਿਚ ਸੁਆਰਥਾਂ !!!

**-ਛੇ-**

ਏਸ ਸ਼ਹਿਰ ਦੀ ਸਕਾਈ-ਸਕੇਪ
ਮਨੁੱਖ ਦੇ ਹੁਨਰ ਦਾ ਕਮਾਲ ਹੈ

ਈਸਾ ਨੂੰ ਸੂਲੀ ਚੜ੍ਹਾ ਦਿੱਤਾ
ਹਾਈ-ਰਾਈਜ਼ਰ ਅਸਮਾਨ ਪੁਚਾ ਦਿੱਤਾ

ਮਨੁੱਖ ਦੇ ਹੱਥਾਂ ਤੋਂ
ਨਾ ਈਸਾ ਵੱਡਾ ਹੈ
ਨਾ ਹਾਈ-ਰਾਈਜ਼ਰ

ਵੱਡੀਆਂ ਇਮਾਰਤਾਂ ਦੇ ਪੈਰਾਂ ਵਿਚ ਟੋਏ ਹਨ
ਕੁਝ ਹੱਥ ਹੱਕ ਖੋਹਣ
ਕੁਝ ਦੁਆ ਲਈ ਉੱਠ ਖੜੋਏ ਹਨ

ਨਿੱਕੇ ਤੇ ਵੱਡਾ ਅਸਵਾਰ ਹੈ
ਵੱਡੇ ਦਾ ਵਡੇਰਾ ਸਰਦਾਰ ਹੈ

ਦਰਜਾ ਬਦਰਜਾ ਹਰ ਕੋਈ
ਹਰ ਥਾਂ
ਸਵਾਰ ਹੋਣ ਲਈ ਤਿਆਰ ਹੈ

ਮਨੁੱਖ ਦਾ ਹੱਥ ਹੀ ਕਰਤਾ
ਮਨੁੱਖ ਦਾ ਰੱਬ ਹੀ ਕਿਰਦਾਰ ਹੈ !!!

**-ਸੱਤ-**

ਸ੍ਵੈ-ਰੱਖਿਆ ਲਈ
ਸਭ ਦੀ ਬਰਬਾਦੀ ਜ਼ਰੂਰੀ ਹੈ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਏਸ ਸ਼ਹਿਰ ਦੀ
ਇਹ ਮਜ਼ਬੂਰੀ

ਮਿਸਲਾਂ
ਪ੍ਰਮਾਣੂ-ਸ਼ਸਤਰਾਂ

ਤਾਰਿਕਾ-ਜੰਗਾਂ
ਕੁਟਿਲ ਨੀਤੀਆਂ
ਦਾ ਸਿਰਜਕ, ਸਾਧਕ—
ਬੁੱਧ ਬਣਿਆਂ
ਨਵਬਸਤੀਵਾਦੀ ਸ਼ਹਿਰ

ਛੋਟੀਆਂ, ਵੱਡੀਆਂ ਤਾਕਤਾਂ
ਖ਼ਾਹਿਸ਼ਾਂ
ਵਿਚ ਵੰਡ ਹੋਇਆ

ਪ੍ਰਸਪਰ ਕੈਅ ਦੀ ਨਿਰੰਤਰਤਾ ਵਿਚ ਵਿਚਰਦਾ ਹੈ !!!

ਰਵਿੰਦਰ ਰਵੀ ਇਕ ਕਵੀ ਹੈ, ਸਥਾਪਿਤ ਤੇ ਪ੍ਰਤੀਬੱਧ ਪੰਜਾਬੀ ਕਵੀ। ਇਸ ਬਾਰੇ ਕਿਸੇ ਨੂੰ ਵੀ ਕੋਈ ਸੰਸਾ ਤੇ ਸ਼ੰਕਾ ਨਹੀਂ। ਕਾਵਿ-ਚੇਤਨਾ ਰਵੀ ਦੀ ਸਹਿਜ ਪ੍ਰਾਪਤੀ ਹੈ ਜੋ ਉਸ ਨੂੰ ਕੁਦਰਤ ਦੇ ਵਰਦਾਨ ਵਜੋਂ ਹਾਸਲ ਹੋਈ ਹੈ, ਪਰੰਤੂ ਖਾਸ ਖਾਸ ਪ੍ਰਵਿਰਤੀਆਂ ਵਿਚ ਵਿਚਰਨ ਕਰਕੇ ਉਸ ਨੂੰ ਬੌਧਿਕ ਚੇਤਨਾ ਤੇ ਕੌਤਿਕ ਚੇਤਨਾ ਹੀ ਉਪਲਬਧ ਹੋਈ ਹੈ। ਸਹਿਜ ਕਾਵਿ-ਚੇਤਨਾ ਦੁਆਰਾ ਉਸ ਨੇ ਭਾਵਨਾ ਤੇ ਸੰਵੇਦਨਾ-ਮੂਲਕ ਕਾਵਿ-ਸਿਰਜਨਾ ਕੀਤੀ ਹੈ ਅਤੇ ਇਸ ਰੰਗ ਤੇ ਇਸ ਤਰਜ਼ ਦੇ ਕਈ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਕੀਤੇ ਹਨ। ਲੇਕਿਨ ਉਸ ਦੇ ਦੇਸ਼-ਵਿਦੇਸ਼ ਗਮਨ ਤੇ ਘੁਮੱਕੜ ਹੋਣ ਕਰਕੇ ਜਦ ਤੋਂ ਉਸ ਵਿਚ ਵਿਸ਼ਵ-ਚੇਤਨਾ ਤੇ ਅਧਿਕੌਤਿਕ ਚੇਤਨਾ ਸੰਚਾਰਿਤ ਹੋਈ ਹੈ ਉਸ ਦੀ ਕਾਵਿ-ਸਿਰਜਨ-ਪ੍ਰਕਿਰਿਆ ਵਿਚ ਨਵੇਂ ਨਵੇਂ ਪਾਸਾਰ ਰੂਪਮਾਨ ਹੋਏ ਹਨ। ਇਉਂ ਰਵੀ ਦੀ ਕਾਵਿ-ਸਿਰਜਨਾ ਵਿਚ ਕੌਤਿਕਤਾ ਨਾਲ ਅਧਿਕੌਤਿਕਤਾ ਦਾ ਅਤੇ ਭਾਵ-ਭੂਮੀ ਨਾਲ ਯਥਾਰਥ-ਭੂਮੀ ਦਾ ਅਜੀਬ ਸੁਮੇਲ ਹੋਂਦ ਵਿਚ ਆਇਆ ਹੈ। 'ਮਹਾਂ ਨਗਰ' ਕਵਿਤਾ ਉਸਦੀ ਭਾਵ-ਭੂਮੀ ਤੇ ਯਥਾਰਥ ਭੂਮੀ ਦੇ ਸੁਮੇਲ (ਸਮਨਵੈ) ਦੀ ਸਿਰਜਣ ਬਿਰਤੀ ਦੀ ਪੈਦਾਵਾਰ ਹੈ।

'ਮਹਾਂ ਨਗਰ' ਰਵੀ ਦੇ ਤਾਜ਼ਾ ਤਰੀਨ ਕਾਵਿ-ਸੰਗ੍ਰਹਿ 'ਸੂਰਜ ਤੇਰਾ ਮੇਰਾ'



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

(1989) ਵਿਚ ਸ਼ਾਮਲ ਕਵਿਤਾ ਹੈ। ਇਸ ਸੰਗ੍ਰਹਿ ਵਿਚ 'ਗੁੰਬਦਾਂ ਦਾ ਜੰਗਲ', 'ਤਿੜਕੀ ਹੋਈ ਇਕਾਈ', 'ਪਰਮਾਣੂ ਯੁੱਗ', 'ਬੇਅਰਥਤਾ' ਆਦਿ ਰਵੀ ਦੇ ਚਰਚਿਤ ਵਿਸ਼ਿਆਂ ਵਾਲੀਆਂ ਕਵਿਤਾਵਾਂ ਸੰਕਲਿਤ ਹਨ। ਪਰੰਤੂ 'ਮਹਾਂ ਨਗਰ' ਦਾ ਆਪਣਾ ਨਵੇਕਲਾ ਹੀ ਮਜ਼ਮੂਨ ਹੈ ਅਤੇ ਨਵੇਕਲਾ ਹੀ ਅੰਦਾਜ਼ ਹੈ।

'ਮਹਾਂ ਨਗਰ' ਇਕ ਖ਼ੁਦ-ਮੁਖ਼ਤਾਰ ਉਸਾਰੀ ਹੈ ਜੋ ਇਕ ਵਿਸ਼ਾਲ ਤੇ ਵਿਰਾਟ ਥੀਮ ਦੇ ਉਦਾਲੇ ਕੇਂਦਰਿਤ ਹੋਈ ਹੈ। ਇਸ ਕਵਿਤਾ ਦੀ ਬਿਰਤੀ ਬੌਧਿਕ ਤੇ ਚਿੰਤਨ-ਪਰਕ ਹੋਣ ਕਰਕੇ ਇਸ ਦਾ ਸੰਚਾਰ ਪਠਨਮੁਖ ਹੈ, ਉਚਾਰਨਮੁਖ ਜਾਂ ਗਾਇਨ ਮੁਖ ਨਹੀਂ। 'ਮਹਾਂ ਨਗਰ' ਵਰਗੀਆਂ ਵਿਰਾਟ ਬਿੰਬ ਵਾਲੀਆਂ ਕਵਿਤਾਵਾਂ ਦਾ ਤਸੱਵਰ ਕੋਈ ਕਲਪਨਾ-ਸ਼ੀਲ ਹੱਸਾਸ ਤੇ ਸੰਵੇਦਨਸ਼ੀਲ ਕਵੀ ਹੀ ਕਰ ਸਕਣ ਦੇ ਕਾਬਿਲ ਹੁੰਦਾ ਹੈ। ਕਵੀ, ਰਵੀ ਅਜਿਹਾ ਹੀ ਇਕ ਸੰਵੇਦਨਸ਼ੀਲ ਕਵੀ ਹੈ। ਕਵੀ ਨੂੰ ਜਿੱਥੇ ਕਿਤੇ ਕੋਈ ਥੁੜ, ਕਮੀ, ਵਿਸੰਗਤੀ, ਵੀਰਾਨਗੀ, ਉਦਾਸੀ ਤੇ ਬੇਇਨਸਾਫੀ ਦਿਖਾਈ ਦਿੰਦੀ ਹੈ, ਉਸੇ ਬਿੰਦੂ ਤੇ ਉਸ ਦੇ ਤਰਲ ਤੇ ਸੂਖਮ ਅਹਿਸਾਸ ਸਬੋਲ ਤੇ ਸਮੂਰਤ ਹੋ ਉੱਠਦੇ ਹਨ। ਚੇਤਨ, ਜੀਵਧਾਰੀ ਤੇ ਚਲਨਸ਼ੀਲ ਹੋਂਦਾਂ ਦੀ ਹਾਲਤ ਦਾ ਜ਼ਿਕਰ ਤਾਂ ਹਰ ਕੋਈ ਕਰ ਸਕਦਾ ਹੈ ਪਰ ਨਿਰਜੀਵ, ਅਮਾਨਵੀ, ਅਹਿੱਲ, ਜੜ੍ਹ ਤੇ ਅਚੇਤਨ ਕੁਦਰਤ ਦੀ ਅੰਦਰੂਨੀ ਸੂਰਤੇ-ਹਾਲ ਦਾ ਵਰਣਨ ਸਿਰਫ ਮਹਾਨ ਪ੍ਰਤਿਭਾਸ਼ਾਲੀ ਕਵੀ ਹੀ ਕਰਨ ਵਿਚ ਸਮਰਥ ਹੁੰਦਾ ਹੈ। 'ਮਹਾਂ ਨਗਰ' ਕਵਿਤਾ ਦਾ ਨਿਰਮਾਣ ਅਜੇਹੀ ਹੀ ਇਕ ਜੜ੍ਹ-ਜੰਗਮ ਵਸਤੂਗਤ ਹੋਂਦ ਦਾ ਸਚਿਤਰੀਕਰਨ ਹੈ ਜਿਸ ਵਿਚੋਂ ਰੱਬ ਜਾਣੇ, ਕਿੰਨੀਆਂ ਕਿੰਨੀਆਂ ਪ੍ਰਤੀਧੁਨੀਆਂ ਗੂੰਜ ਰਹੀਆਂ ਹਨ।

ਸੋ 'ਮਹਾਂ ਨਗਰ' ਕਵਿਤਾ ਕਵੀ ਦੇ ਤਿੱਖੇ ਅਹਿਸਾਸਾਂ, ਸੂਖਮ ਅਨੁਭਵਾਂ, ਜ਼ਿਹਨੀ ਤਸੱਵਰਾਂ ਤੇ ਕੰਬਣਸ਼ੀਲ ਤਜ਼ਰਬਿਆਂ ਦੀ ਤ੍ਰਾਸਦ ਗਾਥਾ ਹੈ ਜੋ ਜ਼ਾਹਰੀ ਵਿਰਾਟਤਾ ਪਿੱਛੇ ਅੰਤਰੀਵੀ ਲਘੂਤਾ ਤੇ ਅਦਨਾਪਣ ਦੇ ਅਹਿਸਾਸੇ-ਕਮਤਰੀਨ ਨੂੰ ਬੜੀ ਸ਼ਿੱਦਤ ਨਾਲ ਜ਼ਾਹਰ ਕਰਦੀ ਹੈ।

'ਮਹਾਂ ਨਗਰ' ਕਵਿਤਾ ਦੀ ਕਾਵਿਗਤ ਸੰਰਚਨਾ ਕਈਆਂ ਪਾਸਾਰਾਂ ਤੇ ਸਿਰਜਿਤ ਹੋਈ ਹੈ। ਰੂਪ-ਸੰਰਚਨਾ ਦੀ ਨਿਗਾਹ ਤੋਂ ਇਨ੍ਹਾਂ ਪਾਸਾਰਾਂ ਨੂੰ ਕਵੀ ਨੇ ਇਕ-ਦੋ ... ਸੱਤ ਅੰਕਾਂ ਦੇ ਸੰਕੇਤਕ ਵਰਗਾਂ ਰਾਹੀਂ ਪ੍ਰਗਟਾਇਆ ਹੈ। ਇਨ੍ਹਾਂ ਸੱਤਾਂ ਨੂੰ ਅੰਗ ਜਾਂ ਝਾਕੀਆਂ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਵਿਚ ਸੱਤ ਤਰ੍ਹਾਂ ਦੇ ਵਰਗੀਕਰਨ ਦੁਆਰਾ ਕਵੀ ਨੇ 'ਮਹਾਂ ਨਗਰ' ਦੀ ਅੰਤਰ-ਬਾਹਰ ਵਿਸੰਗਤ ਤੇ ਸੰਤ੍ਰਾਸਕ ਜ਼ਿੰਦਗੀ ਦੇ ਯਥਾਰਥਕ ਦ੍ਰਿਸ਼ਾਂ ਨੂੰ ਕਾਵਿਕ ਜੁਗਤਾਂ ਨਾਲ ਰੂਪਮਾਨ ਕੀਤਾ ਹੈ। ਇਉਂ 'ਮਹਾਂ ਨਗਰ' ਇਕ ਬਹੁ-ਅੰਗੀ ਕਵਿਤਾ ਹੋ ਨਿੱਬੜੀ ਹੈ ਲੇਕਿਨ ਇਕ ਕੇਂਦਰੀ ਥੀਮਕ ਇਕਾਈ ਵਿਚ ਬੱਝੀ ਹੋਣ ਕਰਕੇ ਇਹ ਕਵਿਤਾ ਇੱਕੋ ਨੁਕਤੇ ਤੇ ਸਿਮਟ ਜਾਂਦੀ ਹੈ।



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

'ਮਹਾਂ ਨਗਰ' ਦੀ ਸਿਰਜਨਾ ਪਿੱਛੇ ਕਵੀ ਦੀ ਜੋ ਕਾਵਿ-ਚੇਤਨਾ ਕਰਮਸ਼ੀਲ ਹੁੰਦੀ ਹੈ ਉਹ ਬਜ਼ਾਤੇ ਖ਼ੁਦ ਬਹੁਤ ਜ਼ਰਖੇਜ਼ ਤੇ ਸਿਰਜਨਸ਼ੀਲ ਹੈ। ਇਸ ਸਿਰਜਨਾ ਦਾ ਸੋਮਾ ਉਸਦੀ ਕਲਪਨਾ ਦੀ ਉਸਾਰੂ ਬਿਰਤੀ ਹੈ। ਇਹੋ ਕਾਰਨ ਹੈ ਕਿ ਕਵੀ ਨੇ ਵਿਸ਼ਵ ਤੇ ਬ੍ਰਹਿਮੰਡ ਦੇ ਮੱਦੇਨਜ਼ਰ ਆਪਣੀਆਂ ਦਿੱਬ ਚਸ਼ਮਾਂ ਰਾਹੀਂ ਮਹਾਂਨਗਰੀ ਬੋਧ ਦੇ ਵੱਖ ਵੱਖ ਨਜ਼ਾਰੇ ਪੇਸ਼ ਕੀਤੇ ਹਨ ਜੋ ਯਥਾਰਥ ਤੋਂ ਵੀ ਸੱਚੇ ਤੇ ਅੱਕ ਚੱਬਣ ਤੋਂ ਵੀ ਵੱਧ ਕੌੜੇ ਹੁੰਦੇ ਹੋਏ ਰਸਾਤਮਕ ਤੇ ਸੁਹਜਾਤਮਕ ਹਨ। ਸੋ ਅਜਿਹੀ ਦਿੱਬ-ਦ੍ਰਿਸ਼ਟੀ ਦਾ ਵਿਸਥਾਰ 'ਮਹਾਂ ਨਗਰ' ਕਵਿਤਾ ਵਿਚ ਉਪਰੋਕਤ ਸੱਤ ਝਾਕੀਆਂ ਦੇ ਮਾਧਿਅਮ ਰਾਹੀਂ ਫੈਲਿਆ ਹੋਇਆ ਹੈ, ਭਾਵੇਂ ਇਹ ਵਿਸਥਾਰ ਇਕ ਥੀਮਕ ਰਿਸ਼ਤੇ ਵਿਚ ਓਤਪ੍ਰੋਤ ਹੈ।

'ਮਹਾਂ ਨਗਰ' ਕਵਿਤਾ ਵਿਚਲੀ ਥੀਮਕ ਸਥਾਪਤੀ ਕਵਿਤਾ ਦੀ ਪਹਿਲੀ ਝਾਕੀ ਦੀ ਉਥਾਨਕਾ ਵਿਚ ਹੀ ਹੋਈ ਮਿਲਦੀ ਹੈ। ਪਹਿਲੀ ਝਾਕੀ ਦਾ ਪਰਦਾ ਕਵੀ ਦੇ ਇਨ੍ਹਾਂ ਬੋਲਾਂ ਰਾਹੀਂ ਉੱਠਦਾ ਹੈ :

**ਸ਼ਹਿਰ ਦੀ ਰਗ ਰਗ 'ਚ / ਜੰਗਲ ਸ਼ੋਰ ਦਾ**
**ਕੁਝ ਸਹਿਮ ਦਾ / ਕੁਝ ਕ੍ਰੋਧ ਦਾ**

ਏਥੇ ਸ਼ਹਿਰ ਇਕ personified ਹੋਂਦ ਹੈ ਜਿਸ ਤੋਂ ਸ਼ਹਿਰ ਵਾਸੀਆਂ ਦਾ ਭਾਵ ਇੱਛਤ ਹੈ। ਇਹ ਇਕ ਲੱਖਣਾਰਥੀ ਜੁਗਤ ਹੈ ਜੋ ਭਾਵ-ਵਿਸਥਾਰ ਨੂੰ ਸੰਘਣਾ ਕਰਨ ਵਿਚ ਮਦਦਗਾਰ ਹੁੰਦੀ ਹੈ। ਸ਼ਹਿਰਵਾਸੀ ਜਾਂ ਨਗਰਵਾਸੀ ਨਾ ਕਹਿ ਕੇ ਨਿਰਾ ਸ਼ਹਿਰ ਕਹਿਣਾ ਜਿੱਥੇ ਇਹ ਲੱਖਣਾਰਥੀ ਭਾਸ਼ਕ ਜੁਗਤ ਦਾ ਵਿਧਾਨ ਹੈ, ਉੱਥੇ ਇਹ ਇਕ ਬਿੰਬ-ਸਿਰਜਨਾ ਦਾ ਵੀ ਕਲਾ-ਪ੍ਰਯੋਗ ਹੈ।

ਇਸ ਆਰੰਭਕ ਕਾਵਿ-ਵਾਣੀ ਦੇ ਬੋਲਾਂ ਵਿਚੋਂ ਮਹਾਂਨਗਰ ਦੀ ਤ੍ਰਾਸਦਕ ਸਥਿਤੀ ਫੁੱਟ ਫੁੱਟ ਬਾਹਰ ਨਿਕਲਦੀ ਹੈ। ਆਮ ਲੋਕਾਂ ਲਈ ਮਹਾਂ ਨਗਰ ਇਕ ਹੈਰਾਨੀ ਭਰਿਆ ਪ੍ਰਸ਼ੰਸਨੀ ਪ੍ਰਪੰਚ ਹੁੰਦਾ ਹੈ ਪਰ ਕਵੀ ਨੇ ਇਸ ਮਹਾਂਨਗਰ ਦੀ ਰਗ ਰਗ ਵਿਚ ਵੱਸਦੀ ਅਤਿ ਭਿਆਨਕ ਤੇ ਘ੍ਰਿਣਿਤ ਤਰਜ਼ੇ ਜ਼ਿੰਦਗੀ ਦੀ ਤਲਾਸ਼ ਕਰਕੇ ਇਸ ਨੂੰ ਆਮ ਲੋਕਾਂ ਦੇ ਸਨਮੁਖ ਹਾਜ਼ਰ ਕੀਤਾ ਹੈ। ਇਹ ਇਕ ਵਿਰੋਧਾਭਾਸ (Paradox) ਹੈ ਜੋ ਕਵਿਤਾ ਦੇ ਪਹਿਲੇ ਬੋਲ ਤੋਂ ਉਸਰਨਾ ਸ਼ੁਰੂ ਹੋ ਜਾਂਦਾ ਹੈ। ਵਿਸ਼ਵ ਦੇ ਮਹਾਂਨਗਰਾਂ ਵਿਚ ਜੋ ਜੋ ਵਿਸੰਗਤੀਆਂ, ਅਣਮੇਲਤਾਵਾਂ, ਅੰਤਰ-ਦਵੰਦ ਤੇ ਵਿਰੋਧੀ ਸਥਿਤੀਆਂ ਹਾਜ਼ਰ ਹਨ, ਉਨ੍ਹਾਂ ਸਾਰੀਆਂ ਦਾ ਵਰਣਨ ਕਵੀ ਬੜੀਆਂ ਕਲਾ-ਜੁਗਤਾਂ ਨਾਲ ਕਰਦਾ ਹੈ।

ਸੋ ਪਹਿਲੀ ਝਾਕੀ ਵਿਚ ਮਹਾਂਨਗਰ ਦਾ ਚਰਿਤ੍ਰ ਅੰਕਿਤ ਹੋਇਆ ਹੈ। ਏਥੇ ਸਹਿਮ, ਕਰੋਧ, ਟੁੱਟਣ, ਤਿੜਕਣ, ਘੁਰਕਣ, ਗਰਜਣ, ਹਿੰਸਾ ਤੇ ਜੁਰਾਇਮ ਦੇ ਖੌਫ਼ਨਾਕ, ਵਿਕਰਾਲ ਤੇ ਭਿਅੰਕਰ ਨਜ਼ਾਰੇ ਉਜਾਗਰ ਹੋ ਰਹੇ ਹਨ ਅਤੇ ਜੱਰਾ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਜੱਰਾ ਅੱਗ ਦਾ ਭਾਂਬੜ ਬਣ ਰਿਹਾ ਹੈ। ਸ਼ਹਿਰ ਦਾ ਮਾਨਵੀਕਰਣ ਕਰਕੇ ਕਵੀ ਇਸ ਦੀ ਨਿੰਦਰਾਈ ਹਾਲਤ ਦਾ ਕਥਨ ਇਸ ਤਰ੍ਹਾਂ ਕਰਦਾ ਹੈ :

**ਨਜ਼ਰ ਗਹਿਰੀ / ਸ਼ਹਿਰ ਦੀ**
**ਅੱਖਾਂ 'ਚ ਲਾਲੀ / ਰੜਕਦੀ**

ਇਸ ਤੋਂ ਅੱਗੇ ਰੌਸ਼ਨੀਆਂ ਦੀ ਰੰਗਾ-ਰੰਗੀ ਦੇ ਐਨ ਬਰਾਬਰ ਮੌਤ ਦੇ ਸਾਏ ਦਾ ਵਰਣਨ ਅਤੇ ਦਰਿਆ ਦੇ ਬਰਾਬਰ ਸਹਿਰਾ (ਰੇਗਿਸਤਾਨ) ਦਾ ਵਰਣਨ ਪੇਸ਼ ਕਰਕੇ ਵਿਰੋਧਤਾਵਾਂ ਦੇ ਕੋਡ ਰਾਹੀਂ ਕਵਿਤਾ ਦੀ ਤਣਾਉ ਵਾਲੀ ਅਵਸਥਾ ਨੂੰ ਹੋਰ ਤੀਖਣ ਕੀਤਾ ਗਿਆ ਹੈ।

ਕਵੀ ਦੀ ਨਿਗਾਹ ਵਿਚ ਮਹਾਂਨਗਰ ਇਕ ਥੇਹ ਹੈ, ਇਕ ਬੀਆਬਾਨ ਜੰਗਲ ਹੈ ਜੋ ਬੇਗਾਨਗੀ, ਅਜਨਬੀਅਤ ਤੇ ਇਕੱਲਤਾ ਦੀ ਪੀੜ ਹੰਢਾ ਰਿਹਾ ਹੈ। ਕਵੀ ਨੂੰ ਅਫਸੋਸ ਹੈ :

**ਹਰ ਸੜਕ ਨਿਘਾਰ ਵੱਲ**
**ਤੇ ਹਰ ਦਿਸ਼ਾ ਵੱਲ ਸੂਲੀਆਂ**
**ਨਜ਼ਰ ਉਲਝੀ ਰਾਹ ਵਿਚ**
**ਤੇ ਕਦਮ ਵਿੱਚ ਚੁਰਸਤਿਆਂ।**

ਇਹ ਸ਼ਹਿਰ ਅਧੋਗਤੀ, ਪੱਤਨ, ਨਿਘਾਰ ਤੇ ਸੂਲੀਆਂ ਵੱਲ ਸਰਪਟ ਦੌੜ ਰਿਹਾ ਹੈ ਕਿਉਂਕਿ ਚੁਤਰਫੀਂ ਉਲਝਣਾਂ ਹੀ ਉਲਝਣਾਂ ਹਨ। ਇਸ ਤਰ੍ਹਾਂ ਇਸ ਝਾਕੀ ਵਿਚ ਕਵੀ ਨੇ ਸ਼ਹਿਰ ਤੇ ਸ਼ਹਿਰ ਵਾਸੀਆਂ ਦੀ ਪਤਨ-ਉਨਮੁਖ ਮਾਨਸਿਕਤਾ ਦੀ ਦਰਦੀਲੀ ਤਸਵੀਰ ਚਿਤ੍ਰਿਤ ਕੀਤੀ ਹੈ।

ਝਾਕੀ ਦੋ (2) ਸ਼ਹਿਰ ਦੀ ਬੇਗਾਨਗੀ ਨੂੰ ਸਮਰਪਿਤ ਹੈ। ਝਾਕੀ ਦੀ ਸ਼ੁਰੂਆਤ ਹੀ ਵਿਰੋਧੀ ਸਥਿਤੀਆਂ ਦੀ ਪੇਸ਼ਕਾਰੀ ਤੋਂ ਹੁੰਦੀ ਹੈ ਜਿਨ੍ਹਾਂ ਤੋਂ ਕਵਿਤਾ ਦੇ ਦਾਇਰੇ ਵਿਚ ਇਕ ਤਣਾਉ ਸਿਰਜਿਤ ਹੁੰਦਾ ਹੈ। ਕਵੀ ਕਹਿੰਦਾ ਹੈ :

**ਤਾਕੀ ਵੱਲ ਤਾਕੀ ਖੁੱਲ੍ਹਦੀ ਹੈ**
**ਵੇਖਦਾ ਕੋਈ ਨਹੀਂ।**
**ਦਰਵਾਜ਼ੇ ਵੱਲ ਦਰਵਾਜ਼ਾ ਵੇਖਦਾ ਹੈ**
**ਸੁਣਦਾ ਕੋਈ ਨਹੀਂ।**

ਘਰਾਂ ਨੂੰ ਕਵੀ ਮਕਾਨ ਹੀ ਕਹਿੰਦਾ ਹੈ, ਘਰ ਨਹੀਂ ਦੱਸਦਾ, ਇਹ house ਹੀ ਹਨ home ਨਹੀਂ ਹਨ, ਕਿਉਂਕਿ ਇਨਸਾਨੀ ਰਿਸ਼ਤੇ ਖਤਮ ਹਨ, ਕੋਈ ਅਪਣੱਤ ਨਹੀਂ, ਕੋਈ ਮਮਤਾ ਤੇ ਮੋਹ ਨਹੀਂ। ਮਹਾਂਨਗਰ ਦੀ ਭੀੜ ਏਨੀ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਬੇਨਿਆਜ਼, ਬੇਪਰਵਾਹ ਤੇ ਬੇਲਾਗ ਹੈ ਕਿ ਇਕ ਦੂਜੇ ਨੂੰ ਨਾ ਕੋਈ ਵੇਖਦਾ ਹੈ, ਨਾ ਕੋਈ ਸੁਣਦਾ ਹੈ, ਸਿਰਫ ਦਰਵਾਜ਼ੇ ਹੀ ਦਰਵਾਜ਼ਿਆਂ ਨੂੰ ਵੇਖਦੇ ਤੇ ਸੁਣਦੇ ਹਨ।

ਘਰਾਂ ਦੀਆਂ ਕੰਧਾਂ ਤੇ ਦੀਵਾਰਾਂ ਨੂੰ ਕਵੀ ਦੇਸ਼ਾਂ ਤੇ ਮੁਲਕਾਂ ਦੀ ਵੰਡ ਕਹਿੰਦਾ ਹੈ, ਕਿਉਂਕਿ ਹਰ ਮਹਾਂਨਗਰੀ ਫ਼ਰਦ ਜਾਂ ਵਸਨੀਕ ਆਪਣੇ ਆਲੇ-ਦੁਆਲੇ ਇਕ ਚਾਰਦੀਵਾਰੀ ਲਪੇਟ ਕੇ ਘੋਰ ਅਲਗਾਉ ਦੀ ਹਾਲਤ ਵਿਚ ਵਿਚਰ ਰਿਹਾ ਹੈ। ਪੱਛਮ ਦੀ ਪੂੰਜੀਵਾਦੀ ਉਦਯੋਗਿਕ ਸੱਭਿਅਤਾ ਨੇ ਇਨਸਾਨ ਨੂੰ ਇਨਸਾਨੀਅਤ ਤੋਂ ਵਾਂਝਾ ਕਰਕੇ ਮਸ਼ੀਨ ਦਾ ਇਕ ਪੁਰਜ਼ਾ ਹੀ ਬਣਾ ਦਿੱਤਾ ਹੈ ਅਤੇ ਉਹ ਆਰਥਿਕਤਾ ਵਿਚ ਨਪੀੜਿਆ ਹੋਇਆ ਸੁਬਹ ਘਰੋਂ ਨਿਕਲ ਕੇ ਸ਼ਾਮ ਨੂੰ ਅਨ੍ਹੇਰਾ ਹੀ ਅਨ੍ਹੇਰਾ ਢੋਂਦਾ ਤੁਰਿਆ ਜਾ ਰਿਹਾ ਹੈ। ਇਸ ਭਾਵ ਦੇ ਲਖਾਇਕ ਕਵੀ ਦੇ ਬੋਲ ਇਹ ਹਨ :

**ਏਸ ਵੱਡੀ ਇਮਾਰਤ ਨੂੰ ਜੁੜੀਆਂ**
**ਸੜਕਾਂ ਵਰਗੇ ਇਹ ਜੀਵ**
**ਸੂਰਜ ਲੈ ਕੇ ਤੁਰਦੇ ਹਨ**
**ਨ੍ਹੇਰਾ ਲੈ ਕੇ ਮੁੜਦੇ ਹਨ ...**
**ਸੁਬਹ ਸ਼ਾਮ ਆਪਣੇ ਆਪ ਵਿਚ ਕੁੜ੍ਹਦੇ ਹਨ।**

ਮਹਾਂਨਗਰ ਦੀ ਬੇਚੈਨੀ ਤੇ ਅੰਤਰ ਪੀੜ ਦੇ ਦ੍ਰਿਸ਼ ਅਗਲੀ ਤੀਜੀ ਝਾਕੀ ਵਿਚ ਉੱਭਰੇ ਹਨ। ਇਸ ਵਿਚ ਮਨੁੱਖ ਦੇ ਗਾਇਬ ਹੋਣ ਦੀ ਦੁਖਦਾਈ ਕਹਾਣੀ ਪਸਰੀ ਹੋਈ ਹੈ। ਮਹਾਂਨਗਰੀ ਮਨੁੱਖ ਅਪਰਾਧ-ਬਿਰਤੀ ਦਾ ਇੰਨਾ ਸਖ਼ਤ ਸ਼ਿਕਾਰ ਹੋ ਰਿਹਾ ਹੈ ਕਿ ਉਹ de-humanised ਹੀ ਬਣ ਗਿਆ ਹੈ। ਇਹ ਮਨੁੱਖ ਦੇ ਪਾਪਾਂ, ਜੁਰਮਾਂ, ਅਪਰਾਧਾਂ ਤੇ ਕੁਕਰਮਾਂ ਦੀ ਤਸਵੀਰ ਹੈ ਜੋ ਭਾਂਤ ਭਾਂਤ ਦੇ ਬਿੰਬਾਂ ਰਾਹੀਂ ਚਿਤਰਿਤ ਹੋਈ ਹੈ। ਮੁੱਖ ਤੌਰ ਤੇ ਇਸ ਵਿਚ ੳ, ਅ, ੲ, ਸ, ਚਾਰ ਬਿੰਬ-ਵਿਧਾਨ ਹਾਜ਼ਰ ਹਨ।

ਕਵੀ ਨੂੰ ਅਹਿਸਾਸ ਹੈ ਕਿ ਮਹਾਂਨਗਰ ਦੇ ਘੁੱਪ ਹਨ੍ਹੇਰੇ ਖੂੰਜਿਆਂ ਵਿਚ ਸ਼ੋਰੋ-ਗੁਲ, ਕਤਲ, ਅਪਰਾਧ, ਕਾਲਾ ਵਿਉਪਾਰ ਨਿਰੰਤਰ ਚੱਲਦਾ ਹੈ ਜਿੱਥੇ ਕੂੜੇ ਦੇ ਢੇਰਾਂ ਵਿਚ ਜ਼ਿੰਦਗੀ ਰੁਲ ਰਹੀ ਹੈ ਅਤੇ ਕਿਰਪਾਨ, ਤ੍ਰਿਸ਼ੂਲ ਤੇ ਹੋਰ ਮਾਰੂ ਹੱਥਿਆਰ ਇਕ ਬੰਦਗੀ ਵਾਂਗੂੰ ਨਿੱਤਨੇਮ ਬਣੇ ਹੋਏ ਹਨ :

**ਢੇਰ ਕੂੜੇ ਵਿਚ ਰੁਲ ਰਹੀ**
**ਰਾਤ ਦਿਨ / ਜਾਗ ਬਣੀ ਜ਼ਿੰਦਗੀ**
**ਆਤੰਕ ਬਣੀ ਅਜ਼ਾਨ**
**ਕਿਰਪਾਨ ਤੇ ਤ੍ਰਿਸ਼ੂਲ / ਬਣੀ ਬੰਦਗੀ**



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਮਹਾਂਨਗਰ ਦੇ ਇਕ ਹੋਰ ਖੂੰਜੇ ਵਿਚ ਹੈਰੋਇਨ, ਮੈਰੋਵਾਨਾ ਤੇ ਨਸ਼ੀਲੇ ਕੈਪਸੂਲਾਂ ਨਾਲ ਆਦਮੀ ਏਨਾ ਪਾਗਲ ਹੋ ਰਿਹਾ ਹੈ ਕਿ ਜੁਰਮ, ਨਫ਼ਰਤ ਤੇ ਈਰਖਾ ਨਾਲ ਉਸ ਦੀ ਮਾਨਵੀ ਸ਼ਖ਼ਸੀਅਤ ਪਾਟੀ ਜਾ ਰਹੀ ਹੈ ਅਤੇ ਉਹ ਭੈਅ ਤੇ ਸਹਿਮ ਵਿਚ ਸਿਰਫ ਸਾਹ ਹੀ ਲੈ ਰਿਹਾ ਹੈ, ਕੋਈ ਜੀ ਨਹੀਂ ਰਿਹਾ। ਇਸ ਹਾਲਤ ਬਾਰੇ ਕਵੀ ਨੂੰ ਕਿੰਨਾ ਦਰਦ ਹੈ, ਇਨ੍ਹਾਂ ਬੋਲਾਂ ਤੋਂ ਸੁਣੋ:

**ਵੰਡ ਹੀ ਬਾਕੀ ਬਚੀ ਹੈ**
**ਆਦਮੀ ਨਹੀਂ ਰਿਹਾ / ਨਾ ਏਕਤਾ।**

ਮਹਾਂਨਗਰਵਾਦ ਦਾ ਨਤੀਜਾ ਇਹ ਹੈ ਕਿ ਲੋਕ ਨਾ ਰੋਸ਼ਨੀ ਵਿਚ, ਨਾ ਨ੍ਹੇਰੇ ਵਿਚ ਹੀ ਸੌਂ ਸਕਦੇ ਹਨ ਬਲਕਿ ਸੁੱਤ-ਉਨੀਂਦੇ ਹੀ ਜੰਮਣ-ਸਮੇਂ ਤੋਂ ਲਗਾਤਾਰ ਤੁਰੇ ਜਾ ਰਹੇ ਹਨ। ਕਵੀ ਦੀ ਕਲਪਨਾ ਅੱਗੇ ਇਕ ਹੋਰ ਉਦਾਸ ਦ੍ਰਿਸ਼ ਫੈਲਦਾ ਹੈ ਜਦੋਂ ਉਹ ਰੌਸ਼ਨੀਆਂ ਦੇ ਪਤਲੇ ਜਿਹੇ ਪਰਦੇ ਤੋਂ ਪਾਰ ਨ੍ਹੇਰੇ ਦੇ ਬੱਦਲ ਵੇਖਕੇ ਗਮਗੀਨ ਹੋ ਜਾਂਦਾ ਹੈ। ਰੌਸ਼ਨੀ ਦਾ ਖਾਤਮਾ ਆਖਰਕਾਰ ਨ੍ਹੇਰੇ ਵਿਚ ਹੀ ਹੁੰਦਾ ਹੈ। ਇਸ ਅਹਿਸਾਸ ਦਾ ਬਿੰਬ ਪੇਸ਼ ਹੈ :

**ਹਰ ਜ਼ਿਹਨ, ਹਰ ਸਿਹਨ 'ਤੇ**
**ਨ੍ਹੇਰੇ ਦੇ ਪਰਬਤ ਦਾ ਸਾਇਆ**
**ਵਾਂਗ ਬੱਦਲ ਉੱਡ ਰਿਹਾ।**

ਮਾਦਾ-ਪ੍ਰਸਤੀ, ਭੌਤਿਕਤਾ, ਅਨਾਸਥਾ, ਭਟਕਣ ਤੇ ਸ਼ੰਕਾਵਾਦੀ ਬਿਰਤੀ ਦੇ ਕਾਵਿ-ਚਿੱਤਰ ਚੌਥੀ ਝਾਕੀ ਵਿਚ ਉਲੀਕੇ ਹੋਏ ਮਿਲਦੇ ਹਨ। ਕਵੀ ਦੀ ਉਕਤੀ ਹੈ।

**ਆਤਮਾ ਦੀ ਗੱਲ ਕਰਨੋਂ ਝਿਜਕਦਾ**
**ਰੱਬ 'ਤੇ ਵਿਸ਼ਵਾਸ ਤੋਂ ਕੁਝ ਥਿੜਕਦਾ ...**
**ਆਪਣੀ ਬੁੱਧੀ 'ਤੇ ਕੁਝ ਕੁਝ ਦੰਗ ਜਿਹਾ**
**ਰੰਗ ਹਰ ਇਕ ਭੋਗਦਾ ਬੇਰੰਗ ਜਿਹਾ।**

ਗੱਲ ਕੀ, ਪੱਛਮੀ ਮਹਾਂਨਗਰਾਂ ਵਿਚ ਅੱਜ ਦਾ ਮਨੁੱਖ ਇਕ ਸੁਆਲੀਆ ਨਿਸ਼ਾਨ ਬਣਿਆ ਖੜ੍ਹਾ ਹੈ। ਉਸ ਦੇ ਦਿਲ ਤੇ ਦਿਮਾਗ ਵਿਚ ਅਤੇ ਜ਼ਿਹਨ ਤੇ ਜ਼ਹਿਨੀਅਤ ਵਿਚ ਸ਼ੰਕਾ, ਗੈਰ-ਵਿਸ਼ਵਾਸੀ, ਰੱਬ ਤੇ ਸੱਚ ਤੋਂ ਇਨਕਾਰ ਸ਼ੱਕ-ਸ਼ੁੱਬ੍ਹਾ, ਉਲ-ਜਲੂਲਤਾ ਤੇ ਘੋਰ ਸਹਿਮ ਤੇ ਸੰਤ੍ਰਾਸ ਛਾਏ ਹੋਏ ਹਨ, ਉਹ ਦ੍ਰਿਸ਼ਾਹੀਨ ਹੋ ਕੇ ਭਟਕ ਰਿਹਾ ਹੈ, ਉਸ ਦੇ ਹਰ ਕਦਮ ਅੱਗੇ ਇਕ ਸ਼ੂਨਯਤਾ ਤੇ ਖਲਾਅ ਪੱਸਰਿਆ ਖੜ੍ਹਾ ਹੈ। ਉਹ ਰਿਸ਼ਤਿਆਂ ਦੀ ਟੁੱਟ-ਭੱਜ ਤੋਂ ਅਗਾਂਹ ਆਪਣੇ ਆਪ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਤੋਂ ਵੀ ਟੁੱਟ ਰਿਹਾ ਹੈ ਅਤੇ ਦਿਸ਼ਾਹੀਨ ਤੇ ਸੇਧਹੀਨ ਹੋ ਕੇ ਭਟਕ ਰਿਹਾ ਹੈ। ਮਾਡਰਨ ਮਨੁੱਖ ਦੀ ਤ੍ਰਾਸਦੀ ਇਨ੍ਹਾਂ ਕਾਵਿ-ਬੋਲਾਂ ਵਿਚ ਅੰਕਿਤ ਹੈ :

**ਬੇਮੁੱਖ ਆਪਣੇ ਆਪ ਤੋਂ**
**ਅਗਿਆਤ, ਕਿੱਧਰ ਜਾ ਰਿਹਾ ?**

ਮਹਾਂਨਗਰ ਕਵਿਤਾ ਦੀ ਪੰਜਵੀਂ ਝਾਕੀ ਵਿਚ ਤਾਜ਼ੇ ਪ੍ਰਤੀਕਾਂ ਦੀ ਸਿਰਜਨਾ ਹੋਈ ਹੈ ਜਿਨ੍ਹਾਂ ਦੇ ਮਾਧਿਅਮ ਦੁਆਰਾ ਕਵੀ ਨੇ 'ਸ਼ਹਿਰ' ਦੀ ਦੂਸ਼ਿਤ ਹਾਲਤ ਦਾ ਜ਼ਿਕਰ ਕੀਤਾ ਹੈ। ਕਵੀ ਬੋਲਦਾ ਹੈ :

**ਅੱਗ ਦੌੜੀ ਜਾ ਰਹੀ / ਹਰ ਸੜਕ 'ਤੇ**
**ਧੂੰਆਂ ਧੂੰਆਂ ਹੋ ਰਿਹਾ / ਹਰ ਇਕ ਮਕਾਨ**

ਅੱਗ ਇਕ ਪ੍ਰਤੀਕ ਹੈ, ਵਾਹਨਾਂ ਦੀ, ਕਾਰਾਂ ਤੇ ਟਰੱਕਾਂ ਦੀ। ਮਸ਼ੀਨਾਂ, ਕਾਰਖਾਨਿਆਂ ਦੇ ਧੂੰਏਂ, ਅੰਡਰ-ਗਰਾਊਂਡ ਵਿਸਫੋਟ, ਨਾਲਿਆਂ ਦੀ ਗੰਦਗੀ, ਸਭੋ ਕੁਝ ਏਨਾ ਅਸ਼ੁੱਧ ਵਾਤਾਵਰਨ ਹੈ ਕਿ ਨਜ਼ਰ ਧੁੰਦਲਾ ਗਈ ਹੈ ਅਤੇ ਸੋਚ ਗੰਧਲਾ ਗਈ ਹੈ। ਨਤੀਜੇ ਵਜੋਂ ਸ਼ਹਿਰ ਗਹਿਰੇ ਪ੍ਰਦੂਸ਼ਨ ਨਾਲ ਗਲ-ਸੜ ਰਿਹਾ ਹੈ। ਅਜੇ ਹੇ ਨਜ਼ਾਰੇ ਤੀਜੇ ਸੰਸਾਰ ਦੇ ਮਹਾਂਨਗਰਾਂ ਵਿਚ ਜ਼ਿਆਦਾਤਰ ਉਪਲਬਧ ਹਨ।

ਇਸ ਤਰ੍ਹਾਂ ਮਹਾਂਨਗਰਾਂ ਦੀ ਓਪਰੀ ਤੇ ਉਪਰਲੀ ਪੋਚਾਪੋਚੀ ਪਿੱਛੇ ਜੋ ਘੋਰ ਕਰੂਪਤਾ, ਘ੍ਰਿਣਾ ਤੇ ਸੂਗ ਮੌਜੂਦ ਹੈ, ਕਵਿਤਾ ਦੇ ਇਕ ਹਿੱਸੇ ਵਿਚ ਉਸ ਦੀ ਬੜੀ ਉਦਾਸ, ਤਰਸਯੋਗ ਤੇ ਬੀਭਤਸ ਭਾਵ (disgust) ਵਾਲੀ ਹਾਲਤ ਬਰੀਕ ਛੁਹਾਂ ਨਾਲ ਤਸਵੀਰੀ ਗਈ ਹੈ।

'ਮਹਾਂ ਨਗਰ' ਰਚਨਾ ਦਾ ਇਕ ਹੋਰ ਪਾਸਾਰ ਇਸ ਦੀ ਛੇਵੀਂ ਝਾਕੀ ਵਿਚ ਝਲਕਦਾ ਮਿਲਦਾ ਹੈ। ਮਹਾਂਨਗਰਾਂ ਵਿਚ ਧੌਣਾਂ ਚੁੱਕੀ ਉੱਸਰੇ ਬਹੁ-ਮੰਜ਼ਲੇ ਗਗਨਚੁੰਬੀ ਭਵਨਾਂ ਦੀ ਸ਼ਿਲਪ-ਕਲਾ ਲਈ ਮਨੁੱਖ ਦੇ ਹੁਨਰ ਅਤੇ ਉਸ ਦੇ ਹੱਥਾਂ ਦੀ ਕਰਾਮਾਤ ਦਾ ਕਵੀ ਅਭਿਨੰਦਨ ਕਰਦਾ ਹੈ। ਏਥੇ ਕਵੀ ਨੇ ਮਨੁੱਖ ਦੇ ਦਸਤੇ-ਮੁਬਾਰਕ ਦੇ ਪ੍ਰਕਾਰਜਾਂ (Functions) ਨੂੰ ਇਤਿਹਾਸਕ ਸੰਦਰਭ ਵਿਚ ਰੱਖ ਕੇ ਉਸ ਨੂੰ ਕਈਆਂ ਪੱਖਾਂ ਤੋਂ ਵਾਚਿਆ ਹੈ। ਮਨੁੱਖ ਦੇ ਹੱਥ ਇਕ ਪਾਸੇ ਈਸਾ ਨੂੰ ਸੂਲੀ ਚੜ੍ਹਾਉਂਦੇ ਹਨ, ਹਾਈ-ਰਾਈਜ਼ਰ ਇਮਾਰਤਾਂ ਦੀ ਉਸਾਰੀ ਕਰਦੇ ਹਨ, ਨਿਰਬਲਾਂ ਦੇ ਹੱਕ ਖੋਂਹਦੇ ਹਨ, ਪਰ ਦੂਜੇ ਪਾਸੇ ਇਹ ਹੱਥ ਰੱਬ ਦੀ ਹਜ਼ੂਰੀ ਵਿਚ ਦੁਆ-ਪ੍ਰਾਰਥਨਾ ਲਈ ਉੱਠ ਖਲੋਂਦੇ ਹਨ। ਕਵੀ ਦਾ ਕਥਨ ਹੈ :

**ਵੱਡੀਆਂ ਇਮਾਰਤਾਂ ਦੇ ਪੈਰਾਂ ਵਿਚ ਟੋਏ ਹਨ**
**ਕੁਝ ਹੱਥ ਹੱਕ ਖੋਹਣ**
**ਕੁਝ ਦੁਆ ਲਈ ਉੱਠ ਖੜੋਏ ਹਨ।**



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਕਵੀ ਦਾ ਸਿਧਾਂਤਕ ਸੰਕਲਪ ਹੈ ਕਿ ਮਨੁੱਖ ਦੇ ਹੱਥ ਕਰਤਾ ਵੀ ਹਨ ਅਤੇ ਕਿਰਦਾਰ ਵੀ, ਇਸੇ ਤਰ੍ਹਾਂ ਉਹ ਸ੍ਰਿਸ਼ਟਾ ਵੀ ਹਨ ਤੇ ਸਿਰਜਨਾ ਵੀ। ਕਰਤਾ ਤੇ ਕਿਰਦਾਰ ਦੇ ਇਸ ਅਦਵੈਤ ਨੂੰ ਇਨ੍ਹਾਂ ਸਤਰਾਂ ਵਿਚ ਵੇਖੋ :

**ਦਰਜਾ ਬਦਰਜਾ ਹਰ ਕੋਈ / ਹਰ ਥਾਂ**
**ਸਵਾਰ ਹੋਣ ਲਈ ਤਿਆਰ ਹੈ**
**ਮਨੁੱਖ ਦਾ ਹੱਥ ਹੀ ਕਰਤਾ**
**ਮਨੁੱਖ ਦਾ ਹੱਥ ਹੀ ਕਿਰਦਾਰ ਹੈ।**

ਅਖੀਰਲੀ ਸੱਤਵੀਂ (7) ਝਾਕੀ ਵਿਚ ਮਹਾਂਨਗਰ ਦੀ ਬੁੱਕਲ ਵਿਚ ਪਨਪ ਰਹੇ ਸਭ ਦੀ ਬਰਬਾਦੀ ਦੇ ਸਾਜ਼ੋ ਸਾਮਾਨ ਦਾ ਪਾਸਾਰ ਪੇਸ਼ ਹੋਇਆ ਹੈ। ਸ਼ੁਰੂ ਵਿੱਚ ਹੀ ਕਵੀ ਦਾ ਅਚੰਕਤ ਕਾਵਿ-ਕਟਾਖ ਕਾਬਿਲੇ-ਗੌਰ ਹੈ :

**ਸ੍ਵੈ-ਰੱਖਿਆ ਲਈ / ਸਭ ਦੀ ਬਰਬਾਦੀ ਜ਼ਰੂਰੀ ਹੈ**
**ਏਸ ਸ਼ਹਿਰ ਦੀ ਇਹ ਮਜ਼ਬੂਰੀ ਹੈ**

'ਸ੍ਵੈ-ਰੱਖਿਆ' ਮਹਾਂਨਗਰਾਂ ਦੇ ਉਸਰੱਈਆਂ ਦਾ ਕਿੰਨਾ ਕੁਲੇਖਾ ਤੇ ਭੁਲਾਵਾ ਭਰਿਆ ਫਾਰਮੂਲਾ ਹੈ। ਸ੍ਵੈ-ਰੱਖਿਆ ਦੇ ਫੱਟੇ ਹੇਠ ਸੰਸਾਰ ਦੀਆਂ ਮਹਾਂ ਸ਼ਕਤੀਆਂ ਕੁਟਿਲ ਨੀਤੀਆਂ ਤੇ ਚਾਲਾਂ ਨਾਲ ਪਰਮਾਣੂ ਅਸਤਰਾਂ-ਸ਼ਸਤਰਾਂ ਤੇ ਭਿਅੰਕਰ ਮਿਜ਼ਾਇਲਾਂ ਦੁਆਰਾ ਸਟਾਰ-ਵਾਰ (ਸਿਤਾਰਾ-ਸੰਗਰਾਮ) ਛੇੜਨ ਲਈ ਤੱਤਪਰ ਹਨ। ਇਸ ਤਰ੍ਹਾਂ ਇਨਸਾਨੀ ਹਸਤੀ ਨੂੰ ਨੇਸਤੋ-ਨਾਬੂਦ ਕਰਨ ਲਈ ਮੁਕੰਮਲ ਸਾਜ਼ੋ-ਸਾਮਾਨ ਤਿਆਰ ਹੋ ਰਹੇ ਹਨ। ਇਸ ਕਾਰਨ ਇਹ ਸ਼ਹਿਰ ਦਹਿਸ਼ਤ, ਆਤੰਕ, ਖੌਫ, ਡਰ ਤੇ ਭੈਅ ਦੇ ਸਾਏ ਹੇਠ ਭਿਆਨਕ ਬਰਬਾਦੀ ਦਾ ਮੁੰਤਜ਼ਿਰ ਬਣ ਰਿਹਾ ਹੈ। ਕਵੀ ਨੂੰ ਅਫਸੋਸ ਹੈ :

**ਛੋਟੀਆਂ ਵੱਡੀਆਂ ਤਾਕਤਾਂ**
**ਖਾਹਿਸ਼ਾਂ / ਵਿਚ ਵੰਡ ਹੋਇਆ,**
**ਪ੍ਰਸਪਰ ਭੈਅ ਦੀ ਨਿਰੰਤਰਤਾ ਵਿਚ ਵਿਚਰਦਾ ਹੈ।**

ਸਮੁੱਚੇ ਤੌਰ ਤੇ 'ਮਹਾਂ ਨਗਰ' ਕਵਿਤਾ ਦੀ ਵਸਤੂ ਤੇ ਥੀਮ ਅਤੇ ਕੱਥ ਤੇ ਕਥਨ ਏਨੀ ਸੁਸ਼ਕਤ ਤੇ powerful ਹੈ ਕਿ ਥੀਮ ਦੇ ਪਾਸਾਰਾਂ ਵਿਚੋਂ ਹੀ ਰੂਪ-ਸੰਰਚਨਾ ਦੇ ਵਿਭਿੰਨ ਪਾਸਾਰ ਉਦੈ ਹੋ ਰਹੇ ਹਨ। ਕਵੀ ਰਵੀ ਦੀ ਇਹ 'ਮਹਾਂ ਨਗਰ' ਸ੍ਰਿਸ਼ਟੀ ਨਾ ਪੂਰਬ ਵਿਚ ਵਾਕਿਆ ਹੈ ਨਾ ਪੱਛਮ ਵਿਚ ਹੀ, ਬਲਕਿ ਕਾਵਿ-ਜਗਤ ਦਾ ਇਹ 'ਮਹਾਂ ਨਗਰ' ਨਿਰਹੋਂਦ ਵਿਚੋਂ ਹੋਂਦਸ਼ੀਲ ਹੁੰਦਾ ਵਿਖਾਈ ਦੇ ਰਿਹਾ ਹੈ।


IInd on 27.12.2016, Ist on 12.12.16
D:/National/Jaspal Kaur Dr/Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਤਰ੍ਹਾਂ ਤਰ੍ਹਾਂ ਦੇ ਉਪਮਾਨਾਂ, ਮੈਟਾਫ਼ਰ, ਸਿੰਬਲ, ਮਿਥਾਂ, ਛੰਦਕ ਗਤੀਆਂ, ਬਹੁਪਰਤੀ ਭਾਸ਼ਕ ਪ੍ਰਯੋਗਾਂ ਆਦਿ ਕਲਾਤਮ ਜੁਗਤਾਂ ਦੁਆਰਾ ਇਹ 'ਮਹਾਂ ਨਗਰ' ਕਵਿਤਾ ਸਤਹੀ ਸੰਰਚਨਾ ਤੋਂ ਅੱਗੇ ਗਹਿਨ-ਸੰਰਚਨਾ ਵਿਚ 'ਰੂਪਾਂਤਰਿਤ' ਹੋਈ ਹੈ ਜਿਸ ਨੂੰ ਭਾਰਤੀ ਕਾਵਿ-ਸ਼ਾਸਤਰ ਵਿਚ 'ਧੁਨੀ ਕਾਵਿ' **(Poetry of Suggestivity)** ਕਿਹਾ ਜਾਂਦਾ ਹੈ। ਕਾਲ-ਮੁਕਤ ਤੇ ਸਥਾਨ-ਮੁਕਤ ਹੋ ਕੇ ਕਵੀ ਆਪਣੀ ਨਵਹੋਂਦ ਦੀ ਉਸਾਰੀ ਕਰਨ ਲਈ ਸਾਧਾਰਨੀ ਕਰਨ **(generalisation)** ਅਤੇ ਅਜਨਬੀ-ਕਰਨ **(de-familiarisation)** ਵਿਧੀਆਂ ਦਾ ਸਹਾਰਾ ਲੈਂਦਾ ਹੈ ਜਿਸ ਕਰਕੇ ਉਸ ਦੀ ਇਹ ਕਾਵਿ-ਸਿਰਜਨਾ ਸਰਬ-ਕਾਲੀਨ ਪਾਰਦਰਸ਼ੀ ਵਸਤੂ ਬਣ ਨਿਬੜੀ ਹੈ।

ਸੋਹਜ ਦੇ ਪਰਦੇ ਹੇਠ ਲੁਕੇ ਹੋਏ ਖੌਫਨਾਕ ਕੋਝ ਦਾ ਪਰਦਾ-ਫਾਸ਼ ਕਰਕੇ ਕਾਸਮੋਪਾਲੀਟਨ ਨਗਰਾਂ ਤੇ ਸ਼ਹਿਰਾਂ ਦੀ ਅਸਲੀ ਹਾਲਤ ਤੋਂ ਜਨ-ਸਮੂਹ ਨੂੰ ਚੇਤੰਨ ਕਰਨ ਵਿਚ 'ਮਹਾਂ ਨਗਰ' ਰਚਨਾ ਸੱਚਮੁਚ ਹੀ ਬੇਜੋੜ ਹੈ।

**-ਡਾ. ਪ੍ਰੇਮ ਪ੍ਰਕਾਸ਼ ਸਿੰਘ (ਕੈਨੇਡਾ)**



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

## ਦੀਪਕ

ਇਸ ਦੀਪਕ ਦੀ ਬਾਤ
ਮਿੱਟੀ ਤੋਂ ਵੱਡੀ ਹੈ।
ਅੱਜ ਫਿਰ ਮੈਨੂੰ
ਸੂਰਜ ਦੀ ਤੇਹ ਲੱਗੀ ਹੈ।

ਮਿੱਟੀ ਮਿੱਟੀ ਅੰਦਰ
ਸੂਰਜ ਕਿਵੇਂ ਬਲੇ !
ਜਿਸਮਾਂ ਦੀ ਖੋਹ ਪਈ ਹੈ
ਮੈਨੂੰ ਦਿਹੁੰ ਢਲੇ।

ਉਮਰ ਜਿਸਮ ਦੀ ਸੀਮਤ
ਤੇਹ ਦੀ ਮੁੱਕੇ ਨਾ !
ਅੰਦਰ ਅੱਥਰਾ ਘੋੜਾ
ਕਦੇ ਵੀ ਰੁਕੇ ਨਾ !

ਛਿਣ ਛਿਣ ਮੇਰੀ ਦੇਹੀ
ਫੈਲੇ, ਤਣ ਜਾਵੇ !
ਬੂੰਦਾਂ ਜੁੜ ਜੁੜ ਤੁਰਨ ਤਾਂ
ਸਾਗਰ ਬਣ ਜਾਵੇ !

ਰੋਮ ਰੋਮ ਵਿਚ ਸੂਰਜ
ਕਿਸ ਨੇ ਆ ਧਰਿਆ ?
ਰੋਮ ਰੋਮ 'ਚੋਂ ਮੇਰਾ
ਆਪਾ ਬਰਸ ਰਿਹਾ।

ਅੰਬਰੋਂ ਸੂਰਜ ਬਰਸੇ
ਸਾਗਰ ਵੀ ਬਰਸੇ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਕੈਸਾ ਮਹਾਂ-ਸੰਜੋਗ
ਧਰਾ ਅੰਬਰ ਪਰਸੇ।

ਜੇ ਆਈ ਏਂ, ਆ
ਕੋਈ ਗੱਲ ਕਰ ਲਈਏ।
ਦੇਹੀ ਦੇ ਵਿਚ ਸਾਗਰ
ਸੂਰਜ ਧਰ ਲਈਏ।

ਇਸ ਮਿੱਟੀ ਦਾ ਬਲਣਾ
ਇਕ ਪ੍ਰਕਾਸ਼ ਵੀ ਹੈ !
ਤੇਰੇ ਮੇਰੇ ਵਿਚ ਹੈ, ਕੋਂ
ਆਕਾਸ਼ ਵੀ ਹੈ !

ਤੂੰ ਹੈਂ ਮੇਰਾ ਅੱਧ
ਤੇਰੀ ਹਾਂ ਮੈਂ ਬਾਕੀ !
ਵੇਖ ਕਿਵੇਂ ਇਹ ਤੇਹ ਹੈ
ਆਪੂ ਤੋਂ ਆਕੀ !

ਇਸ ਦੀਪਕ ਦੀ ਬਾਤ
ਮਿੱਟੀ ਤੋਂ ਵੱਡੀ ਹੈ !
ਅੱਜ ਫਿਰ ਮੈਨੂੰ
ਸੂਰਜ ਦੀ ਤੇਹ ਲੱਗੀ ਹੈ !

ਰਵਿੰਦਰ ਰਵੀ ਆਧੁਨਿਕ ਪੰਜਾਬੀ ਕਵਿਤਾ ਦਾ ਵਿਸ਼ੇਸ਼ ਨਿੱਗਰ ਤੇ ਗੌਰਵਸ਼ੀਲ ਹਸਤਾਖਰ ਹੈ। ਨਵੀਨ ਪੰਜਾਬੀ ਸਾਹਿਤ ਦਾ ਕੋਈ ਵੀ ਇਤਿਹਾਸਕਾਰ ਉਸ ਦੀ ਨਿੱਗਰ ਸਾਹਿਤਕ ਦੇਣ ਨੂੰ ਹਉ-ਪਰੇ ਨਹੀਂ ਕਰ ਸਕਦਾ। ਉਸ ਦੀ ਹਰ ਕਵਿਤਾ ਮੌਲਕ ਜਿਹੇ ਨਵੇਂ ਮੁਹਾਵਰੇ ਤੇ ਪੈਰਾਡਾਈਮ ਵਾਲੀ ਹੁੰਦੀ ਹੈ। ਕਵੀ ਦੇ ਰੂਪ ਵਿਚ ਉਸ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਕਿਸੇ ਹੋਰ ਪੰਜਾਬੀ ਕਵੀ ਵਰਗਾ ਨਹੀਂ, ਉਹ ਬਿਲਕੁਲ ਨਿਵੇਕਲਾ ਆਪਣੇ ਵਰਗਾ ਕਵੀ ਹੈ। ਉਸ ਦੀ ਕਵਿਤਾ ਦਾ ਨਿਕਟ ਅਧਿਐਨ ਕਰੀਏ ਤਾਂ ਉਹ ਆਧੁਨਿਕਵਾਦੀ ਧਾਰਾ ਤੋਂ ਸਰਕ ਤੇ ਆਧੁਨਿਕ-ਬੋਧਕ ਰਹੱਸਵਾਦੀ ਧਾਰਾ ਤੇ ਪੁੱਜਦਾ ਦਿੱਸਦਾ ਹੈ। ਉਹ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਜੀਵਨ ਦੇ ਦੀਰਘ ਸੱਚ, ਇਸਦੇ ਅਸਤਿਤਵੀ ਸਰੋਕਾਰਾਂ 'ਚ ਉਤਰਨ ਵਾਲਾ ਡੂੰਘਾ ਕਵੀ ਹੈ।

ਕਵਿਤਾ 'ਦੀਪਕ' ਦੋ ਧਰਾਤਲਾਂ ਤੇ ਵਿਚਰਨ ਵਾਲੀ ਦੋ-ਅਰਥੀ ਕਵਿਤਾ ਹੈ। ਇਸ ਦਾ ਇਕ ਪੱਖ ਮਰਦ ਔਰਤ ਦੇ ਜਿਸਮਾਨੀ ਸਾਥ ਤੇ ਦੂਸਰਾ ਆਤਮਕ ਮੇਲ ਦੀਆਂ ਰੇਖਾਵਾਂ ਨੂੰ ਛੂੰਹਦਾ ਦਿੱਸਦਾ ਹੈ। ਇਹ ਚਿੰਨ੍ਹਵਾਦੀ ਦੋਹਰ-ਅਰਥੀ ਵਿਰੋਧ-ਜੁੱਟ ਵਾਲੀ ਕਵਿਤਾ ਹੈ। ਦੀਪਕ ਤੇ ਮਿੱਟੀ ਦੋ ਬਿੰਬਾਂ ਨੂੰ ਧਰਾਤਲ ਦੇ ਰੂਪ ਵਿਚ ਵਰਤ ਕੇ ਕਵੀ ਵਲੋਂ ਇਸ ਕਵਿਤਾ ਦਾ ਢਾਂਚਾ ਉਸਾਰਿਆ ਗਿਆ ਹੈ। ਸੂਰਜੀ ਬਿੰਬ ਆਤਮਕ-ਤੱਤ੍ਵ ਦੀ ਪ੍ਰਤੀਨਿਧਤਾ ਕਰਦਾ ਹੈ, ਮਿੱਟੀ ਸਰੀਰਕ ਜਾਂ ਕੌਤਕੀ ਤਤ੍ਵ ਦੀ। ਸੂਰਜ ਨੂੰ ਮਹਾਂ-ਸੱਤਾ ਪ੍ਰਕਾਸ਼ ਦੇ ਰੂਪ ਵਿਚ ਵੀ ਵਰਤਿਆ ਗਿਆ ਹੈ। ਸੂਰਜ ਸਦੀਵੀ ਪ੍ਰਕਾਸ਼ ਦਾ ਅਜਿਹਾ ਚਿੰਨ੍ਹ ਹੈ ਜੋ ਸਮਗਰ ਜੀਵਨ ਦਾ ਸੋਮਾ ਵੀ ਹੈ, ਜੀਵ-ਸੱਤਾ ਦਾ ਧੁਰਾ ਤੇ ਆਧਾਰ ਵੀ ਹੈ ਮਾਦੀ ਜਾਂ ਕੌਤਕ ਖੇਲ੍ਹ ਦੀ ਹੋਣੀ ਊਣੀ ਵੀ ਹੈ, ਅਧੂਰੀ ਵੀ ਹੈ। ਇਸੇ ਲਈ ਇਸ ਦੇ ਧੁਰ ਅੰਦਰ ਸੂਰਜੀ ਤਤ੍ਵ ਲਈ ਕੁੱਖ ਜਾਗੀ ਹੈ। ਸੂਰਜੀ ਪ੍ਰਕਾਸ਼ ਲਈ ਇਹ ਕੁੱਖ ਕੜਕੀ ਤਾਂ ਹੈ ਪਰ ਰਤਾ ਕੁਵੇਲੇ ਕੜਕੀ ਹੈ ਜਦੋਂ ਕਿ ਜਿਸਮ ਉਮਰ ਦੇ ਢਲਦੇ ਪਰਛਾਵਿਆਂ ਦੇ ਇੰਦਰਜਾਲ 'ਚ ਉਲਝ ਕੇ ਰਹਿ ਗਿਆ ਹੈ। ਕਵੀ ਨੂੰ ਗਿਆਨ ਪ੍ਰਾਪਤੀ ਹੈ ਕਿ ਜਿਸਮਾਂ ਦੀ ਹੋਂਦ ਤਾਂ ਸੀਮਤ ਹੈ ਪਰ ਕੌਤਕੀ ਜਿਸਮਾਂ ਉਹਲੇ ਜਿਸਮਾਂ ਪ੍ਰਤੀ ਲੁਕੀ ਤ੍ਰੇਹ ਅਸੀਮ ਹੈ। ਇਸੇ ਕਾਰਨਵਸ ਮਨ ਦਾ ਅੱਥਰਾ ਘੋੜਾ ਬੇਕਾਬੂ ਹੋ ਆਪੇ ਤੋਂ ਬਾਹਰ ਹੋ ਗਿਆ ਹੈ। ਇਹੋ ਕੌਤਕੀ-ਤਤ੍ਵਾਂ 'ਚ ਪਸਰੀ ਤਤਪਰਤਾ ਤੇ ਬੇਚੈਨੀ ਦਾ ਕਾਰਨ ਹੈ। ਇਹੋ ਅੰਦਰਵਰਤੀ ਤਨਾਅ ਦਾ ਸਾਧਨ ਬਣ ਗਿਆ ਹੈ ਜਿਸ ਦੇ ਇੰਦਰਜਾਲ 'ਚ ਉਲਝਿਆ ਬੇਵਸ ਅਸਤਿਤ੍ਵ ਫਟਕਣ ਦਾ ਸ਼ਿਕਾਰ ਹੋ, ਫੈਲਣ ਸੁਕੜਨ ਦੀ ਅਵਸਥਾ ਤਕ ਚਲਾ ਗਿਆ ਹੈ। ਏਸੇ ਸੰਕਟਮੁਖੀ ਸਥਿਤੀ 'ਚ ਉਲਝਿਆ ਕਵੀ ਸਥਿਤੀ ਪ੍ਰੀਵਰਤਿਤ ਪਥੈਟਿਕ ਫੈਲੇਸੀ ਦਾ ਸ਼ਿਕਾਰ ਹੋ ਨਿੱਬੜਦਾ ਹੈ। ਭਰਮ ਅਵਸਥਾ ਭੋਗ ਕੇ ਉਸ ਨੂੰ ਟੋਹ ਲਗਦੀ ਹੈ ਕਿ ਜਿਸ ਸੂਰਜ ਦੀ ਕੌਤਕੀ ਤੱਤ੍ਵਾਂ 'ਚ ਕੁੱਖ ਚਮਕੀ ਹੈ ਉਹ ਉਸ ਦੇ ਰੋਮ ਰੋਮ ਵਿਚ ਆ ਪ੍ਰਵੇਸ਼ਿਆ ਹੈ ਇਸੇ ਕਾਰਨ ਉਸ ਨੂੰ ਸੂਰਜੀ ਹੋਂਦ ਸਰਬ-ਵਿਆਪਕ ਹੋ ਚੁੱਕੀ ਪ੍ਰਤੀਤ ਹੁੰਦੀ ਹੈ। ਜੇ ਅੰਬਰੋਂ ਸੂਰਜੀ ਪ੍ਰਕਾਸ਼ ਛਹਿਬਰ ਲਾਈ ਬੈਠਾ ਹੈ ਤਾਂ ਦੂਸਰੀ ਓਰ ਉਸ ਦਾ ਪ੍ਰਤੀਰੋਧ ਸਾਗਰੀ ਛੱਲਾਂ ਵਿਚਲਾ ਉਮਾਹ ਵੀ ਤਤਪਰ ਹੋਇਆ ਦਿਸਦਾ ਹੈ। ਸੂਰਜ ਤੇ ਸਾਗਰ ਵਿਚਾਲੇ ਪਰਸਪਰ ਆਕ੍ਰਸ਼ਨ ਦੀ ਇਹ ਅਵਸਥਾ 'ਮਹਾਂ ਸੰਯੋਗ' ਵਾਲੀ ਉੱਚ ਅਵਸਥਾ ਆਖੀ ਜਾ ਸਕਦੀ ਹੈ। ਮਹਾਂ ਸੰਯੋਗ ਵਾਲੀ ਇਹ ਅਵਸਥਾ ਉਹ ਉਚ ਅਵਸਥਾ ਹੈ ਜਿਸ ਦੀ ਪ੍ਰਾਪਤੀ ਹਿੱਤ ਧਰਤ ਅੰਬਰ ਵੀ ਸਹਿਕਦੇ/ਤਰਸਦੇ ਦਿਸਦੇ ਨੇ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਕਵੀ ਆਪਣੀ ਦੀਪਕ ਵੰਨੀਂ ਆਕਾਸ਼ੀਲ ਪ੍ਰੇਮਿਕਾ ਨੂੰ ਸੁਝਾ ਦਿੰਦਾ ਹੈ ਕਿ ਕਿੰਨਾ ਚੰਗਾ ਹੋਵੇ ਜੇ ਉਨ੍ਹਾਂ ਦੇ ਪਰਸਪਰ ਉਦੇਸ਼ ਸਦਕਾ ਸੂਰਜ ਤੇ ਸਾਗਰ ਦਾ ਆਪਸੀ ਮੇਲ ਹੋ ਸਕੇ। ਇਸ ਤਰ੍ਹਾਂ ਉਨ੍ਹਾਂ ਦਾ ਅਸਤਿਤ੍ਵ ਸੂਰਜੀ ਬਿੰਬ ਵਾਂਗ ਨਾ ਕੇਵਲ ਪ੍ਰਕਾਸ਼ ਮੁਖੀ ਬਣ ਜਾਵੇਗਾ ਸਗੋਂ ਸਾਗਰ ਵਾਂਗ ਵਿਸ਼ਾਲ ਤੇ ਬੇਕਿਨਾਰ ਵੀ ਹੋ ਜਾਵੇਗਾ। ਕੌਂ ਅੰਬਰ ਵਾਂਗ ਉਨ੍ਹਾਂ ਦਾ ਅਸਤਿਤ੍ਵ ਦੋ ਅੱਧ-ਗੋਲਿਆਂ ਵਾਂਗ ਹੈ। ਇਕ ਅੱਧ-ਗੋਲੇ ਦੀ, ਦੂਸਰੇ ਅੱਧ-ਗੋਲੇ ਲਈ ਭਟਕਣ ਅਜੇਹੀ ਪ੍ਰਬਲ ਤ੍ਰੇਹ ਹੈ ਜੋ ਪੂਰਤੀ ਲਈ ਬੇਕਾਬੂ ਹੋ ਚੁੱਕੀ ਹੈ। ਕਿਉਂਕਿ ਇਹ ਤ੍ਰੇਹ ਅਪੂਰਤ ਹੈ ਇਸੇ ਲਈ ਇਹ ਅਮਿਟ ਜਿਹੀ ਬੇਸਬਰੀ-ਤ੍ਰੇਹ ਸਦੀਵੀ ਭਟਕਣ ਦਾ ਸਰੂਪ ਧਾਰਨ ਕਰ ਚੁੱਕੀ ਹੈ।

**-ਅਜਾਇਬ ਕਮਲ (ਕੀਨੀਆਂ)**



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

## ਆਪਣਾ ਆਪਣਾ ਈਸ਼ਵਰ

ਸਪਰਮ ਤੇ ਅੰਡੇ ਦਾ ਜੋੜ ਹਾਂ ਮੈਂ !

ਮੇਰੇ ਅੰਦਰ ਫੇਰ ਟੁੱਟ ਭੱਜ ਸ਼ੁਰੂ ਹੋ ਗਈ ਹੈ,
ਅੰਡਾ, ਸਪਰਮ ਤੋਂ ਟੁੱਟ ਰਿਹਾ ਹੈ !

ਹੱਵਾ ਆਦਮ ਦੀ ਮਾਂ ਸੀ ਜਾਂ ਧੀ ?
ਆਦਮ ਹੱਵਾ ਦਾ ਪਿਉ ਸੀ ਜਾਂ ਪੁੱਤ ?
ਇਨ੍ਹਾਂ ਦੋਹਾਂ ਰਲ ਕੇ ਰੱਬ ਕਿਉਂ ਅਤੇ ਕਿਵੇਂ ਸਿਰਜਿਆ ?

ਕੀ ਨਾ-ਮੁਕੰਮਲ ਹੋਣ 'ਚ ਹੀ,
ਮੁਕੰਮਲ ਹੋਣ ਲਈ ਤੁਰੇ ਰਹਿਣ ਦੀ ਅਭਿਲਾਸ਼ਾ ਹੈ ?
ਸਵੇਰੇ ਦੇ ਉਰਲੇ ਪਾਰ ਅਨ੍ਹੇਰਾ ਹੈ,
ਆਸ਼ਾ ਸੰਗ ਸਿੱਧ, ਪੁੱਠ ਵਾਂਗ ਨਿਰਾਸ਼ਾ ਹੈ !

ਰੇਤ, ਮਿੱਟੀ ਕਿਉਂ ਨਾ ਬਣੀ ਤੇ ਪਰਬਤ, ਧੂੜ ?

ਵਰੋਲਾ ਵੀ ਹਵਾ ਹੈ ਤੇ ਨ੍ਹੇਰੀ ਵੀ।
ਖੇੜਾ ਵੀ ਹਵਾ ਹੈ, ਸੂਲ ਤੇ ਮਹਿਕ ਵੀ !

ਜਦੋਂ ਪੱਤਰ ਨਹੀਂ ਹਿੱਲਦੇ,
ਪਲਕ ਨਹੀਂ ਝਪਕਦੀ,
ਤੇ ਨਜ਼ਰ ਪਾਰਦਰਸ਼ੀ ਫੈਲ ਜਾਂਦੀ ਹੈ
ਖੰਡ, ਬ੍ਰਹਮੰਡ ਵਿਚ—
ਹਵਾ ਉਦੋਂ ਵੀ ਹੁੰਦੀ ਹੈ, ਚਾਨਣ ਵਾਂਗ,
ਵੇਖਦੀ, ਮਹਿਕਦੀ, ਖੋੜਦੀ ...
ਜ਼ਿੰਦਗੀ ਨੂੰ ਤੋਰਦੀ !

ਹਵਾ, ਜਿਸ ਤੋਂ ਬਣੀ,
ਉਸ ਦਾ ਅੰਡਾ ਤੇ ਸਪਰਮ ਕਿਹੜਾ ਹੈ ?



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਬੱਦਲ, ਭਾਫ਼, ਬਰਖਾ ਤੇ ਬਰਫ਼
ਪਾਣੀ ਦੇ ਹੀ ਈਸ਼ਵਰੀ ਸਰੂਪ ਹਨ !

ਮੇਰੇ ਅੰਦਰਲਾ ਪਿਉ,
ਪੁੱਤਰ 'ਚ ਸਪਰਮ ਜਣ ਰਿਹਾ ਹੈ !
ਮੇਰੇ ਅੰਦਰਲੀ ਮਾਂ,
ਧੀ 'ਚ ਅੰਡੇ ਬਣ ਰਹੀ ਹੈ !

ਮੇਰੇ ਅੰਦਰ ...
ਫੇਰ ਟੁੱਟ ਭੱਜ ਸ਼ੁਰੂ ਹੋ ਰਹੀ ਹੈ !

ਅੰਡਾ, ਅੰਡਾ ਬਣ ਰਿਹਾ ਹੈ—
ਸਪਰਮ, ਸਪਰਮ ...
ਮੁੱਢੋਂ, ਸੁੱਢੋਂ ਫੇਰ ਸ਼ੁਰੂ ਹੋਣ ਲਈ ...
ਜੋ ਮੈਂ ਆਪ, ਆਪਣਾ ਈਸ਼ਵਰ ਨਹੀਂ, ਤਾਂ ਮੈਨੂੰ—
ਏਸ ਤੋਂ ਘੱਟ,
ਹੋਰ ਕੁਝ ਵੀ ਪਰਵਾਨ ਨਹੀਂ !!!

'ਆਪਣਾ ਆਪਣਾ ਈਸ਼ਵਰ' ਮਾਨਵੀ ਅਸਤਿਤ੍ਵਵਾਦੀ ਸਰੋਕਾਰਾਂ ਬਾਰੇ ਰਚੀ ਗਈ ਇਕ ਹੋਰ ਸੁੰਦਰ ਕਵਿਤਾ ਹੈ। ਅਸਤਿਤ੍ਵਵਾਦੀ/ਦਾਰਸ਼ਨਿਕ ਜਿਸ ਹੋਂਦ ਤੇ ਹੋਣ (Being and Becoming) ਬਾਰੇ ਗੱਲ ਕਰਦੇ ਨੇ ਇਹ ਕਵਿਤਾ ਉਨ੍ਹਾਂ ਸੂਤਰਾਂ ਵਿਚਲੇ ਸੱਚ ਦੇ ਧਰਾਤਲ ਤੇ ਖਲੋਤੀ ਹੈ। ਏਸ ਕਵਿਤਾ ਵਿਚ ਕਵੀ ਨੇ ਅੰਡਾ ਤੇ ਸਪਰਮ ਵਾਲਾ ਵਿਰੋਧ ਜੁਟ ਉਸਾਰਿਆ ਹੈ। ਅੰਡਾ ਤੇ ਸਪਰਮ ਹਾਂ-ਵਾਚਕ, ਨਾਂਹ-ਵਾਚਕ ਗੁਣਾਂ ਦੇ ਧਾਰਨੀ ਹੋਣ ਕਾਰਨ ਉਪਰੋਕਤ ਤਣਾਅ ਦੇ ਤਰ੍ਹ ਵੀ ਨੇ ਧੁਰੇ ਵੀ ਨੇ ਜੋ ਹੋਂਦ ਅਤੇ ਹੋਣ ਦੇ ਝਮੇਲੇ 'ਚ ਉਲਝੇ, ਜਗਿਆਸਾ ਨੂੰ ਸਿਰਜਕ ਤੇ ਸਿਰਜਣ ਦੀ ਸਮਸਿਆ ਵੱਲ ਧਰੂ ਲੈ ਜਾਂਦੇ ਨੇ। ਆਦਮ ਹੱਵਾ ਦੋਵੇਂ ਸਿਰਜਕ ਨੇ ਤੇ ਰੱਬੀ ਸੰਕਲਪ ਉਨ੍ਹਾਂ ਦੀ ਕਲਪਤ ਸਿਰਜਣਾ ਹੈ।

ਇਥੇ ਸਮੱਸਿਆ ਇਹ ਦਰਪੇਸ਼ ਹੈ ਕਿ ਆਦਮ ਹੱਵਾ ਭਾਵੇਂ ਕਿੰਨੇ ਹੀ ਜਨਮ ਧਾਰਨ ਕਰ ਲੈਣ। ਪਰ ਆਪਣੀ ਕਲਪਤ ਸਿਰਜਣਾ (ਰੱਬੀ ਸੰਕਲਪ) ਵਿਚਲੀ ਸੰਪੂਰਨਤਾ ਵਾਲੀ ਅਵਸਥਾ ਨੂੰ ਪ੍ਰਾਪਤ ਨਹੀਂ ਕਰ ਸਕਦੇ। ਭਾਵੇਂ ਤੋਰ ਵਰਗੀ ਭਾਲ ਵਾਲਾ ਇਹ ਸਫਰ ਨਿਰੰਤਰ ਚਾਲੂ ਰਹਿੰਦਾ ਹੈ। ਜੇ ਇਕ ਪਾਸੇ ਚਾਨਣ ਹੈ ਤਾਂ ਦੂਜੇ ਪਾਸੇ ਚਾਨਣ ਵਿਰੋਧੀ ਹਨੇਰੇ ਦਾ ਤੰਦ ਤਾਣਾ ਫੈਲਿਆ ਪਸਰਿਆ ਹੈ। ਜੇ ਇਕ ਪਾਸੇ ਆਸ਼ਾ ਦਾ ਚਮਕਾਰਾ ਹੈ ਤਾਂ ਦੂਜੇ ਪਾਸੇ ਨਿਰਾਸ਼ਾ ਦਾ ਜਾਦੂ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਜਾਲ ਵੀ ਹੈ। ਏਸ ਦੋਹਰੇ ਤਣਾਅ 'ਚ ਉਲਝਿਆ ਜੇ ਮਨੁੱਖਾ ਅਸਤਿਤ੍ਵ ਸੰਪੂਰਨ ਹੋ ਜਾਵੇ ਤਾਂ ਦੁਨਿਆਵੀ ਵਿਕਾਸ-ਧਰਾ ਦਾ ਸਾਰਾ ਖਲਜਗਣ ਹੀ ਸਮਾਪਤ ਹੋ ਜਾਵੇ। ਇਸੇ ਕਰਕੇ ਮਿੱਟੀ ਰੇਤ ਨਹੀਂ ਬਣ ਰਹੀ ਤੇ ਪਰਬਤ ਧੂੜ ਨਹੀਂ ਬਣ ਰਿਹਾ। ਬਾਹਰ ਵਰਤੀ ਨੁਮਾਇਸ਼ੀ ਪੱਧਰ ਤੇ ਵਰੋਲਾ, ਨ੍ਹੇਰੀ, ਖੇੜਾ, ਫੁੱਲ ਤੇ ਸੂਲ ਉਹਲੇ ਲੁਕੇ ਸੱਚ ਦੇ ਅਨੇਕ ਵਰਤੀ ਚਿਹਰੇ ਨੇ ਪਰ ਇਹਨਾਂ ਸਭਨਾਂ ਦਾ ਅਸਲ ਕੇਂਦਰ ਬਿੰਦੂ ਇਕ ਹੀ ਹੈ। ਜਦੋਂ ਮਾਨਵੀ ਮਨ ਮੌਨ ਸਥਿਤੀ 'ਚ ਵਿਚਰ ਰਿਹਾ ਹੁੰਦਾ ਹੈ ਤਾਂ ਨਜ਼ਰ ਦੇ ਪੱਲੇ ਵਿਸ਼ਾਲ ਕੋਨਕ ਹੋ ਕੇ ਪਾਰਗਾਮੀ ਹੋ ਜਾਂਦੇ ਨੇ। ਹਵਾ ਵਿਚਲਾ ਸੱਚ ਖੰਡਾਂ-ਬ੍ਰਹਿਮੰਡਾਂ ਦੀ ਨਾਭੀ ਤੀਕ ਪੱਸਰ ਜਾਂਦਾ ਹੈ। ਹਵਾ ਉਹਲੇ ਲੁਕਿਆ ਸੱਚ ਬੜਾ ਮਹਾਨ ਸੱਚ ਹੈ। ਇਹ ਜੀਵ ਸੱਤਾ ਦਾ ਸੱਚ ਹੈ :

**ਹਵਾ ਉਦੋਂ ਵੀ ਹੁੰਦੀ ਹੈ, ਚਾਨਣ ਵਾਂਗ**
**ਵੇਖਦੀ, ਮਹਿਕਦੀ, ਖੇਡਦੀ**
**ਜ਼ਿੰਦਗੀ ਨੂੰ ਤੋਰਦੀ**

ਇਹ ਇਕ ਗੱਲ ਤਾਂ ਨਿੱਬੜੀ, ਸਪਸ਼ਟ ਹੋਈ, ਪਰ ਇਸ ਦੀ ਤਹਿ ਥੱਲਿਓਂ ਜੋ ਨਵਾਂ ਪ੍ਰਸ਼ਨ ਉਤਪੰਨ ਹੋਇਆ, ਉਹ ਕੁਚਲਾਊ ਬਿਰਤੀ ਵਾਲਾ ਹੈ :

**ਹਵਾ ਜਿਸ ਤੋਂ ਬਣੀ**
**ਉਸਦਾ ਅੰਡਾ ਤੇ ਸਪਰਮ ਕਿਹੜਾ ਹੈ ?**
**ਪ੍ਰਸ਼ਨ ਦਾ ਭਾਵ ਹੈ : ਜੀਵ-ਸੱਤਾ ਦਾ ਸੋਮਾ ਕਿਹੜਾ ਹੈ ?**

ਬੱਦਲ, ਹਵਾ, ਬਰਖਾ, ਬਰਫ ਇਕ ਜੀਵ-ਸੱਤਾ ਤੇ ਸੱਚ ਦੇ ਬਦਲਵੇਂ ਰੂਪ ਤੇ ਰੂਪਾਕਾਰ ਹਨ ਪਰ ਇਨ੍ਹਾਂ ਦਾ ਸਮਗਰ ਵਾਹਣ ਤੇ ਪ੍ਰਕਿਰਿਆ ਇਕ ਹੈ। ਮਨੁੱਖ ਵਿਚਲਾ ਸਿਰਜਕ ਇੱਕੋ ਸਮੇਂ ਪਿਤਾ ਵੀ ਹੈ ਤੇ ਮਾਤਾ ਵੀ ਹੈ, ਪੁੱਤਰ ਵੀ ਹੈ, ਧੀ ਵੀ ਹੈ। ਮਨੁੱਖ ਅੰਦਰ ਹੋਂਦ ਅਤੇ ਹੋਣ ਵਿਚਾਲੇ ਫੈਲੀ ਤਣਾਈ ਕਿਰਿਆ ਅਧੀਨ ਨਿਰੰਤਰ ਟੁੱਟ ਭੱਜ ਚਾਲੂ ਰਹਿੰਦੀ ਹੈ। ਸਿਰਜਣ-ਕਰਮ ਨਿਰੰਤਰ ਚਾਲੂ ਰਹਿਣ ਨਾਲ ਨਿਰੰਤਰ ਨਵੀਨ ਤੇ ਮੌਲਕ ਵੀ ਬਣਿਆ ਰਹਿੰਦਾ ਹੈ :

**ਅੰਡਾ ਅੰਡਾ ਬਣ ਰਿਹਾ ਹੈ / ਸਪਰਮ ਸਪਰਮ**
**ਮੁੱਢੋਂ ਸੁੱਢੋਂ ਫੇਰ ਸ਼ੁਰੂ ਹੋਣ ਲਈ**

ਜੇ ਮਨੁੱਖ ਵਿਚਲਾ ਮਨੁੱਖ ਸਿਰਜਕ ਨਹੀਂ ਤਾਂ ਉਹ ਵਿਆਪਕਤਾ, ਵਿਸਥਾਰ ਵਾਲੀ ਵਿਸ਼ਾਲ ਸੀਮਾ ਨੂੰ ਪ੍ਰਾਪਤ ਨਹੀਂ ਕਰ ਸਕਦਾ। ਉਹ ਕੇਵਲ ਸੀਮਤ 'ਹੋਂਦ' ਹੋਵੇਗੀ, 'ਹੋਣਾ' ਨਹੀਂ ਤੇ ਇਹ ਸੀਮਤ ਸੱਚ ਕਵੀ ਨੂੰ ਪਰਵਾਨ ਨਹੀਂ।

**-ਅਜਾਇਬ ਕਮਲ (ਕੀਨੀਆਂ)**



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

## ਆਪਣੇ ਖ਼ਿਲਾਫ਼-1

ਸੁੱਤੇ ਸੁੱਤੇ ਤੁਰਨ ਦੀ ਆਦਤ,
ਤੁਰੇ ਤੁਰੇ ਖੜ੍ਹਨ ਦਾ ਝੱਲ,
ਬੈਠੇ ਬੈਠੇ ਉੱਠ ਖੜੋਣਾ,
ਚੁੱਪ ਵਿਚ ਵੀ ਬੁੜਬੁੜਾਉਣਾ,
ਅੱਥਰੂਆਂ ਵਿਚ ਮੁਸਕਰਾਉਣਾ,
ਰੋਣਹਾਕੀ ਹੂਕ ਵਿਚ ਵੀ ਗੁਣਗੁਣਾਉਣਾ,

ਨਿਹੋਂਦ ਦੇ ਮਲਬੇ 'ਚੋਂ ਬਣਨਾ,
ਹਾਈ-ਰਾਈਜ਼ਰ, ਹੋਂਦ ਵਿਚ ਆਉਣਾ,
ਸ਼ੂਨਯ ਖ਼ਲਾਅ ਦੀਆਂ 'ਨ੍ਹੇਰੀਆਂ ਕੰਦਰਾਂ ਵਿਚ,
ਪ੍ਰੇਤ-ਲੋਅ ਜਿਹੀ ਸੋਚ ਦਾ ਬਲਣਾ,
ਕਤਰਾ ਕਤਰਾ ਟੁੱਟਦੇ ਹੋਏ ਵੀ,
ਸੋਮੇ ਤੋਂ ਦਹਾਨੇ ਤਕ ਫੈਲ ਜਾਣਾ,
ਸਮੁੰਦਰ ਦੇ ਖੰਭ ਲਾ ਆਕਾਸ਼ ਢੱਕ ਲੈਣਾ,
ਆਪਣੀ ਪਿੱਠ 'ਤੇ,
ਸੂਰਜ ਦਾ ਮਚਦਾ ਭੱਠ ਚੁੱਕ ਲੈਣਾ—
ਡੁੱਲ੍ਹਦੇ ਡੁੱਲ੍ਹਦੇ ਵੀ, ਭਰ ਭਰ ਪੈਣਾ,
ਡਿੱਗਦੇ ਡਿੱਗਦੇ ਵੀ, ਉੱਠ ਉੱਠ ਬਹਿਣਾ,

ਭਰਦੇ ਭਰਦੇ ਵੀ, ਫਿਸ ਫਿਸ ਪੈਣਾ,
ਬੇਬੱਸ ਹੁੰਦਿਆਂ ਵੀ, ਹੁਮਹੁਮਾ ਲੈਣਾ,
ਜ਼ੱਰੇ ਜ਼ੱਰੇ 'ਚੋਂ, ਦਿਨ ਚੜ੍ਹਾ ਲੈਣਾ,
ਗੂੜ੍ਹੀ ਨੀਂਦਰੇ, ਕ੍ਰਾਂਤੀਆ ਜਾਣਾ,
ਸੱਚ 'ਚੋਂ ਸੁਪਨ, ਸੁਪਨ 'ਚੋਂ ਸੱਚ ਜਗਾ ਲੈਣਾ—
ਖ਼ੁਦ ਨੂੰ ਖੋ ਬਹਿਣਾ, ਖ਼ੁਦ ਨੂੰ ਪਾ ਲੈਣਾ !!!
ਇਹ ਕਿਹੀ ਦੌੜ ਹੈ ਆਪਣੇ ਖ਼ਿਲਾਫ਼ !!!
ਕੌਣ ਜਿੱਤੇਗਾ ???



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

# ਆਪਣੇ ਖ਼ਿਲਾਫ਼–2

ਸਿਰ 'ਤੇ ਚੁੱਕ ਕੇ ਸਾਗਰ,
ਬੱਦਲ ਨੱਸ ਪਿਆ।
ਲੰਮੇ ਪੰਧ ਮੁੱਕਣਗੇ ਕੀਕੂੰ ?
ਮੁੱਕਣੋਂ ਪਹਿਲਾਂ ਵੱਸ ਪਿਆ !

ਆਦਿ–ਕਾਲ ਤੋਂ ਦੌੜ
ਵਿਰੁੱਧ
ਕੇਵਲ ਆਪਣੇ !
ਮੁੱਕਿਆ ਬੱਦਲ,
ਪੰਧ ਦਾ ਪੰਧ ਤਾਂ
ਓਵੇਂ ਪਿਆ।
ਕਿੰਨੇ ਪਾਂਧੀ ਆਏ, ਆ ਕੇ ਚਲੇ ਗਏ—
ਪਰਬਤ, ਸਾਗਰ,
ਧਰਤੀ, ਅੰਬਰ, ਸੂਰਜ, ਤਾਰੇ,
ਪਿੰਡ, ਬ੍ਰਹਿਮੰਡ
ਥਿਰ ਰਹੇ !

ਲੜਿਆ ਭਿੜਿਆ ਜਦ ਵੀ ਮਾਨਵ ਨਾਲ ਕਿਸੇ,
ਅੰਦਰ ਦੀ ਜੰਗ ਘਟ ਘਟ ਬਰਸੀ ਆਪਣੇ 'ਤੇ !

ਦੌੜ ਕਿਸੇ ਨੇ ਇਸ ਨੂੰ ਸਮੇਂ ਦੇ ਨਾਲ ਕਿਹਾ,
ਕਿਸੇ ਨੇ ਇਸ ਨੂੰ ਸ਼ਕਤੀ, ਭਗਤੀ ਸਮਝ ਲਿਆ !

ਆਪਣਾ ਅੰਦਰ, ਜਦ ਵੀ ਵਣ ਦੇ ਵੱਸ ਪਿਆ,
ਬਾਹਰ ਜੰਗਲ,
ਅੰਦਰ ਜੰਗਲ,
ਹੇਠਾਂ ਜੰਗਲ,
ਉੱਪਰ ਜੰਗਲ,
ਹਰ ਥਾਂ ਜੰਗਲ ਹੱਸ ਪਿਆ !!!



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਸ਼ਬਦਾਂ ਤੇ ਅਰਥਾਂ ਵਿਚ ਯੁੱਧ ਵੀ ਇਵੇਂ ਰਿਹਾ,
ਜਿਵੇਂ ਨਿਕੰਢਾ ਦਰਿਆ, ਕੰਢੀਂ ਨੱਸ ਪਿਆ !

ਪ੍ਰਸੰਗਾਂ ਨੇ, ਸੰਕਲਪਾਂ ਨੂੰ ਬਦਲ ਲਿਆ :
ਜਲ ਨੂੰ ਬੱਦਲ, ਬਰਫ਼, ਨਦੀ, ਸਾਗਰ ਕਹਿਆ !
ਹਰ ਕੋਈ ਆਪਣੇ ਆਪ ਵਿਰੁੱਧ, ਜਿਉਂ ਦੌੜ ਰਿਹਾ ?

ਤਕਨਾਲੋਜੀ ਆਈ, ਬਦਲ ਮਸ਼ੀਨ ਬਣੀ,
ਬੁੱਧੀ ਸਾਡੀ ਕਲ-ਪੁਰਜ਼ਿਆਂ ਵਿਚ ਢਲੀ।
ਇਕ ਮਸ਼ੀਨ ਦੀ, ਦੂਜੇ ਦੇ ਸੰਗ, ਕਿਵੇਂ ਠਣੀ !

ਨਖਯੱਤਰਾਂ 'ਤੇ ਨਜ਼ਰਾਂ, ਜੰਗ ਦੇ ਬੀ ਬੀਜੇ—
ਵਾਦਾਂ ਸੰਗ, ਵਿਵਾਦ ਕਿਵੇਂ ਹਨ ਵਿਟਰ ਰਹੇ !

ਬਾਰੂਦਾਂ ਦੀ ਭੱਠ 'ਤੇ ਭਵਿੱਖ ਉਸਾਰ ਰਿਹਾ।
ਕੈਸਾ ਇਹ ਵਿਗਿਆਨਕ, ਸਭ ਨੂੰ ਮਾਰ ਰਿਹਾ !!!

ਏਧਰ ਦੌੜਾਂ
ਓਧਰ ਦੌੜਾਂ
ਹਰ ਪਾਸੇ ਹੀ ਦੌੜਾਂ ਹਨ—
ਵੱਡੇ ਵੱਡੇ ਦਾਈਏ, ਅੰਦਰ ਸੌੜਾਂ ਹਨ।

ਮਾਦੇ ਦੇ ਅਡੰਬਰ, ਸਭ ਕੁਝ ਨਿਗਲ ਲਿਆ,
ਕਿੱਥੇ ਹੈ ਮਾਨੁੱਖ ? ਮਨੁੱਖ ਵਿਚ ਨਹੀਂ ਰਿਹਾ।

ਛਾਂ ਦੀ, ਛਾਂ ਦੇ ਨਾਲ, ਦੌੜ ਪਰ ਜਾਰੀ ਹੈ,
ਕਾਇਆ ਕਰਮਾਂ-ਮਾਰੀ, ਬੁੱਧ ਖ਼ੁਆਰੀ ਹੈ।

ਕਿਸ ਨੇ ਕਿਸ ਨੂੰ ਲੈਣਾ ? ਕਿਸ ਨੇ ਸੰਗ ਚੱਲਣਾ ?
ਆਦਿ-ਕਾਲ ਤੋਂ ਜੰਗ, ਇਹ ਖ਼ੁਦ ਸੰਗ ਜਾਰੀ ਹੈ।



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਆਪਣੇ ਆਪ ਨੂੰ, ਆਪ ਕਦੇ ਤਾਂ ਮਾਰ ਲਿਆ,
ਦੂਜੇ ਸ਼ਤਰੂ ਆਖ ਕੇ, ਲਸ਼ਕਰ ਚਾੜ੍ਹ ਲਿਆ।

ਆਪੇ ਸੁੰਗੜੇ, ਫੈਲੇ, ਆਪੇ ਠੰਡੀ ਬਰਫ਼ ਬਣੇ,
ਆਪੇ ਲਾਵਾ, ਦਾਵਾਨਲ, ਭੂ-ਕੰਪ ਜਣੇ।

ਆਦਿ-ਕਾਲ ਤੋਂ, ਦੌੜ
ਵਿਰੁੱਧ ਕੇਵਲ ਆਪਣੇ,
ਮੁੱਕਿਆ ਬੱਦਲ,
ਪੰਧ ਦਾ ਪੰਧ ਤਾਂ
ਉਵੇਂ ਪਿਆ !

## ਆਪਣੇ ਖ਼ਿਲਾਫ਼-3

ਪੀੜ੍ਹੀਆਂ ਦੇ ਪਾੜੇ ਵਿਚਕਾਰ,
ਮੈਂ ਖੜ੍ਹਾ,
ਖਿਤਿਜ, ਤੇ ਸਮਾਂ।

ਪਲਕਾਂ ਵਿਚ,
ਡੁੱਬਦਾ ਚੜ੍ਹਦਾ ਸੂਰਜ !
ਅਖਵਾਨੇ 'ਚੋਂ,
ਅੰਦਰ ਵਲਾਂ ਫੁੱਟੀ,
ਨਿਰੰਤਰ ਰਾਗਣੀ : ਆਬਸ਼ਾਰ।

ਕੰਨਾਂ ਵਿਚ,
ਅੰਡਿਆਂ ਦੇ ਛੋਕਟ—
ਜਾਂ ਇਨ੍ਹਾਂ 'ਚੋਂ ਨਿਕਲ ਕੇ, ਉੱਡ ਗਏ,
ਪੰਖੀਆਂ ਦੀ ਫੜਫੜਾਹਟ।

ਕਲਾਕ ਨੇ, ਹੁਣੇ ਹੁਣੇ,
ਜ਼ਿੰਦਗੀ ਦੀ ਸ਼ਾਮ ਵਜਾਈ ਹੈ !


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਆਰਜ਼ੂ,
ਅੰਤ ਤੋਂ ਮੁਨਕਰ—
ਤੇ ਹੋਂਦ,
ਹੋਣ 'ਤੇ ਆਈ ਹੈ।

ਸਮਾਂ,
ਕਲਾਕ ਨਹੀਂ, ਅੰਕ ਨਹੀਂ—
ਦੇਹ ਤੋਂ ਰਿਹਾਈ ਹੈ।
ਆਪਣੇ ਖ਼ਿਲਾਫ਼, ਆਪਣੀ, ਸਮੇਂ ਦੀ,
ਇਹ ਕੈਸੀ ਦੁਹਾਈ ਹੈ !

'ਆਪਣੇ ਖ਼ਿਲਾਫ਼' ਰਵੀ ਦੁਆਰਾ ਰਚੀ ਚਿੰਤਨ-ਮੁਖੀ ਸ਼ਕਤੀਸ਼ਾਲੀ ਕ੍ਰਿਤ ਹੈ। ਜਿਸ ਦਾ ਬੈਕ ਡਰਾਪ ਅੰਤਰ ਵਿਰੋਧ-ਚਿੰਤਨ ਹੈ। ਅੰਤਰ ਵਿਰੋਧ-ਚੇਤਨਾ ਆਧੁਨਿਕ ਮਨੁੱਖ ਨਾਲ ਸਬੰਧਤ ਨਵੀਂ ਤੇ ਪ੍ਰਮੁੱਖ ਸਮੱਸਿਆ ਹੈ। ਏਸ ਸਮੱਸਿਆ ਦੇ ਫਲਸਰੂਪ ਅੱਜ ਦੇ ਮਨੁੱਖਾ ਮਨ 'ਚ ਅਨੇਕ ਗੁੰਝਲਾਂ ਤੇ ਵਿਵਿਧ-ਮੁਖੀ ਗੁੰਝਲਾਂ ਗੁੰਥੀਆਂ ਉਤਪੰਨ ਹੋਈਆਂ ਨੇ। ਅੰਤਰ-ਵਿਰੋਧ ਚਿੰਤਨ ਅਜੋਕੇ ਦੌਰ ਦੇ ਹਰ ਮਨੁੱਖ ਦੀ ਸਮੱਸਿਆ ਹੈ। ਜਿਸ ਪਾਸੇ ਰੋਮਾਂਸਵਾਦੀ ਪ੍ਰਗਤੀਵਾਦੀ ਧਾਰਾ ਦੇ ਕਵੀਆਂ ਦਾ ਲਗਭਗ ਧਿਆਨ ਹੀ ਨਹੀਂ ਗਿਆ। ਸਿਰਫ਼ ਨਵੀਨ ਕਾਵਿ-ਸੰਗਰਾਮੀਆਂ ਨੇ ਏਸ ਨਵੀਨ ਭਾਂਤੀ ਅਨੁਭਵ ਨੂੰ ਬਿਆਨਣ ਦਾ ਯਤਨ ਕੀਤਾ ਹੈ। ਰੂੜ੍ਹੀਵਾਦੀ ਪ੍ਰਗਤੀਵਾਦੀ ਧਾਰਾ ਤੋਂ ਹਟ ਕੇ ਲਿਖੀ ਨਵੀਨ ਚਿੰਤਨ ਤੇ ਸ਼ਿਲਪ ਵਿਧਾਨਾਂ ਵਾਲੀ ਕਵਿਤਾ ਨੂੰ ਰੂੜ੍ਹੀਵਾਦੀ ਲੇਖਕਾਂ/ਆਲੋਚਕਾਂ ਵਲੋਂ ਅੰਧਾ-ਧੁੰਦ ਨਿੰਦਣ ਦੀ ਭੇਡ ਚਾਲ ਜਿਹੀ ਪੈ ਚੁੱਕੀ ਹੈ। ਨਵੀਂ ਕਵਿਤਾ ਨੂੰ ਨਿੰਦਣ ਵੇਲੇ ਰੂੜ੍ਹੀਵਾਦੀ ਚੇਤਨਾ/ਸੰਵੇਦਨਾ ਵਾਲੇ ਲੇਖਕਾਂ ਕੋਲ ਅਜੇਹੀ ਕੋਈ ਠੋਸ ਨਿੱਗਰ ਤੇ ਮੰਨਣਯੋਗ ਦਲੀਲ ਨਹੀਂ ਹੁੰਦੀ ਕਿ ਉਹ ਇਸ ਨੂੰ ਕਿਉਂ ਨਿੰਦ ਰਹੇ ਨੇ। ਜਿਵੇਂ ਉਨ੍ਹਾਂ ਦੀ ਅਲਾਦੀਨ ਦੇ ਦੀਵੇ ਵਰਗੀ ਹੂੰਝਾ ਫੇਰੂ, ਗੰਦ ਸੁੱਟਣ ਵਾਲੀ ਉਲਾਰਮਈ ਬਿਆਨਬਾਜ਼ੀ ਨਾਲ ਹੀ ਨਵੀਂ ਤੇ ਆਧੁਨਿਕ ਚਿੰਤਨ/ਚੇਤਨਾ, ਸੰਵੇਦਨਾ ਦੀ ਮੰਗ ਅਨੁਸਾਰ ਰਚੀ ਕਵਿਤਾ ਭੈੜੀ, ਨਿਰਾਰਥਕ ਤੇ ਨੀਵੇਂ ਪੱਧਰ ਦੀ ਹੋ ਜਾਂਦੀ ਹੋਵੇ। ਪੜ੍ਹੇ ਲਿਖੇ ਪਾਠਕਾਂ ਲੇਖਕਾਂ ਵਲੋਂ ਅਜੇਹੀ ਉਲਾਰ-ਬਿਆਨਬਾਜ਼ੀ ਉਲਾਰ ਤੇ ਕਚੇਰੇ ਗਿਆਨ, ਦੂਸ਼ਤ ਅਧਿਐਨ ਤੇ ਕਮ-ਅਕਲੀ ਦਾ ਹੀ ਚਮਤਕਾਰ ਆਖੀ ਜਾ ਸਕਦੀ ਹੈ। ਕਿੰਨਾਂ ਚੰਗਾ ਹੋਵੇ ਜੇ ਰੋਮਾਂਸਵਾਦੀ ਪ੍ਰਗਤੀਵਾਦੀ ਧਾਰਾ ਦੀ ਲੀਹ ਤੋਂ ਹਟ ਕੇ ਲਿਖੀ ਨਵੀਂ ਆਧੁਨਿਕਵਾਦੀ ਕਾਵਿ-ਧਾਰਾ ਬਾਰੇ ਗੁਣੇ-ਗੁੜ੍ਹੇ ਲੇਖਕਾਂ, ਆਲੋਚਕਾਂ ਵਲੋਂ ਉਚੇਰੇ ਸਾਹਿਤਕ ਪੱਧਰ ਵਾਲਾ ਵਾਦ ਵਿਵਾਦ ਛੇੜਿਆ,


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਆਰੰਭਿਆ ਜਾਵੇ ਅਤੇ ਪ੍ਰਮਾਣ ਤੇ ਦਲੀਲ ਸਹਿਤ ਇਸ ਦਾ ਵਿਸਤ੍ਰਿਤ ਮੁਲਾਂਕਣ ਤੇ ਨਿਰੀਖਣ ਕੀਤਾ ਜਾਵੇ। ਆਧੁਨਿਕਵਾਦੀ ਕਾਵਿ-ਧਾਰਾ ਦੇ ਤਿੰਨ ਦਹਾਕੇ ਬਾਅਦ ਹਾਲੇ ਤਕ ਵੀ ਕਿਸੇ ਪ੍ਰਮੁੱਖ ਸਾਹਿਤ ਸਭਾ, ਸੰਸਥਾ ਤੇ ਵਿਸ਼ਵਵਿਦਿਆਲੇ ਵਲੋਂ ਏਸ ਅਜੋਕੇ ਸ਼੍ਰੋਮਣੀ ਸਾਹਿਤਧਾਰਾ ਬਾਰੇ ਕੋਈ ਚਰਚਾਯੋਗ ਵਾਦ ਵਿਵਾਦ, ਸੰਵਾਦ ਨਹੀਂ ਅਰੰਭਿਆ ਗਿਆ। ਇਹ ਅਗਿਆਨਤਾ ਤੇ ਅਣਗਹਿਲੀ ਦਾ ਸਬੂਤ ਵੀ ਹੈ, ਚੁੱਪ ਦੀ ਸਾਜਿਸ਼ ਦਾ ਪ੍ਰਗਟਾਵਾ ਵੀ ਹੈ। ਰਵੀ ਦੁਆਰਾ ਰਚੀ ਉਤਕ੍ਰਿਸ਼ਟ ਕਵਿਤਾ ਵੀ ਇਸੇ ਸਾਜ਼ਿਸ਼ ਦਾ ਸ਼ਿਕਾਰ ਹੋਈ ਹੈ।

ਕਵਿਤਾ "ਆਪਣੇ ਖ਼ਿਲਾਫ਼" ਦਾ ਵਿਵੇਕਸ਼ੀਲ ਨਿਰੀਖਣ ਕਰਦਿਆਂ ਗੱਲ ਅੰਤਰ ਵਿਰੋਧੀ ਚੇਤਨਾ ਦੀ ਚੱਲੀ ਸੀ। ਇਹ ਅੰਤਰ-ਵਿਰੋਧੀ ਚਿੰਤਨ ਹੀ ਅਜਿਹੀ ਦੀਰਘ ਤੇ ਵਿਕਟ ਸਮੱਸਿਆ ਹੈ ਜੋ ਅਜੋਕੇ ਮਨੁੱਖ ਲਈ ਅਕਿਰਿਆ, ਅਨਾਸਥਾ, ਦੋਚਿਤੀ ਤੇ ਏਸ ਸਭ ਕਾਸੇ 'ਚੋਂ ਉਪਜੇ ਸਰਬਰਾਹੇ ਵਿਸ਼ਾਦ ਵੱਲ ਲੈ ਜਾਂਦੀ ਹੈ। ਅਜੋਕੇ ਮਨੁੱਖ ਦਾ ਸਭ ਤੋਂ ਵੱਡਾ ਵਿਰੋਧੀ ਤੇ ਸ਼ਤਰੂ ਉਸ ਦਾ ਸਵੈ ਉਸ ਦਾ ਆਪਣਾ ਆਪਾ ਹੈ। ਅੱਜ ਦਾ ਮਾਨਵ ਸਾਬਤਾ ਸਬੂਤਾ ਮਨੁੱਖ ਨਹੀਂ; ਵਿਕੇਂਦ੍ਰਿਤ ਤੇ ਵਿਖੰਡਤ ਮਾਨਵ ਹੈ। ਉਹ ਕਈ ਟੁਕੜਿਆਂ, ਕਈ ਹਿੱਸਿਆਂ, ਕਈ ਫਾਕੜਾਂ 'ਚ ਵੰਡਿਆ ਹੋਇਆ ਹੈ ਜਿਨ੍ਹਾਂ ਵਿਚ ਪਲ ਪਲ ਪਿੱਛੋਂ ਕਦਮ-ਕਦਮ ਤੇ ਖਿੱਚਾ ਧੂਹੀ ਚਾਲੂ ਰਹਿੰਦੀ ਹੈ। ਅੱਧਾ ਵਿਅਕਤਿਤ੍ਵ 'ਮੈਂ' ਵੱਲ, ਅੱਧਾ 'ਅਮੈਂ' ਪਾਸੇ ਖਲੋਤਾ ਹੁੰਦਾ ਹੈ। ਇਹ ਅੱਧਾ ਹਾਂ-ਪੱਖੀ ਅਤੇ ਅੱਧਾ ਨਾਂਹ-ਪੱਖੀ ਹੋ ਨਿੱਬੜਿਆ ਹੈ। ਏਸ ਦੋ-ਪਾਸੀ ਖਿੱਚਾ ਧੂਹੀ ਦਾ ਪਰਿਣਾਮ ਇਹ ਨਿਕਲਿਆ ਕਿ ਅਸਤਿਤ੍ਵ ਵਿਹੂਣਾ ਮਨੁੱਖ ਜੜ੍ਹ-ਹੀਣ ਹੋ ਸੁੰਨ ਖਲਾਅ 'ਚ ਲਟਕਦਾ ਭਟਕਦਾ ਰਹਿ ਗਿਆ ਹੈ। ਇਸ ਕੋਲੋਂ ਸੇਧ ਵੀ ਖੁਸ ਗਈ, ਦਿਸ਼ਾ ਵੀ ਖੁਸ ਗਈ ਹੈ। 'ਮੈਂ' ਉਸ ਨੂੰ ਪੂਰਬ ਵੱਲ ਧਰੂ ਰਿਹਾ, 'ਅਮੈਂ' ਉਸ ਨੂੰ ਪੱਛਮ ਵੱਲ ਧਰੀਕ ਰਿਹਾ ਹੈ। ਇਹ ਇਸ ਲਈ ਵਾਪਰ ਰਿਹਾ ਹੈ ਕਿ ਮਨੁੱਖਾ ਵਿਅਕਤਿਤ੍ਵ ਦੇ ਦੋ-ਫਾਕੜ ਹੋਏ ਹਿੱਸੇ, ਇਕ ਦੂਜੇ ਦੇ ਪੂਰਕ ਨਹੀਂ ਬਣ ਰਹੇ ਸਗੋਂ ਸ਼ੱਤਰੂਆਂ ਵਾਂਗ ਵਿਰੋਧੀ ਪੱਖ ਲੈ ਕੇ ਇਕ ਦੂਸਰੇ ਵਿਰੋਧੀ-ਗੁਟ 'ਚ ਲਾਮ ਬੰਦ ਹੋਏ ਖਲੋਤੇ ਦਿਸਦੇ ਨੇ। ਏਸ ਪ੍ਰਕਿਰਿਆ ਵਸ ਮਨੁੱਖਾ ਅਸਤਿਤ੍ਵ ਇਕ ਇਕਾਈ ਨਹੀਂ ਰਹਿੰਦਾ, ਤਿੜਕ ਪਾਟ ਜਾਂਦਾ ਹੈ, ਠੀਕਰਾ ਠੀਕਰਾ ਹੋ ਜਾਂਦਾ ਹੈ। ਬਾਹਰ ਸ਼ਤਰੂ-ਫੌਜਾਂ 'ਚ ਚੱਲਦੀ ਜੰਗ ਸਾਨੂੰ ਦਿਸ ਪੈਂਦੀ ਹੈ। ਇਸੇ ਲਈ ਬਹੁਤ ਵਾਰੀ ਅਸੀਂ ਏਸ ਜੰਗ ਨੂੰ ਹਉ-ਪਰੇ ਤੇ ਅਣਗੌਲਿਆਂ ਕਰੀ ਰੱਖਦੇ ਹਾਂ। ਇਸੇ ਕਾਰਨ ਵਸ ਵਿਅਕਤੀ ਲਈ ਇਹ ਜੰਗ ਮਾਰੂ ਤੇ ਘਾਤਕ ਬਣ ਨਿੱਬੜਦੀ ਹੈ।'

'ਆਪਣੇ ਖਿਲਾਫ਼' ਦੇ ਪਹਿਲੇ ਭਾਗ ਵਿਚ ਕਵੀ ਆਧੁਨਿਕ ਮਨੁੱਖ ਦੀ ਅਜਿਹੀ ਵਿਸਫੋਟਕ ਸਮੱਸਿਆ ਨਾਲ ਹੀ ਦੋ ਚਾਰ ਹੁੰਦਾ ਹੈ। ਅੱਜ ਦਾ ਮਨੁੱਖ ਸੁੱਤਾ ਪਿਆ ਵੀ ਨੀਂਦਰ 'ਚ ਤੁਰ ਰਿਹਾ ਹੁੰਦਾ ਹੈ। ਤੁਰਿਆ ਜਾਂਦਾ ਵੀ ਖੜੋਤ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਅਵਸਥਾ 'ਚ ਗੜੂੰਦਿਆ ਪਿਆ ਹੈ। ਚੁੱਪ ਬੈਠਾ ਅੰਦਰੋਂ ਬੁੜ, ਬੁੜ ਕਰ ਰਿਹਾ ਹੁੰਦਾ ਹੈ। ਹੱਸ ਰਿਹਾ ਵੀ ਰੋ ਰਿਹਾ ਹੁੰਦਾ ਹੈ। ਹੋਂਦ 'ਚ ਅਣਹੋਂਦ, ਅਣਹੋਂਦ 'ਚ ਹੋਂਦ ਵਾਲੀ ਵਿਰੋਧ ਸਥਿਤੀ ਭੋਗ ਭੁਗਤ ਰਿਹਾ ਹੁੰਦਾ ਹੈ। ਦਿਖਾਵੇ ਖਾਤਰ ਅਖੰਡਤਾ ਦਾ ਭਰਮ ਪਾਲਦਾ ਹੋਇਆ ਵੀ ਅੰਦਰੋਂ ਵਿਖੰਡਤ ਹੋਇਆ ਪਿਆ ਹੁੰਦਾ ਹੈ। ਸਕੀਜ਼ੋ-ਫਰੀਨਕ ਮਨੁੱਖ ਵੀ ਇਹੋ ਜਿਹੀ ਹੀ ਮਾਨਸਕ ਦਸ਼ਾ ਹੁੰਦੀ ਹੈ ਨਾ ਉਸ ਦੇ ਸਿਰ 'ਚ ਸੋਚਾਂ ਦੀ ਨਾ ਵਿਚਾਰਾਂ ਦੀ ਲੜੀ ਜੁੜਦੀ ਹੈ। ਅੰਤਰ ਵਿਰੋਧੀ ਸਥਿਤੀ 'ਚ ਉਲਝੇ ਮਨੁੱਖ ਨੂੰ ਨਾ ਦਰਿਸ਼ਟੀ ਲੱਭਦੀ ਹੈ ਨਾ ਦਿਸ਼ਾ ਲੱਭਦੀ ਹੈ, ਨਾ ਮੰਜ਼ਲ। ਸੰਕਟ ਮਾਰਿਆ ਮਨੁੱਖ ਬੇਦਿਸ਼ਾਵੇ ਖਲਾਅ 'ਚ ਸਥਾਈ ਭਟਕਣ ਦਾ ਸ਼ਿਕਾਰ ਹੋਇਆ ਖਪਤ ਦਾ ਮਾਲ ਬਣ ਕੇ ਰਹਿ ਜਾਂਦਾ ਹੈ।

ਦੂਜਾ ਭਾਗ ਉਦਯੋਗੀਕਰਨ ਨਾਲ ਸਬੰਧਤ ਹੈ, ਅਪਣੀ ਗੱਲ ਕਹਿਣ ਲਈ ਕਵੀ ਨੇ ਬੱਦਲ ਤੇ ਸਾਗਰ ਦੇ ਜੁੱਟ ਨੂੰ ਲਿਆ ਹੈ। ਵਰਖਾ, ਪਾਣੀ, ਬੱਦਲ ਤੇ ਸਾਗਰ ਨੂੰ ਇਕ ਕੜੀ 'ਚ ਜੋੜਨ ਵਾਲੀ ਇਨ੍ਹਾਂ ਵਿਚਾਲੇ ਸਮੀਕਰਣ ਸਥਾਪਤ ਕਰਨ ਵਾਲੀ ਧਿਰ ਹੈ। ਬੱਦਲ ਤੇ ਸਾਗਰ ਉਸ ਵਿਰੋਧ ਸਥਿਤੀ ਦੇ ਚਿੰਨ੍ਹਵਾਦੀ ਪ੍ਰਤੀਨਿਧ ਹਨ। ਜਿਸਦਾ ਕਿ ਮੈਂ ਇਸ ਕਵਿਤਾ ਦੇ ਪਹਿਲੇ ਭਾਗ ਵਿਚ ਉਲੇਖ ਕੀਤਾ ਹੈ। ਬੱਦਲ ਦੀ ਹੋਂਦ ਹੋਣੀ, ਵੀ ਮਨੁੱਖਾ ਹੋਂਦ ਹੋਣੀ ਵਰਗੀ ਹੀ ਹੈ। ਸਾਮਿਅਕ ਪਰਵਾਹ 'ਚ ਢਲ ਕੇ ਮਨੁੱਖ ਵਿਨਾਸ਼ ਹੋ ਜਾਂਦਾ ਹੈ ਪਰ ਭੌਤਕੀ ਯਥਾਰਥ ਉੱਵ ਦਾ ਉੱਵ ਥਿਰ ਰਹਿੰਦਾ ਹੈ। ਪਰਬਤ, ਸਾਗਰ, ਅੰਬਰ, ਧਰਤੀ, ਪਿੰਡ, ਬ੍ਰਹਿਮੰਡ ਸਭ ਥਿਰ ਰਹਿਣ ਵਾਲੇ ਨੇ। ਪਰ ਮਨੁੱਖਾ ਹੋਂਦ ਅਸਥਿਰ ਵਸਤੂ ਹੈ। ਮਨੁੱਖ ਨੂੰ ਜਿਤਨੀ ਦੇਰ ਵੀ ਜੀਊਣਾ ਨਸੀਬ ਹੁੰਦਾ ਹੈ ਵਿਖੰਡਤ ਹੋ ਕੇ ਹੀ ਜੀਊਣਾ ਨਸੀਬ ਹੁੰਦਾ ਹੈ। ਭਰਮ ਅਵਸਥਾ 'ਚ ਫਸਿਆ ਗ੍ਰਸਿਆ ਵਿਖੰਡਤ ਆਪੇ ਵਾਲਾ ਇਹੋ ਆਂਤ੍ਰਕ ਤਣਾਅ ਹੀ ਮਨੁੱਖ ਲਈ ਸ਼ਕਤੀ ਤੇ ਭਗਤੀ ਬਣਿਆਂ ਰਿਹਾ ਹੈ। ਆਰੰਭਕ ਬਿੰਦੂ ਤੋਂ ਤੁਰ ਕੇ ਜਿਵੇਂ ਜਿਵੇਂ ਕਵਿਤਾ ਅੱਗੇ ਤੁਰਦੀ, ਵਿਕਾਸ ਕਰਦੀ ਹੈ, ਕਵੀ 'ਬੱਦਲ' ਦੇ ਬਾਹਰੀ ਰੂਪਾਕਾਰ ਨੂੰ ਇਨਟਰਨਾਲਾਈਜ਼ ਕਰ ਲੈਂਦਾ ਹੈ। ਇਹ ਬੱਦਲ ਜਦੋਂ ਮਨੁੱਖ ਅੰਦਰ ਕਣੀ ਕਣੀ ਹੋ ਕੇ ਵੱਸਦਾ ਹੈ, ਮਨੁੱਖ ਅੰਦਰ ਸੋਚਾਂ ਤੇ ਸਮੱਸਿਆਵਾਂ ਦਾ ਸਘਨ ਜੰਗਲ ਉਤਪੰਨ ਕਰਦਾ ਚਲਾ ਜਾਂਦਾ ਹੈ। ਜਿਸ ਦੇ ਗੋਰਖਧੰਦੇ 'ਚ ਉਲਝੇ ਸ਼ਬਦ ਤੇ ਅਰਥ ਇਕ ਦੂਸਰੇ ਦੀ ਪਛਾਣ ਭੁੱਲ ਕੇ ਇਕ ਦੂਸਰੇ ਨਾਲ ਉਲਝ ਕੇ ਗੁੱਥਮ ਗੁੱਥਾ ਹੁੰਦੇ ਰਹਿ ਜਾਂਦੇ ਨੇ। ਜੰਗਲ 'ਚ ਰਾਹ ਭੁੱਲ ਕੇ, ਦਿਸ਼ਾ ਗੁਆ ਬਹਿੰਦੇ ਨੇ। ਇਕ ਹੋਰ ਗੱਲ : ਪ੍ਰਸੰਗਾਂ ਨੇ ਜਦੋਂ ਸੰਕਲਪਾਂ ਦੀ ਰੂਪ ਰੇਖਾ ਬਦਲ ਦਿੱਤੀ ਤਾਂ ਪਾਣੀ ਨੂੰ ਹੀ ਬੱਦਲ, ਭਾਫ, ਨਦੀ, ਸਾਗਰ ਆਦਿ ਦਾ ਨਾਂ ਦਿੱਤਾ ਜਾਣ ਲੱਗ ਪਿਆ। ਤਕਨਾਲੋਜੀ ਦਾ ਯੁੱਗ ਆਇਆ ਇਸ ਨਾਲ ਮਨੁੱਖ ਤੇ ਮਸ਼ੀਨ ਵਿਚਾਲੇ ਟੱਕਰ ਆਰੰਭ ਹੋ ਗਈ। ਮਨੁੱਖ ਤੇ ਮਸ਼ੀਨ ਵਿਚਲੀ ਟੱਕਰ ਨਾਲ ਅੱਗੇ ਹੋਰ ਕਈ ਟੱਕਰਾਂ ਆਰੰਭ ਹੋ ਗਈਆਂ। ਮਨੁੱਖ ਤੇ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਉਸ ਦੇ ਸਵੈ ਵਿਚਾਲੇ ਟੱਕਰ। ਮਨੁੱਖ ਤੇ ਮਨੁੱਖ ਵਿਚਾਲੇ ਟੱਕਰ। ਮਨੁੱਖ ਤੇ ਪ੍ਰਕਿਰਤੀ ਵਿਚਾਲੇ ਟੱਕਰ। ਮਸ਼ੀਨ ਤੇ ਮਸ਼ੀਨ ਵਿਚਾਲੇ ਟੱਕਰ। ਵਾਦਾਂ ਤੇ ਵਿਵਾਦਾਂ ਵਿਚਾਲੇ ਟੱਕਰ। ਭਿਆਨਕ ਜੰਗਾਂ। ਉਸਾਰੂ ਵਿਗਿਆਨਕ ਪ੍ਰਵਿਰਤੀਆਂ, ਮਾਰੂ ਤੇ ਘਾਤਕ ਪ੍ਰਵਿਰਤੀਆਂ, ਮਨੁੱਖ ਤੇ ਮਨੁੱਖ ਵਿਚਾਲੇ ਮਾਰੂ ਮੁਕਾਬਲਾ, ਸੈਹਾ ਦੌੜ, ਮਨੁੱਖ ਨੇ ਮਨੁੱਖ ਦਾ ਨਿਘਾਰ ਆਰੰਭ ਦਿੱਤਾ। ਮਨੁੱਖ ਆਪਣੀ ਰਚਨਾ ਦਾ ਆਪ ਬੰਦੀਵਾਨ ਬਣ ਨਿੱਬੜਿਆ। ਇਹ ਸਾਰੀ ਆਪੋ ਧਾਪੀ, ਇਹ ਸਾਰਾ ਕਨਫੀਊਯਨ ਸਕੀਜੋਫਰੀਨਕ ਵਿਖੰਡਤ ਮਨੁੱਖ ਦੀ ਵਿਖੰਡਤ ਸੋਚ ਦਾ ਸਿੱਟਾ ਹੈ। ਇਸੇ ਲਈ ਆਤਮ-ਸੱਤਾ ਦਾ ਸਰਵਨਾਸ ਹੋ ਰਿਹਾ ਹੈ। ਮਨੁੱਖ ਉੱਚ ਆਤਮ ਅਵਸਥਾ ਤੋਂ ਨਿੱਘਰ ਕੇ ਭੌਤਿਕਵਾਦੀ ਪਸ਼ੂ-ਪੱਧਰੇ ਧਰਾਤਲ ਤੇ ਜਾ ਡਿੱਗਿਆ ਹੈ। ਉਹ ਮਨੁੱਖ ਨਹੀਂ ਰਿਹਾ, ਜਾਂ ਮਸ਼ੀਨ ਬਣ ਗਿਆ ਜਾਂ ਪਸ਼ੂ ਬਣ ਗਿਆ ਹੈ। ਮਨੁੱਖਾ-ਸੋਚ ਰਾਹੋਂ ਭਟਕਦੀ ਭਰਮ-ਮਸਤ ਹੋ ਚੁੱਕੀ ਹੈ।

ਸ਼ੱਤਰੂ, ਬਾਹਰ ਨਹੀਂ, ਮਨੁੱਖ ਦੇ ਅੰਦਰ ਹੈ।ਇਸੇ ਲਈ ਇਹ ਆਪਣਾ ਆਪ ਪ੍ਰਤੀਦਵੰਦਵੀ ਬਣ ਕੇ ਆਪਣਾ ਆਪ ਸਫਾਇਆ ਕਰ ਰਿਹਾ ਹੈ। ਇਸੇ ਲਈ ਇਹ ਛਲੇਡਾ ਰੂਪ ਧਾਰਨ ਕਰਨ ਕਾਰਨ ਮਾਨਵੀ ਰੋਲ ਤੋਂ ਬਾਹਰੇ ਹੋਰ ਅਨੇਕਾਂ ਮਕਾਨਕੀ ਅਭਿਨੈ ਜੀ ਰਿਹਾ ਹੈ ਅਤੇ ਆਪਣੇ ਅੰਦਰਲੇ ਵਿਰੋਧ ਤੇ ਤਣਾਅ ਨਾਲ ਫੈਲਦਾ, ਸੁਕੜਦਾ, ਲਾਵਾ ਬਣਦਾ, ਭੂ-ਕੰਪਾਂ ਨੂੰ ਜਨਮਦਾ ਸਵੈ-ਵਿਨਾਸ਼ ਵੱਲ ਵਧ ਰਿਹਾ ਹੈ।

ਤੀਜੇ ਭਾਗ 'ਚ ਕਵੀ ਬੁਢਾਪੇ ਤੇ ਪੀੜ੍ਹੀਆਂ ਦੇ ਪਾੜੇ ਦੇ ਸੰਕਟ ਸਨਮੁਖ ਖਲੋਤਾ ਦਿਸਦਾ ਹੈ। ਉਸ ਦੇ ਇਕ ਪਾਸੇ ਸਮਾਂ (ਆਯੂ) ਖਲੋਤਾ ਹੈ ਤੇ ਦੂਜੇ ਪਾਸੇ ਖਿਤਿਜ (ਅੰਤ) ਤੇ ਵਿਚ ਵਿਚਾਲੇ ਸੈਂਡਵਿਚ ਹੋਇਆ ਉਮਰ ਰਸੀਦਾ ਮਾਨਵ। ਸਮੇਂ ਦੇ ਮਾਰੂ ਥਪੇੜੇ ਖਾ ਕੇ ਉਮਰ ਰਸੀਦਾ ਮਨੁੱਖ 'ਚ ਅੰਤਰ-ਚੇਤਨਾ, ਅੰਤਰ-ਸੋਝੀ, ਅੰਤਰ-ਦਰਿਸ਼ਟੀ ਦੀ ਸੰਗੀਤਮਈ ਆਬਸ਼ਾਰ ਫੁੱਟਦੀ ਹੈ। ਭਰਮ-ਆਂਡਿਆਂ ਦੇ ਫੋਕਟ ਟੁੱਟਦੇ ਹਨ। ਭਰਮ-ਆਂਡਿਆਂ ਦੇ ਖੋਲ ਟੁੱਟਦੇ ਹਨ। ਇਨ੍ਹਾਂ ਅੰਦਰਲੇ ਪੰਖੀ ਖੰਭ ਮਾਰਦੇ ਫੜਫੜਾਂਦੇ ਦਿਸਦੇ ਨੇ।

ਸਮਾਂ ਨਿਰੰਤਰ ਬੀਤੀ ਜਾ ਰਿਹਾ ਹੈ। ਸਮਾਂ ਬੀਤਣ ਨਾਲ ਬੁਢਾਪੇ ਦੀ ਅਵਸਥਾ 'ਚ ਪੁੱਜ ਕੇ ਮਨੁੱਖ ਨੂੰ ਆਪਣੇ ਅੰਤ ਦੀ ਸੋਝੀ ਮਿਲਦੀ ਹੈ। ਪਰ ਉਹ ਮ੍ਰਿਤੂ-ਚੇਤਨਾ ਨੂੰ ਅਪਨਾਉਣੋਂ ਮੁਨਕਰ ਬਣਿਆ ਰਹਿੰਦਾ ਹੈ। ਮਰਨ ਥਾਵੇਂ ਹੋਰ ਜੀਉਣਾ ਲੋਚਦਾ ਹੈ, ਜੀਵਨ ਤੰਦਾਂ ਨੂੰ ਹੋਰ ਲੰਮਿਆਉਣ ਲਈ ਬੇਸਬਰਾ ਹੋਇਆ ਦਿੱਸਦਾ ਹੈ :

**ਕਲਾਕ ਨੇ ਹੁਣੇ ਹੁਣੇ**
**ਜ਼ਿੰਦਗੀ ਦੀ ਸ਼ਾਮ ਵਜਾਈ ਹੈ।**


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

**ਆਰਜ਼ੂ,**
**ਅੰਤ ਤੋਂ ਮੁਨਕਰ—**
**ਤੇ ਹੋਂਦ ਹੋਣ ਤੇ ਆਈ ਹੈ।**

ਪਰ ਸਮਾਂ ਨਾ ਕਲਾਕ ਹੈ ਨਾ ਅੰਕ। ਸਮਾਂ ਤਾਂ ਪ੍ਰੀਵਰਤਨ ਹੈ, ਮ੍ਰਿਤੂ ਹੈ, ਦੇਹ ਤੋਂ ਰਿਹਾਈ ਹੈ। ਉਪਰੋਕਤ ਅਨੇਕ ਪੱਖੀ ਵਿਕਟ ਕਾਰਨਾਂ-ਕਰਕੇ ਹਰ ਮਨੁੱਖਾ ਪ੍ਰਾਪਤੀ, ਅਪ੍ਰਾਪਤੀ ਬਣੀ ਰਹਿੰਦੀ ਹੈ। ਸਾਰੇ ਖਲਜਗਣ ਦੇ ਬਾਵਜੂਦ ਵੀ ਸਵੈ ਤੇ ਸਵੈ-ਹੀਣਤਾ ਵਿਚਾਲੇ ਇਹ ਅੰਤਰ-ਵਿਰੋਧੀ ਨਾਟਕ ਨਾ ਖਤਮ ਹੋਣ ਵਾਲੀ ਘਟਨਾ ਬਣਿਆਂ ਰਹਿੰਦਾ ਹੈ।

... ...

ਰਵੀ ਦੀਆਂ ਇਨ੍ਹਾਂ ਕਵਿਤਾਵਾਂ ਦਾ ਵੱਖਰਾ ਸਟਾਈਲ, ਵੱਖਰਾ ਰੂਪਾਕਾਰ, ਵੱਖਰੀ ਪੈਰਾਡਾਈਮ ਹੈ। ਇਨ੍ਹਾਂ ਕਵਿਤਾਵਾਂ ਵਿਚ ਬਿੰਬਵਾਦੀ/ਪ੍ਰਤੀਕਵਾਦੀ ਵਿਧਾਨ ਦੀ ਪ੍ਰਮੁੱਖਤਾ ਹੈ। ਇਨ੍ਹਾਂ ਅਨੁਭਵੀ ਕਵਿਤਾਵਾਂ ਦੀ ਤੋਰ, ਸੁਰ ਤੇ ਬੋਲ ਪਹਾੜੀ ਨਦੀ ਵਰਗੇ ਹਨ। ਇਨ੍ਹਾਂ ਉਹਲੇ ਇਕ ਆਂਤ੍ਰਿਕ ਸੰਗੀਤ ਤੇ ਧੁਨੀ ਵਿਦਮਾਨ ਹੈ ਜੋ ਪਾਠ ਵੇਲੇ ਪਾਠਕ ਨੂੰ ਸੁਖਾਵਾਂ ਪ੍ਰਤੀਤ ਹੁੰਦਾ ਹੈ। ਮੂਡ ਸੰਜੀਦਾ, ਟੋਨ ਫ਼ਿਲਾਸਫ਼ਕ ਹੈ। ਇਨ੍ਹਾਂ ਕਵਿਤਾਵਾਂ ਦਾ ਰਿਟਨ ਪੈਟਰਨ ਆਪਣਾ ਨਵੇਕਲੀ ਕਿਸਮ ਦਾ ਹੈ। ਇਨ੍ਹਾਂ ਵਿਚ ਮਾਨਸਕ-ਰੌਂ ਬੌਧਕ ਚਪਲਤਾ, ਭਾਵੁਕ-ਤਰਲਤਾ ਸਭ ਓਤ-ਪੋਤ ਹਨ। ਇਨ੍ਹਾਂ ਕਵਿਤਾਵਾਂ ਵਿਚਲਾ ਜਾਗੋ-ਮੀਟੀ ਦੇ ਦੋ ਸਿਰਿਆਂ ਵਿਚਾਲੇ ਫੈਲਿਆ ਬਿਆਨ ਇਨ੍ਹਾਂ ਵਿਚਲੇ ਆਂਤ੍ਰਿਕ ਰਿਦਮ-ਪੈਟਰਨ ਦੀ ਚਮਤਕਾਰੀ ਦੇਣ ਹੈ।

**–ਅਜਾਇਬ ਕਮਲ (ਕੀਨੀਆਂ)**



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

## ਆਪਣਾ ਦੇਸ਼

ਆਪਣਾ ਦੇਸ਼
ਕਿਆ ਹੈ ਪਿਆਰੇ ?
ਆਪਣਾ ਦੇਸ਼ ਤਾਂ ਕੇਵਲ ਮੈਂ ਹਾਂ !!!

ਬਹੁਤ ਘੁੰਮੇ-ਫਿਰੇ ਹਾਂ—
ਤੁਰਦਾ-ਫਿਰਦਾ,
ਅੰਨ੍ਹਾਂ ਖੂਹ ਲੈ—
ਪੁੱਠੀਆਂ ਟਿੰਡਾਂ ਵਾਂਗ ਗਿੜੇ ਹਾਂ।

ਆਪਣਾ ਅੰਬਰ,
ਆਪਣੀ ਧਰਤੀ—
ਆਪਣੀ ਹੀ ਵੀਰਾਨ ਆਬਾਦੀ !
ਵਾਂਗ ਵਰੋਲੇ,
ਫ਼ਰਸ਼ੋਂ ਛੱਤ ਤਕ—
ਅੰਨ੍ਹੀਂ 'ਨ੍ਹੇਰੀ ਵਾਂਗ ਚੜ੍ਹੇ ਹਾਂ।

ਆਪੇ ਘੁੰਮੇ
ਆਪੇ ਡਿੱਗੇ
ਤੀਲ੍ਹਾ ਤੀਲ੍ਹਾ
ਖੁੱਥਾ
ਆਪਣਾ ਆਪ !
ਆਪਣੇ ਵਿਚ ਬੇਗਾਨੇਪਨ ਦਾ,
ਭੋਗੇ ਹਰ ਮਾਨੁੱਖ ਸੰਤਾਪ।

ਸਿਕਲੀਗਰਾਂ ਦੀ ਬਸਤੀ ਵਾਂਙੂੰ,
ਜਿੱਥੇ ਜਿੱਥੇ ਹੋਏ ਆਬਾਦ—


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਉੱਥੇ ਆਪਣੀ ਬਰਬਾਦੀ ਦਾ,
ਆਪਣੇ ਹੱਥੀਂ ਲਿਖਿਆ ਬਾਬ !
ਆਪੇ, ਆਪਣੇ ਚੋਟ ਲਗਾਈ,
ਆਪੇ, ਆਪਣੇ ਹੰਝੂ ਕੇਰੇ—
ਆਪੇ, ਪੂੰਝੇ ਅੱਥਰੂ, ਡੁਸਕੇ,
ਆਪੇ ਹੀ, ਆਪਣਾ ਧਰਵਾਸ !

ਮੀਲਾਂ ਤਕ ਰੋਹੀ ਬੀਆਬਾਨ,
ਸੂਰਜ ਦਾ ਕੱਠ, ਥਲ ਤਪਦਾ ਹੈ !
ਕਣ-ਕਣ ਵਿਚ ਖ਼ੁਦ ਜਲ ਬਣ ਚਮਕੇ,
ਭਰਮ-ਜਲਾਂ ਵਿਚ ਭਟਕੇ, ਬਣ ਕੇ
ਕੇਂਦਰੋਂ ਖੁੱਸੀ ਆਪਣੀ ਪਿਆਸ !
ਮਾਨੁੱਖ-ਮਾਰਾਂ ਦੀ ਬਸਤੀ ਵਿਚ,
ਮਾਰੀ ਨਾ ਪਰ, ਫਿਰ ਵੀ ਆਸ !

ਕਦੇ ਤਾਂ ਮੌਸਮ ਬਦਲੇਗਾ ਹੀ,
ਬੇਘਰਿਆਂ ਨੂੰ ਮਿਲ ਜਾਏਗਾ,
ਦੇਸ਼ ਕਦੇ, ਕਦੇ ਘਰ-ਵਾਸ !
ਦੇਸ਼ ਬੇਗਾਨਾ ਹੋਇਆ,
ਆਪਣਾ ਦੇਸ਼ ਬੇਗਾਨਾ ਹੋਇਆ !!!
ਪਹਿਲਾਂ ਦੇਸ਼ ਰਹਿੰਦਿਆਂ ਇੰਜ ਸੀ,
ਹੁਣ ਪਰਦੇਸ ਰਹਿੰਦਿਆਂ ਇੰਜ ਹੈ !!!

ਆਪਣਾ ਦੇਸ਼
ਕਿਆ ਹੈ ਪਿਆਰੇ ???
ਆਪਣੇ ਦੇਸ਼ ਤਾਂ ਕੇਵਲ ਮੈਂ ਹਾਂ !!!

ਦੇਸ਼-ਵਾਸੀ ਬਗੈਰ, ਦੇਸ਼ ਦੀ ਕੋਈ ਅਸਤਿਤ੍ਵੀ ਹੋਂਦ ਨਹੀਂ ਹੁੰਦੀ। ਐਨ ਉਵੇਂ ਜਿਵੇਂ ਮਨੁੱਖਾ ਹੋਂਦ ਬਗੈਰ ਸ੍ਰਿਸ਼ਟੀ ਦੀ ਮਨੁੱਖੀ ਅਰਥਾਂ 'ਚ ਕੋਈ ਹੋਂਦ ਹੋਣੀ ਨਹੀਂ :

**ਆਪਣਾ ਦੇਸ਼ ਕਿਆ ਹੈ ਪਿਆਰੇ**
**ਆਪਣਾ ਦੇਸ਼ ਤਾਂ ਕੇਵਲ ਮੈਂ ਹਾਂ।**



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਕਵਿਤਾ ਵਿਚਲਾ ਮੈਂ ਭਾਵ ਦੇਸ਼-ਵਾਸੀ ਭਟਕਣ ਤੇ ਅਤ੍ਰਿਪਤੀ ਦਾ ਅੰਨ੍ਹਾ ਖੂਹ ਬੁੱਕਲ ਓਹਲੇ ਲੁਕੋਈ ਬੜਾ ਘੁੰਮਿਆ ਫਿਰਿਆ, ਅਨੇਕ ਥਾਵੇਂ ਭਟਕਦਾ ਰਿਹਾ ਹੈ। ਖੂਹ ਦੀਆਂ ਪੁੱਠੀਆਂ ਟਿੰਡਾਂ ਵਾਂਗ ਬੇ-ਅਰਥਾ ਗਿੜਦਾ ਰਿਹਾ ਹੈ। ਆਪਣਾ ਅੰਬਰ, ਆਪਣੀ ਧਰਤੀ, ਆਪਣੀ ਆਬਾਦੀ/ਬਰਬਾਦੀ ਆਪ ਸਿਰਜਦਾ ਰਿਹਾ ਹੈ। ਬੰਜਰ ਬੀਆਬਾਨਾਂ (ਓਪਰੀਆਂ ਧਰਤੀਆਂ) 'ਚ ਬੇ-ਦਿਸ਼ਾਵਾ ਵਾਵਰੋਲਾ ਬਣ ਕੇ ਉੱਡਦਾ, ਅੰਨ੍ਹੀ ਬੋਲੀ ਹਨੇਰੀ ਦਾ ਅਸਤਿਤ੍ਵ ਭੋਗਦਾ ਰਿਹਾ ਹੈ, ਅਜਿਹੇ ਵਾਵਰੋਲੇ ਪ੍ਰਕਿਰਤਕ ਅਮਲ 'ਚ ਉਲਝੇ ਆਪਣੇ ਆਪ ਉਤਪੰਨ ਹੁੰਦੇ, ਆਪਣੇ ਆਪ ਵਿਘਠਤ ਹੋ ਜਾਂਦੇ ਨੇ। ਵਿਘਠਤ ਹੋ ਕੇ ਆਪਣਾ ਵਿਅਕਤਿਤ੍ਵ ਆਪ ਸਮਾਪਤ ਕਰ ਬੈਠਦੇ ਨੇ।

ਹਰ ਵਿਅਕਤੀ ਦੀ ਇਹ ਹੋਣੀ ਹੈ ਕਿ ਉਹ ਆਪਣੇ ਆਪ ਵਿਚ ਅੰਤਰ-ਵਿਰੋਧ ਅਸਤਿਤ੍ਵ, ਜੀਉਂਦਾ ਅੰਤਰ-ਵਿਰੋਧ ਅਸਤਿਤ੍ਵ ਭੋਗਦਾ ਹੈ। ਨਿੱਜੀ ਸੱਚ ਦੀ ਹੋਂਦ ਦੇ ਨਾਲ ਨਾਲ ਉਸ ਅੰਦਰ ਵਿਆਪਕ ਸੱਚ ਵੀ ਸੁਆਸ ਲੈਂਦਾ ਰਹਿੰਦਾ ਹੈ। ਜੇ ਇਨ੍ਹਾਂ ਦੋ ਧੁਰਿਆਂ ਵਿਚ ਸਮਤੋਲ ਸਥਾਪਤ ਰਹੇ ਫੇਰ 'ਸਭ ਹੱਛਾ' ਵਾਲੀ ਗੱਲ ਹੁੰਦੀ ਹੈ, ਪਰ ਜੇ ਸਵੈ-ਹੋਂਦ ਉੱਤੇ ਪਰ-ਹੋਂਦ ਹਾਵੀ ਹੋ ਜਾਵੇ ਤਾਂ ਪ੍ਰਤੀਕਰਮ ਸੁਖਾਵਾਂ ਨਹੀਂ ਰਹਿੰਦਾ ਤਾਂ ਇਹ ਸੰਤਾਪ ਭੋਗਣ ਵਰਗੀ ਪ੍ਰਕਿਰਿਆ ਬਣ ਨਿੱਬੜਦਾ ਹੈ :

**ਆਪਣੇ ਵਿਚ ਬੇਗਾਨੇਪਨ ਦਾ**
**ਭੋਗੇ ਹਰ ਮਾਨੁੱਖ ਸੰਤਾਪ।**

ਅਸਤਿਤ੍ਵੀ ਸੱਚ ਬਾਰੇ ਗਿਆਨ ਰੱਖਣ ਵਾਲੇ ਵਿਅਕਤੀ ਜਾਣਦੇ ਨੇ ਮਨੁੱਖ ਆਪਣਾ ਨਾਂਹ-ਕਰਨ ਆਪ ਹੈ। ਇਸ ਦੇ ਹਾਂ-ਪੱਖੀ ਸੱਚ ਦੇ ਓਹਲੇ ਨਾਂਹ-ਪੱਖੀ ਸੱਚ ਵੀ ਲੁਕਿਆ ਪਿਆ ਹੈ। ਵਿਕਾਸ ਓਹਲੇ ਵਿਨਾਸ਼ ਵੀ ਲੁਪਤ ਹੁੰਦਾ ਹੈ :

**ਸਿਕਲੀਗਰਾਂ ਦੀ ਬਸਤੀ ਵਾਂਗੂੰ**
**ਜਿੱਥੇ ਜਿੱਥੇ ਹੋਏ ਆਬਾਦ**
**ਉਥੇ ਆਪਣੀ ਬਰਬਾਦੀ ਦਾ**
**ਆਪਣੇ ਹੱਥੀਂ ਲਿਖਿਆ ਬਾਬ**

ਇਸ ਤਰ੍ਹਾਂ ਹਰ ਜਗਿਆਸੂ ਆਪਣੇ ਆਪ ਵਿਚ ਇਕ ਅੰਤਰ-ਵਿਰੋਧ ਜੀ ਰਿਹਾ ਹੈ। ਆਧੁਨਿਕ ਚਿੰਤਨ ਅਨੁਸਾਰ ਇਹੋ ਅੰਤਰ ਵਿਰੋਧ ਮਨੁੱਖਾ ਜੀਵਨ ਦਾ ਧੁਰਾ ਹੈ :

**ਆਪੇ ਆਪਣੇ ਚੋਟ ਲਗਾਈ**
**ਆਪੇ ਆਪਣੇ ਹੰਝੂ ਕੇਰੇ**



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

**ਆਪੇ ਆਪਣੇ ਅੱਥਰੂ ਪੂੰਝੇ**
**ਆਪੇ ਹੀ ਆਪਣਾ ਧਰਵਾਸ**

ਸੁੰਨੇ ਸੱਖਣੇ ਨੇਤਰਾਂ ਸਾਹਵੇਂ ਕੋਹਾਂ ਤੀਕ ਸੁੰਨਾ ਸੱਖਣਾ, ਬੰਜਰ, ਉਜਾੜ ਥੱਠ ਵਾਂਗ ਤੱਪਦਾ, ਮੱਚਦਾ ਮਾਰੂਥਲ ਫੈਲਿਆ ਹੋਇਆ ਹੈ। ਮਾਨਵ-ਚੇਤਨਾ, ਮਾਨਵ ਲੋਚਨਾ ਆਪਣੇ ਕੇਂਦਰੋਂ ਥਿੜਕ ਕੇ ਵਿਖੰਡਤ ਹੋ ਗਈ। ਇਹ ਦਿਸ਼ਾ ਤੇ ਦ੍ਰਿਸ਼ਟੀ ਵੀ ਗੁਆ ਬੈਠੀ ਹੈ। ਇਸੇ ਕਾਰਨ ਵਸ ਇਸ ਦਾ ਆਤਮ ਚੈਨ ਇਸ ਕੋਲੋਂ ਖੁਸ ਚੁੱਕਾ ਹੈ। ਏਸ ਮਾਰ, ਸੰਘਾਰ-ਸਥਿਤੀ 'ਚ ਮਨੁੱਖ ਨੂੰ ਕੇਵਲ ਇਕ ਹੀ ਧਰਵਾਸ ਪ੍ਰਾਪਤ ਹੈ। ਇਸ ਕੋਲ ਆਸ ਦੀ ਇਕ ਕਿਰਨ ਦਿਲ ਦੇ ਖੱਲ-ਖੂੰਜੇ ਹਾਲੇ ਵੀ ਬਚਦੀ ਰਹਿ ਗਈ ਹੈ। ਪਰਵਾਸ ਧਾਰਨ ਕਰਨ ਉਪਰੰਤ ਪਰਵਾਸੀ ਨੂੰ ਪਹਿਲਾਂ ਤੀਬਰ ਅਹਿਸਾਸ ਇਹ ਪ੍ਰਾਪਤ ਹੁੰਦਾ ਹੈ ਕਿ ਉਹ ਦੇਸ਼-ਵਾਸੀ ਨਹੀਂ, ਪਰਵਾਸੀ ਹੈ। ਪਰ ਮਜ਼ੇਦਾਰ ਨਾਟਕੀ ਸਥਿਤੀ ਇਹ ਹੈ ਕਿ ਸਮਾਂ ਪੈਣ ਨਾਲ ਉਹੀ ਪਰਵਾਸ ਉਸ ਦਾ ਘਰ ਤੇ ਦੇਸ਼ ਵਰਗਾ 'ਵਾਸ' ਬਣ ਗਿਆ ਹੈ। ਦੇਸ਼ ਨੂੰ ਅਲਵਿਦਾ ਆਖ ਉਹ ਬੇ-ਦੇਸ਼ਾ ਤੇ ਬੇ-ਘਰਾ ਹੋ ਚੁੱਕਾ ਹੈ। ਪਰਵਾਸ ਵਸੇਬੇ ਵੇਲੇ, ਮਾਨਸਕ ਤੇ ਭਾਵੁਕ ਪੱਧਰ ਤੇ ਅਜਿਹੀ ਕਰੁਣਾ-ਮਈ ਸਥਿਤੀ ਭੋਗਣਾ ਆਧੁਨਿਕ ਮਨੁੱਖ ਦੀ ਹੋਂਦ ਹੋਣੀ ਵੀ ਹੈ, ਡੂੰਘਾ ਤੇ ਪ੍ਰਬਲ ਆਂਤ੍ਰਕ ਸੰਤਾਪ ਵੀ ਹੈ।

**-ਅਜਾਇਬ ਕਮਲ (ਕੀਨੀਆਂ)**


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

# ਆਪਣਾ ਦੇਸ਼

## 2.

'ਆਪਣਾ ਦੇਸ਼', ਕਵਿਤਾ ਰਵਿੰਦਰ ਰਵੀ ਦੀ ਪੁਸਤਕ 'ਪਿਆਸਾ ਬੱਦਲ' ਵਿਚ ਦਰਜ ਕਾਵਿ-ਸੰਗ੍ਰਹਿ 'ਆਪਣੇ ਖ਼ਿਲਾਫ਼' ਵਿਚੋਂ ਲਈ ਗਈ ਹੈ। ਰਵਿੰਦਰ ਰਵੀ ਦਾ ਇਹ ਨਵਾਂ ਕਾਵਿ-ਸੰਗ੍ਰਹਿ ਵਿਗਿਆਨਕ ਯੁੱਗ ਵਿਚ ਪਦਾਰਥਵਾਦੀ ਕਦਰਾਂ ਕੀਮਤਾਂ ਕਾਰਣ ਹੋਣ ਵਾਲੀ ਟੁੱਟ ਭੱਜ ਨੂੰ ਪੇਸ਼ ਕਰਦਾ ਹੈ। 'ਅਘਰਵਾਸ' ਰਵਿੰਦਰ ਰਵੀ ਦਾ ਪ੍ਰਮੁੱਖ ਪਛਾਣ-ਚਿੰਨ੍ਹ ਹੈ। ਸਰੀਰਕ ਤੌਰ ਤੇ ਹੀ ਨਹੀਂ, ਸਗੋਂ ਮਾਨਸਿਕ ਤੌਰ ਤੇ ਵੀ ਉਹ ਅਘਰਵਾਸੀ ਹੈ।' ਉਹ ਸੋਚਦਾ ਵੀ ਇਕ ਅਘਰਵਾਸੀ ਵਾਂਗ ਹੈ। ਇਹ ਕਵਿਤਾ ਉਸਦੇ ਪਰਵਾਸੀ ਅਨੁਭਵ ਦੀ ਸਥਿਤੀ ਨੂੰ ਪੇਸ਼ ਕਰਦੀ ਹੈ। ਆਪਣੀ ਮਾਤ-ਭੂਮੀ ਤੋਂ ਟੁੱਟ ਕੇ ਬਾਹਰਲੇ ਦੇਸ਼ ਰੋਜ਼ਗਾਰ ਲੱਭਦਾ ਮਨੁੱਖ ਉਸ ਥਾਂ ਨਾਲ ਆਪਣਾ ਸੰਬੰਧ ਜੋੜਦਾ ਹੈ। ਉੱਥੇ ਉਸ ਨੇ ਭੌਤਿਕ ਤੌਰ ਤੇ ਉਨ੍ਹਾਂ ਸਭ ਪਦਾਰਥਵਾਦੀ ਲੋੜਾਂ ਨੂੰ ਪ੍ਰਾਪਤ ਕਰ ਲਿਆ ਹੈ, ਜਿਨ੍ਹਾਂ ਲਈ ਇਕ ਆਮ ਆਦਮੀ ਨਿਰੰਤਰ ਸੰਘਰਸ਼ ਕਰਦਾ ਹੈ। ਅਜਿਹੀ ਸਥਿਤੀ ਭਾਵੇਂ ਵੇਖਣ ਨੂੰ ਬੜੀ ਖ਼ੁਸ਼ਗਵਾਰ ਪ੍ਰਤੀਤ ਹੁੰਦੀ ਹੈ, ਪਰ ਅਸਲ ਵਿਚ ਇਹ ਸਥਿਤੀ ਜਾਨਲੇਵਾ ਹੁੰਦੀ ਹੈ, ਕਿਉਂਕਿ ਉਸ ਨੂੰ ਜਦੋਂ ਇਹ ਅਹਿਸਾਸ ਹੁੰਦਾ ਹੈ ਕਿ ਬਾਹਰ ਆ ਕੇ ਵੀ ਉਹ ਅਜਨਬੀ (Outsider) ਹੈ ਤਾਂ ਭਾਵੁਕ ਤੌਰ ਤੇ ਉਸ ਦੀ ਵਤਨ-ਮੋਹ ਪ੍ਰਤੀ ਮਮਤਾ ਜਾਗ ਉੱਠਦੀ ਹੈ। ਇਹ ਯੁੱਧ ਕਵੀ ਦਾ ਆਪਣਾ ਨਿੱਜੀ ਯੁੱਧ ਵੀ ਹੈ, ਉਸ ਦੀ ਸੱਭਿਆਚਾਰਕ ਜਾਤੀ ਦਾ ਵੀ ਜਿਸ ਦਾ ਕਿ ਉਹ ਇਕ ਅੰਗ ਹੈ ਅਤੇ ਸਮੁੱਚੀ ਮਾਨਵ ਜਾਤੀ ਦਾ ਵੀ। ਇੱਥੇ ਕਵੀ ਦੀ ਅਜਿਹੀ ਸਥਿਤੀ ਇਕਬਾਲ ਦੇ ਕਥਨ 'ਗੁਰਬਤ ਮੇਂ ਹੋਂ ਅਗਰ ਹਮ, ਰਹਿਤਾ ਹੈ ਦਿਲ ਵਤਨ ਮੇਂ" ਦਾ ਪ੍ਰਮਾਣਿਕ ਨਮੂਨਾ ਹੈ। ਇਉਂ ਇਹ ਕਵਿਤਾ ਅਜਨਬੀਪਨ ਦੇ ਅਹਿਸਾਸ ਨਾਲ ਜੁੜੀ ਹੋਈ ਹੈ। ਕਵਿਤਾ ਜਿਸ ਸਥਿਤੀ ਨੂੰ ਪੇਸ਼ ਕਰਦੀ ਹੈ, ਉਹ ਅਸਤਿਤ੍ਵ/ਹੋਂਦ ਦੇ ਸਵਾਲ ਨਾਲ ਜੁੜੀ ਹੈ। ਅਸਤਿਤ੍ਵਵਾਦ (Existentialism) ਜਾਂ ਹੋਂਦਵਾਦ ਆਧੁਨਿਕ ਯੁੱਗ ਦਾ ਬਹੁ-ਚਰਚਿਤ ਜੀਵਨ-ਦਰਸ਼ਨ ਹੈ, ਜੋ ਮੁੱਖ ਰੂਪ ਵਿਚ ਵਿਅਕਤੀ ਦੀ ਹੋਂਦ ਅਤੇ ਮਹੱਤਵ ਦੇ ਪ੍ਰਸ਼ਨ ਦੁਆਲੇ ਘੁੰਮਦਾ ਹੈ। ਇਸ ਵਿਚਾਰਧਾਰਾ ਦਾ ਅਰੰਭ ਅਸਲ ਵਿਚ ਦਰਸ਼ਨ ਦੇ ਖੇਤਰ ਵਿਚ ਹੋਇਆ ਹੈ। ਪਹਿਲੇ ਵਿਸ਼ਵ-ਯੁੱਧ ਤੋਂ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਪਹਿਲਾਂ ਹੀ ਕੀਰਕੇਗਾਰਦ ਅਤੇ ਨੀਤਸ਼ੇ ਵਰਗੇ ਉੱਘੇ ਚਿੰਤਕ ਅਸਤਿਤ੍ਵਵਾਦ ਦੀ ਭੂਮਿਕਾ ਤਿਆਰ ਕਰ ਚੁੱਕੇ ਸਨ, ਪਰੰਤੂ ਇਸ ਦਰਸ਼ਨ ਨੂੰ ਹੈਡੇਗਰ, ਯਾਂ ਪਾਲ ਸਾਰਤਰ, ਅਲਬੇਅਰ ਕਾਮੂ ਵਰਗੇ ਲੇਖਕਾਂ ਦੀਆਂ ਰਚਨਾਵਾਂ ਦੁਆਰਾ ਵਾਸਤਵਿਕ ਰੂਪ ਮਿਲਿਆ। ਜਰਮਨ ਅਤੇ ਡੈਨਿਸ਼ ਚਿੰਤਕਾਂ ਦੁਆਰਾ ਪ੍ਰਤਿਪਾਦਿਤ ਇਸ ਵਿਚਾਰਧਾਰਾ ਨੂੰ ਫਰਾਂਸ ਵਿਚ ਸੰਨ 1943 ਦੇ ਕਰੀਬ ਯਾਂ ਪਾਲ ਸਾਰਤਰ ਦੇ ਯਤਨਾਂ ਦੁਆਰਾ ਪ੍ਰਸਿੱਧੀ ਮਿਲੀ।

ਅਸਤਿਤ੍ਵਵਾਦੀ ਵਿਚਾਰਧਾਰਾ ਧਰਮ ਨਿਰਪੱਖ ਪੱਧਰ ਤੇ ਮਨੁੱਖ ਦੀ ਹੋਂਦ ਬਾਰੇ ਚਿੰਤਿਤ ਹੈ; ਜੀਵਨ ਦੀ ਆਵੱਸ਼ਕਤਾ ਤੇ ਨਿਰਾਰਥਕਤਾ ਸਮਝ ਕੇ ਇਕ ਮਾਨਵੀ ਅਰਥ ਦੇਣ ਦੀ ਕੋਸ਼ਿਸ਼ ਹੈ। ਮਨੁੱਖ ਹੋਂਦ ਦੇ ਇਕ ਰੂਪ ਵਿਚ ਕੈਦ ਨਹੀਂ ਹੋ ਸਕਦਾ ਸਗੋਂ ਜੇ ਉਹ ਅਜਿਹਾ ਕਰਦਾ ਹੈ ਤਾਂ ਉਹ ਆਪਣਾ ਅਸਤਿਤ੍ਵ ਗੁਆ ਬੈਠਦਾ ਹੈ, ਇਸ ਲਈ ਮਨੁੱਖ ਨੂੰ ਆਪਣੇ ਫੈਸਲਿਆਂ ਸਮੇਂ ਆਪਣੀ ਹੋਂਦ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ। ਦੂਜੇ ਸ਼ਬਦਾਂ ਵਿਚ ਅਸਤਿਤ੍ਵ ਦਾ ਅਰਥ ਹੈ—ਆਪਣੀ ਇੱਛਾ ਅਨੁਸਾਰ ਲਗਾਤਾਰ ਉੱਪਰ ਉਠਦੇ ਰਹਿਣਾ।

> ਸੋਰੇਨ ਕਿਰਕੇਗਾਰਦ ਨੂੰ ਅਸਤਿਤ੍ਵਵਾਦ ਦਾ ਪਿਤਾਮਾ ਮੰਨਿਆ ਗਿਆ ਹੈ। ਉਸ ਅਨੁਸਾਰ ਅਸਤਿਤ੍ਵ ਦਾ ਅਰਥ ਹੈ—ਵਿਅਕਤੀਗਤ ਮਾਨਵ ਦੀ ਅਦੁੱਤੀ ਸਮੂਰਤ ਹੋਂਦ। ਅਸਤਿਤ੍ਵ ਕੋਈ ਵਿਚਾਰ ਜਾਂ ਸਾਰ ਨਹੀਂ ਜਿਸ ਨੂੰ ਬੌਧਿਕ ਤੌਰ ਤੇ ਆਪਣੇ ਹਿੱਤਾਂ ਅਨੁਕੂਲ ਵਰਤਿਆ ਜਾ ਸਕਦਾ ਹੈ। ਸਗੋਂ ਜੇ ਮਨੁੱਖ ਆਪਣੇ ਆਪ ਨੂੰ ਤੇ ਆਪਣੀ ਹੋਂਦ ਨੂੰ ਕਿਸੇ ਪ੍ਰਾਣਧਾਰੀ ਸਕੀਮ ਜਾਂ ਕਿਸੇ ਤਾਰਕਿਕ ਵਿਚਾਰ-ਪ੍ਰਬੰਧ ਵਿਚ ਫਿੱਟ ਹੋ ਜਾਣ ਦੀ ਇਜਾਜ਼ਤ ਦੇ ਦਿੰਦਾ ਹੈ ਤਾਂ ਫਿਰ ਉਹ ਮਾਨਵ ਨਹੀਂ ਰਹਿੰਦਾ, ਉਸ ਤੋਂ ਹੇਠਲੇ ਪੱਧਰ ਦੀ ਕੋਈ ਨਿਗੁਣੀ ਵਾਸਤੂ ਬਣ ਜਾਂਦਾ ਹੈ, ਮਨੁੱਖ ਇਕ ਅਦੁੱਤੀ ਵਿਅਕਤੀ ਦੇ ਤੌਰ ਤੇ ਉੱਘੜਵੇਂ ਰੂਪ ਵਿਚ ਅਸਤਿਤ੍ਵਸ਼ੀਲ ਹੋ ਕੇ ਹੀ ਆਪਣੀ ਹੋਂਦ ਨੂੰ ਸਾਰਥਕ ਬਣਾਉਂਦਾ ਹੈ ਅਤੇ ਉਹ ਆਪਣੇ ਆਪ ਨੂੰ ਕਿਸੇ ਵੀ ਪ੍ਰਬੰਧ ਵਿਚ ਖਪਾਏ ਜਾਣ ਦਾ ਡਟ ਕੇ ਵਿਰੋਧ ਕਰਦਾ ਹੈ।*

ਇਹ ਸੰਕਲਪ ਹੀ ਇਸ ਨੂੰ ਆਧੁਨਿਕਤਾ ਨਾਲ ਜੋੜਦਾ ਹੈ, ਕਿਉਂਕਿ ਆਧੁਨਿਕ ਮਨੁੱਖ ਦੀ ਸੋਚ ਵੀ ਮੂਲ ਤੌਰ ਤੇ ਉਸ ਦੀ ਹੋਂਦ ਨਾਲ ਜੁੜੀ ਹੋਈ ਹੈ, ਉਹ ਬਾਹਰਲੇ ਸਪੇਸ ਨਾਲੋਂ ਤੋੜ ਕੇ ਉਸ ਨੂੰ ਆਪਣੀ ਅੰਦਰਲੀ ਦੁਨੀਆਂ

* ਗੁਰਦਰਨ ਸਿੰਘ ਅਰਸ਼ੀ ਅਸਤਿਤ੍ਵਵਾਦ, ਪੰਨਾ 25



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਨਾਲ ਜੋੜਦੀ ਹੈ। ਉਸ ਨੂੰ ਉਸ ਦੇ ਅਹਿਸਾਸ ਦੀ ਹੋਂਦ ਨਾਲ ਜੋੜਦੀ ਹੈ। ਇਸ ਅਪਣੱਤ ਦੀ ਹੋਂਦ ਆਪਣੇ ਅੰਦਰ ਪਨਪੇ ਹੋਏ ਸੱਚ ਨਾਲ ਹੀ ਸਾਕਾਰ ਹੁੰਦੀ ਹੈ। ਅਜਿਹੇ ਪ੍ਰਤਨਾਂ ਵਿਚ ਹੀ ਕਈ ਵਾਰੀ ਰਵਿੰਦਰ ਰਵੀ ਅਨੇਕਾਂ ਸੰਵੇਦਨਸ਼ੀਲ, ਦਾਰਸ਼ਨਿਕ ਕਿੰਤੂ ਵੀ ਖੜ੍ਹੇ ਕਰਦਾ ਹੈ ਜਿਹੜੇ ਕਿ ਇਕਾਲਕ ਹੁੰਦੇ ਹੋਏ ਵੀ ਸਰਬਕਾਲਕ/ਪਾਰਗਾਮੀ ਹੁੰਦੇ ਹਨ।

**ਆਪਣਾ ਦੇਸ਼,**
**ਕਿਆ ਹੈ ਪਿਆਰੇ ?**
**ਆਪਣਾ ਦੇਸ਼ ਤਾਂ ਕੇਵਲ ਮੈਂ ਹਾਂ !!!**

(ਆਪਣਾ ਦੇਸ਼, ਪੰਨਾ 41)

ਉਪਰੋਕਤ ਸਤਰਾਂ ਵਿਚ ਰਵੀ ਆਪਣੇ ਆਪ ਨੂੰ ਜਿੱਥੇ ਪੰਜਾਬ ਸੰਕਟ ਨਾਲ ਜੋੜਦਾ ਹੈ, ਉੱਥੇ ਉਹ ਇਸ ਸਮੱਸਿਆ ਨੂੰ ਦਾਰਸ਼ਨਿਕ ਪੱਧਰ ਉੱਤੇ ਨਜਿੱਠਣ ਦੀ ਕੋਸ਼ਿਸ਼ ਵੀ ਕਰਦਾ ਹੈ। ਇੰਝ ਕਰਦਿਆਂ ਹੋਇਆਂ ਉਹ ਇਕ ਰਾਜਨੀਤਕ ਸਵਾਲ ਨੂੰ ਅਸਤਿਤ੍ਵਵਾਦੀ ਰੰਗ ਦੇ ਦਿੰਦਾ ਹੈ। ਇੱਥੇ ਕਵਿਤਾ ਵਿਚ ਇਕ ਹੋਰ ਪੱਖ ਵੀ ਉਜਾਗਰ ਹੁੰਦਾ ਹੈ ਜਿਹੜਾ ਕਵੀ ਦਾ 'ਮੈਂ' ਤੋਂ 'ਮੈਂ' ਤਕ ਦਾ ਸਫਰ ਪੇਸ਼ ਕਰਦਾ ਹੈ। ਉਸਦੇ ਅੰਤਰਮੁਖੀ ਭਾਵਾਂ ਨੂੰ ਚਿੱਤਰਦਾ ਹੈ ਭਾਵ ਸ਼ਾਇਰ ਦਾ 'ਆਪਣਾ ਦੇਸ਼' ਜੋ ਕਿ ਬਾਹਰ ਦਿੱਸਦੀ ਹਕੀਕਤ ਹੈ, ਉਸ ਤੋਂ ਤੁਰ ਕੇ ਅੰਦਰ ਵੱਸਦੀ ਜਜ਼ਬਾਤਾਂ ਤੇ ਅਨੁਭਵਾਂ ਦੀ ਗਹਿਰੀ ਦੁਨੀਆਂ ਨਾਲ ਆਪਣਾ ਨਾਤਾ ਜੋੜ ਕੇ ਇਸਦਾ ਰੂਪ ਵਟਾਉਂਦਾ ਹੈ। ਜੋ ਕਿ ਆਪਣੇ ਆਪ ਵਿਚ ਬੜਾ ਭਰਿਆ-ਪੂਰਿਆ ਤੇ ਅਰਥ-ਪੂਰਨ ਹੈ।

ਸ਼ਾਇਰ ਸਮਝਦਾ ਹੈ ਕਿ ਕਿਸੇ ਦੇਸ਼ ਦੀ ਸਥਾਪਨਾ ਕਰ ਲੈਣੀ ਜਾਂ ਨਾ ਕਰ ਲੈਣੀ ਤਾਂ ਮਹਿਜ਼ ਰਾਜਨੀਤੀਵਾਨਾਂ ਦੀ ਆਪਣੀ ਰਾਜਨੀਤਕ 'ਹੋਂਦ' ਨਾਲ ਜੁੜੇ ਹੋਏ ਪ੍ਰਸ਼ਨ ਹਨ, ਮਨੁੱਖ ਦੀ ਮੂਲ ਸਮੱਸਿਆ ਤਾਂ ਉਸ ਦੀ ਆਪਣੀ ਹੋਂਦ ਨਾਲ ਜੁੜੇ ਹੋਏ ਸਵਾਲਾਂ ਦੇ ਸਮਾਧਾਨ ਜਾਂ ਤਲਾਸ਼ ਕਰਨ ਉੱਤੇ ਆ ਕੇ ਮੁੱਕਣੀ ਹੈ। ਕਿਸੇ ਭੂਗੋਲਿਕ ਹਕੀਕਤ ਨਾਲ ਜੁੜੇ ਹੋਣਾ ਇਕ ਵੱਖਰੀ ਗੱਲ ਹੈ, ਪਰ ਉਸ ਭੂਗੋਲਿਕ ਟੁਕੜੇ ਨਾਲ ਤੁਹਾਡਾ ਅਹਿਸਾਸ ਜੁੜਿਆ ਹੈ। ਇਹੀ ਅਹਿਸਾਸ ਤੇ ਅਪਣੱਤ ਹੀ ਇਸਦੀ ਕੈਨਵਸ ਵੱਡੀ ਹੋਣ ਦਾ ਕਾਰਣ ਹੈ, ਜੋ ਕਵੀ ਦੀ ਸੋਚ ਨੂੰ ਨਿੱਜ ਤੋਂ ਪਰ ਤਕ ਲੈ ਜਾਂਦੀ ਹੈ। ਇਵੇਂ ਜਾਪਦਾ ਹੈ ਕਿ ਜਿਵੇਂ ਪੰਜਾਬੀ ਧਰਤੀ ਦਾ ਕਿਰਦਾਰ ਉੱਭਰ ਕੇ ਸਾਹਮਣੇ ਆਉਂਦਾ ਹੈ। ਇਹੋ ਪੰਜਾਬੀ ਕਿਰਦਾਰ ਅਗੇਰੇ ਜਾ ਕੇ ਧਰਤੀ ਮਾਂ ਹੈ ਤੇ ਧਰਤੀ ਭਾਰਤ ਹੈ, ਭਾਵ ਇਹ ਹੀ ਕਿਰਦਾਰ ਅਗੇਰੇ ਜਾ ਕੇ ਭਾਰਤੀ ਹੋ ਨਿੱਬੜਦਾ ਹੈ। 'ਮੈਂ' (ਦੁਨੀਆਂ) ਦਾ ਅਹਿਸਾਸ ਆਪਣੇ ਆਪ ਵਿਚ ਇਸ ਦਾ ਇਕ ਹਿੱਸਾ ਹੈ ਜਿਹੜਾ ਇਕ ਚਿੱਤਰ ਉਸਾਰਦਾ ਹੈ। ਇਕ ਗਹਿਰੀ ਸਥਿਤੀ ਹੈ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

'ਅਘਰਵਾਸੀ' ਹੋਣ ਦਾ ਅਹਿਸਾਸ ਰਵਿੰਦਰ ਰਵੀ ਦੀ ਰਚਨਾ ਦਾ ਕੇਂਦਰੀ ਪਛਾਣ-ਚਿੰਨ੍ਹ ਹੈ। ਸਰੀਰਕ ਤੌਰ ਤੇ ਹੀ ਨਹੀਂ ਸਗੋਂ ਉਸਦੀ ਮਾਨਸਿਕ ਸਥਿਤੀ ਵੀ ਅਘਰਵਾਸੀ ਵਾਂਗ ਹੈ। ਉਹ ਸੋਚਦਾ ਵੀ ਇਕ ਅਘਰਵਾਸੀ ਵਾਂਗ ਹੈ। ਵਿਕੋਲਿੱਤ੍ਰਾਪਨ ਉਸਦੇ ਕਾਵਿ-ਮੁਹਾਂਦਰੇ ਦਾ ਇਕ ਹੋਰ ਮਹੱਤਵਪੂਰਨ ਵੇਰਵਾ ਹੈ। ਇਉਂ ਜਾਪਦਾ ਹੈ ਜਿਵੇਂ ਸ਼ਾਇਰ ਘਰ ਦੀ ਤਲਾਸ਼ ਵਿਚ ਹੈ। ਉਸ ਦਾ ਕੇਂਦਰੀ ਸੰਬੰਧ ਜਿਸ ਅਹਿਸਾਸ ਦੀ ਸ਼ਿੱਦਤ ਨਾਲ ਹੈ, ਉਹ ਉਸ ਕੋਲੋਂ ਖੁੱਸਿਆ ਹੋਇਆ ਹੈ। ਇੱਥੇ ਸਾਡਾ ਘਰ ਤੋਂ ਭਾਵ ਉਸ ਦੇ ਸਾਧਰਨ ਅਰਥਾਂ ਤੋਂ ਨਹੀਂ ਸਗੋਂ ਉਸ ਘਰ ਤੋਂ ਹੈ ਜਿਸਦੇ ਬਾਰੇ ਪ੍ਰਿੰਸੀਪਲ ਤੇਜਾ ਸਿੰਘ ਨੇ ਆਪਣੇ ਲੇਖ 'ਘਰ ਦਾ ਪਿਆਰ' ਵਿਚ ਸੰਕੇਤ ਕੀਤਾ ਸੀ।

'ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ। ਘਰ ਤੋਂ ਭਾਵ ਉਹ ਥਾਂ ਹੈ ਜਿੱਥੇ ਮਨੁੱਖ ਦੇ ਪਿਆਰ ਤੇ ਸੱਧਰਾਂ ਪਲਦੀਆਂ ਹਨ।'*

ਇਸ ਅਜਨਬੀਪਨ ਦੀ ਸਥਿਤੀ ਵਿਚ ਘਿਰਿਆ ਪਰਵਾਸੀ ਮਨੁੱਖ ਆਪਣੀ ਹੋਂਦ ਦੀ ਤਲਾਸ਼ ਵਿਚ ਹੈ। ਉਸਦੀ ਅਜਿਹੀ ਸਥਿਤੀ ਨੂੰ ਸ਼ਾਇਰ ਨੇ ਕਈ ਥਾਂ ਚਿਹਨਾਂ ਰਾਹੀਂ ਚਿਤਰਿਤ ਕੀਤਾ ਹੈ। ਜਿਵੇਂ :

1. **ਬਹੁਤ ਘੁੰਮੇਂ ਫਿਰੇ ਹਾਂ—**
**ਤੁਰਦਾ ਫਿਰਦਾ**
**ਅੰਨ੍ਹਾ ਖੂਹ ਲੈ**
**ਪੁੱਠੀਆਂ ਟਿੰਡਾਂ ਵਾਂਗ ਗਿੜੇ ਹਾਂ।** (ਪੰਨਾ 41)

2. **ਆਪਣਾ ਅੰਬਰ**
**ਆਪਣੀ ਧਰਤੀ**
**ਆਪਣੀ ਹੀ ਵੀਰਾਨ ਆਬਾਦੀ**
**ਵਾਂਗ ਵਰੋਲੇ,**
**ਫਰਸ਼ੋਂ ਛੱਤ ਤੱਕ—**
**ਅੰਨ੍ਹੀਂ ਨ੍ਹੇਰੀ ਵਾਂਗ ਚੜ੍ਹੇ ਹਾਂ।** (ਪੰਨਾ 41)

3. **ਸਿਕਲੀਗਰਾਂ ਦੀ ਬਸਤੀ ਵਾਂਙੂੰ**
**ਜਿੱਥੇ ਜਿੱਥੇ ਹੋਏ ਆਬਾਦ**
**ਉੱਥੇ ਆਪਣੀ ਬਰਬਾਦੀ ਦਾ**
**ਆਪਣੇ ਹੱਥੀਂ ਲਿਖਿਆ ਬਾਬ।** (ਪੰਨਾ 41-42)

---

* ਪ੍ਰਿੰਸੀਪਲ ਤੇਜਾ ਸਿੰਘ ਨਵੀਆਂ ਸੋਚਾਂ, ਪੰਨਾ 42



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

4. **ਮੀਲਾਂ ਤੱਕ, ਰੋਹੀ ਬੀਆਬਾਨ,**
**ਸੂਰਜ ਦਾ ਭੱਠ, ਥਲ ਤਪਦਾ ਹੈ।** (ਪੰਨਾ 42)

ਕਵੀ ਆਪਣੀ ਮਾਂ-ਭੂਮੀ ਲਈ ਸਿੱਕ ਅਭਿਵਿਅਕਤ ਕਰਦਾ ਹੈ। ਇਸ ਸਿੱਕ ਵਿੱਚੋਂ ਹੀ ਉਸ ਮੋਹ-ਮਾਇਆ ਅਤੇ ਮਾਂ ਵਿਚਕਾਰ ਅੰਤਰ ਸਪਸ਼ਟ ਕਰਦਾ ਹੈ। ਇਸ ਉਦਰੇਵੇਂ ਕਾਰਨ ਹੀ ਉਸ ਨੂੰ ਇਸ ਤਰਫ ਅਤੇ ਉਸ ਤਰਫ ਖ਼ਲਾਅ ਨਜ਼ਰ ਆਉਂਦਾ ਹੈ। ਮਾਂ-ਭੂਮੀ ਨੂੰ ਛੱਡ ਉਸ ਨੂੰ ਹਰ ਥਾਂ ਸਿਕਲੀਗਰਾਂ ਦੀ ਬਸਤੀ ਜਾਪਦੀ ਹੈ। ਜਿੱਥੇ ਇਨਸਾਨ ਆਪਣੀ ਬਰਬਾਦੀ ਦਾ ਜ਼ਿੰਮੇਂਵਾਰ ਖੁਦ ਹੁੰਦਾ ਹੈ। ਇਹਨਾਂ ਚਿਹਨਾਂ ਰਾਹੀਂ ਕਵੀ ਜੀਵਨ ਦੇ ਸੰਘਰਸ਼ ਨੂੰ ਬਿਆਨਦਾ ਹੈ ਤੇ ਚਿਹਨਾਂ ਦੀ ਇਹ ਪ੍ਰਕਿਰਿਆ ਨਿਰੰਤਰ ਚੱਲਦੀ ਰਹਿੰਦੀ ਹੈ।

ਅਜਾਇਬ ਕਮਲ ਨੇ 'ਆਪਣਾ ਦੇਸ਼' ਕਵਿਤਾ ਦਾ ਅਧਿਅਨ ਪੇਸ਼ ਕਰਦਿਆਂ ਕਿਹਾ ਹੈ :

> 'ਕਵਿਤਾ ਵਿਚਲਾ ਮੈਂ ਭਾਵ ਦੇਸ਼ ਵਾਸੀ ਭਟਕਣ ਤੇ ਅਤ੍ਰਿਪਤੀ ਦਾ ਅੰਨ੍ਹਾ ਖੂਹ ਬੁੱਕਲ ਓਹਲੇ ਲੁਕੋਈ ਬੜਾ ਘੁੰਮਿਆ-ਫਿਰਿਆ ਅਨੇਕ ਥਾਵੇਂ ਭਟਕਦਾ ਰਿਹਾ ਹੈ। ਖੂਹ ਦੀਆਂ ਪੁੱਠੀਆਂ ਟਿੰਡਾਂ ਵਾਂਗ ਬੇਅਰਥਾ ਭਟਕਦਾ ਰਿਹਾ ਹੈ। ਆਪਣਾ ਅੰਬਰ, ਆਪਣੀ ਧਰਤੀ, ਆਪਣੀ ਆਬਾਦੀ/ਬਰਬਾਦੀ ਆਪ ਸਿਰਜਦਾ ਰਿਹਾ ਹੈ। ਬੰਜਰ ਬੀਆਬਾਨ (ਓਪਰੀਆਂ ਧਰਤੀਆਂ) 'ਚ ਬੇਦਿਸ਼ਾਵਾ ਵਾਵਰੋਲਾ ਬਣ ਕੇ ਉੱਡਦਾ ਅੰਨ੍ਹੀ ਬੋਲੀ ਹਨੇਰੀ ਦਾ ਅਸਤਿਤ੍ਵ ਭੋਗਦਾ ਰਿਹਾ ਹੈ। ਅਜਿਹੇ ਵਾਵਰੋਲੇ ਪ੍ਰਕ੍ਰਿਤਕ ਅਮਲ 'ਚ ਉਲਝੇ ਆਪਣੇ ਆਪ ਉਤਪੰਨ ਹੁੰਦੇ, ਆਪਣੇ ਆਪ ਵਿਗਠਤ ਹੋ ਜਾਂਦੇ ਹਨ। ਵਿਗਠਤ ਹੋ ਕੇ ਆਪਣਾ ਵਿਅਕਤਿਤ੍ਵ ਆਪ ਸਮਾਪਤ ਕਰ ਬੈਠਦੇ ਹਨ।'*

ਕਵੀ ਕਹਿੰਦਾ ਹੈ ਕਿ ਆਪਣਾ ਦੇਸ਼ ਉਹ ਹੈ, ਉਹ ਭੂਗੋਲਿਕ ਖੰਡ ਹੈ, ਜਿਸ ਨਾਲ ਮੇਰਾ ਅਹਿਸਾਸ ਜੁੜਿਆ ਹੋਇਆ ਹੈ। ਉਹ ਕਹਿੰਦਾ ਹੈ ਕਿ ਉਹ ਬਹੁਤ ਘੁੰਮਿਆ ਫਿਰਿਆ ਹੈ, ਬਹੁਤ ਸੰਘਰਸ਼ ਵੀ ਕੀਤਾ ਹੈ, ਕਦੀ ਵਾ-ਵਰੋਲੇ ਵਾਂਗ ਅੰਬਰ ਤੇ ਚੜ੍ਹਿਆ ਤੇ ਕਦੀ ਡਿੱਗਿਆ। ਕਦੀ ਆਪਣੇ ਆਪ ਨੂੰ ਸਮੇਟਿਆ ਤੇ ਕਦੇ ਤਿਨਕਾ ਤਿਨਕਾ ਹੋ ਕੇ ਬਿਖਰਿਆ ਤੇ ਅੱਜ ਉਸਦਾ ਮੈਂ ਆਪਣੇ ਆਪ ਵਿਚ ਬੇਗਾਨੇਪਨ ਦਾ ਸੰਤਾਪ ਭੋਗ ਰਿਹਾ ਹੈ। ਉਸਦੀ ਜ਼ਿੰਦਗੀ ਉਨ੍ਹਾਂ ਸਿਕਲੀਗਰਾਂ ਵਾਂਗ ਹੈ ਜਿਹੜੇ ਜਿੱਥੇ ਵੱਸਦੇ ਹਨ ਉੱਥੇ ਹੀ ਉਨ੍ਹਾਂ ਦੀ ਬਰਬਾਦੀ ਵੀ ਵੱਸੀ ਹੁੰਦੀ ਹੈ।

---

* ਰਵਿੰਦਰ ਰਵੀ ਦੀ ਪੁਸਤਕ ਕਵਿਤਾ ਸਨਮੁੱਖ, ਪੰਨਾ 65



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਅੱਜ ਆਪਣੇ ਹੀ ਹੱਥੋਂ ਉਸਦੀ ਅਜਿਹੀ ਹਾਲਤ ਹੋ ਗਈ ਹੈ। ਉਹ ਕਹਿੰਦਾ ਹੈ ਕਿ ਅੱਜ ਜਦੋਂ ਅਸੀਂ ਆਪਣੇ ਕੇਂਦਰ ਭਾਵ ਵਤਨ ਤੋਂ ਵਿਛੁੰਨੇ ਗਏ ਹਾਂ ਤਾਂ ਵੀ ਅਸੀਂ ਆਸ ਦੀ ਕੰਨੀਂ ਨਹੀਂ ਛੱਡੀ ਤੇ ਹਰ ਹਾਲੀਂ ਕਾਇਮ ਦਾਇਮ ਰਹੇ, ਇਸ ਯਕੀਨ ਨਾਲ ਕਿ :

**ਕਦੇ ਤਾਂ ਮੌਸਮ ਬਦਲੇਗਾ ਹੀ**
**ਬੇਘਰਿਆਂ ਨੂੰ ਮਿਲ ਜਾਏਗਾ**
**ਦੇਸ਼ ਕਦੇ, ਕਦੇ ਘਰ ਵਾਸ**

**ਦੇਸ਼ ਬੇਗਾਨਾ ਹੋਇਆ**
**ਆਪਣਾ ਦੇਸ਼ ਬੇਗਾਨਾ ਹੋਇਆ !!!**
**ਪਹਿਲਾਂ ਦੇਸ਼ ਰਹਿੰਦਿਆਂ ਇੰਜ ਸੀ,**
**ਹੁਣ ਪਰਦੇਸ ਰਹਿੰਦਿਆਂ ਇੰਜ ਹੈ !!!** (ਪੰਨਾ 42)

ਇਸ ਕਾਵਿ-ਰਚਨਾ ਦੇ ਅਧਿਐਨ ਪਿੱਛੋਂ ਕਾਰਜਸ਼ੀਲ ਰਚਨਾ ਬੁਣਤੀ (Texture) ਦੀ ਪ੍ਰਕਿਰਤੀ ਵੀ ਸਹਿਜੇ ਹੀ ਸਾਹਮਣੇ ਆ ਜਾਂਦੀ ਹੈ।

**ਮੈਂ** — **ਸਥਿਤੀ**
**ਅਹਿਸਾਸ** |
**ਸੰਘਰਸ਼** |
**ਕਮਜ਼ੋਰੀ** |
**ਦੇਸ਼**
↓
**ਮੈਂ** ↓ **ਅਪਣੱਤ** ↓ **ਸ਼ਿੱਦਤ**

ਇੱਥੇ ਇਕ ਪਾਸੇ ਮੈਂ ਭਾਵ ਕਵੀ ਹੈ ਦੂਜੇ ਪਾਸੇ ਇਕ ਭੂਗੋਲਿਕ ਖੰਡ ਹੈ ਤੇ ਉਸ ਭੂਗੋਲਿਕ ਖੰਡ ਨਾਲ ਉਹ ਸਥਿਤੀਆਂ ਤੇ ਆਪਣੇ ਅਹਿਸਾਸ ਕਾਰਨ ਇਕ ਸ਼ਿੱਦਤ ਨਾਲ ਜੁੜਿਆ ਹੋਇਆ ਹੈ। ਇਹ ਗਤੀਸ਼ੀਲ ਸੰਬੰਧ ਉਸਦੀ ਆਪਣੇ ਦੇਸ਼ ਪ੍ਰਤੀ ਜੀਵੰਤ ਹੋਂਦ ਨੂੰ ਦਰਸਾਉਂਦੇ ਹਨ।

ਇਹ ਕਵਿਤਾ ਹੋਰ ਪਰਵਾਸੀ ਪੰਜਾਬੀ ਕਵੀਆਂ ਨਾਲੋਂ ਵੱਖਰੀ ਹੈ ਕਿਉਂਕਿ ਆਮ ਤੌਰ ਤੇ ਬਹੁਤ ਸਾਰੇ ਪਰਵਾਸੀ ਕਵੀ ਉਦਰੇਵੇਂ ਨੂੰ ਆਪਣਾ ਕਾਵਿ-ਆਧਾਰ ਬਣਾਉਂਦੇ ਹਨ। ਪਰ ਕਵੀ ਅਤੀਤਮੁਖਤਾ ਵਰਗੀਆਂ ਮਾਨਸਿਕ ਸਥਿਤੀਆਂ ਨੂੰ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਆਪਣੇ ਕਾਵਿ-ਜਗਤ ਦੀ ਸਮੱਗਰੀ ਨਹੀਂ ਬਣਾਉਂਦਾ ਸਗੋਂ ਅੰਤਰ-ਰਾਸ਼ਟਰੀ ਪੱਧਰ ਤੇ ਬਣ-ਬਿਣਸ ਰਹੀਆਂ ਮਾਨਵੀ ਸਥਿਤੀਆਂ ਉਸ ਦੇ ਕਾਵਿ ਦੀ ਮੁੱਖ ਵਸਤੂ ਬਣਦੀਆਂ ਹਨ। ਉਸ ਨੂੰ 'ਬ੍ਰਹਿਮੰਡਕ ਚੇਤਨਾ' ਵਾਲਾ ਪੰਜਾਬੀ ਕਵੀ ਵੀ ਕਿਹਾ ਜਾਂਦਾ ਹੈ ਕਿਉਂਕਿ ਸਮੁੱਚੇ ਬ੍ਰਹਿਮੰਡ ਵਿਚ ਰਹਿਣ ਵਾਲੇ ਵਿਅਕਤੀ ਦੇ ਪ੍ਰਮਾਣਿਕ ਅਨੁਭਵ ਪ੍ਰਤਿ ਉਸਨੇ ਕਾਵਿ-ਸੰਵੇਦਨਾ ਦੇ ਦਰ ਖੁੱਲ੍ਹੇ ਰੱਖੇ ਹਨ। ਉਸ ਦਾ ਕਾਵਿ-ਅਨੁਭਵ ਹਰ ਪ੍ਰਕਾਰ ਦੇ ਪੂਰਵਾਗ੍ਰਹਿ ਤੋਂ ਮੁਕਤ ਹੈ ਪਰ ਅਜਿਹੀ ਮੁਕਤੀ ਸਾਹਿਤਕ ਪ੍ਰਤਿਬੱਧਤਾ ਦਾ ਉਪਹਾਸ ਨਹੀਂ ਸਗੋਂ ਰਵੀ ਕਿਸੇ ਵੀ ਨਿਜ਼ਾਮ ਵਿਚ ਰਹਿਣ ਵਾਲੇ ਹਰ ਹੱਸਾਸ ਅਤੇ ਸ਼ੋਸ਼ਿਤ ਵਿਅਕਤੀ ਦੀਆਂ ਪੀੜਾਂ ਅਤੇ ਯਾਤਨਾਵਾਂ ਪ੍ਰਤਿ ਸੱਚੀ ਪ੍ਰਤਿਬੱਧਤਾ ਰੱਖਦਾ ਵੇਖਿਆ ਜਾ ਸਕਦਾ ਹੈ। ਇਉਂ ਉਸਦੀ ਕਵਿਤਾ ਖੇਤਰੀਵਾਦ ਅਤੇ ਅੰਤਰ-ਰਾਸ਼ਟਰੀਵਾਦ ਦੇ ਦਰਮਿਆਨ ਇਕ ਸਹਿਜ ਸੰਤੁਲਨ ਉਸਾਰਨ ਦੀ ਸੁਹਿਰਦ ਕੋਸ਼ਿਸ਼ ਹੈ।

**-ਡਾ. ਜਸਪਾਲ ਕੌਰ (ਭਾਰਤ)**
ਐਸੋਸੀਏਟ ਪ੍ਰੋਫ਼ੈਸਰ
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ-110007


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

## ਰੇਲ ਦੀ ਪਟੜੀ 'ਤੇ ਸਮੁੰਦਰ-1

ਰੇਲ ਦੀ ਪਟੜੀ 'ਤੇ
ਸਮੁੰਦਰ ਦੌੜਦਾ ਹੈ !
ਡੱਬਿਆਂ ਵਿਚ ਮੱਛੀਆਂ
ਸਫ਼ਰ ਕਰਦੀਆਂ ਹਨ।

ਸਿਰ 'ਚੋਂ ਘਾ ਉੱਗਦਾ ਹੈ,
ਪੈਰਾਂ 'ਚੋਂ ਸਫ਼ਰ।

ਆਪਣੀ ਕਬਰ ਚੁੱਕੀ ਦਿਲ
ਫਟਾ ਫਟ, ਫਟਾ ਫਟ
ਖਿਤਿਜ ਵੱਲ ਵਧ ਰਿਹਾ ਹੈ !

ਤ੍ਰਿਸ਼ਨਾ, ਕਿਤੇ ਨਹੀਂ ਪਹੁੰਚਦੀ,
ਚੱਲਦੀ ਹੈ :
ਫਟਾ ਫਟ, ਫਟਾ ਫਟ
ਫਟਾ ਫਟ, ਫਟਾ ਫਟ।

ਰੇਲ ਦੀ ਪਟੜੀ 'ਤੇ ਸਮੁੰਦਰ ਦੌੜਦਾ ਹੈ !

## ਰੇਲ ਦੀ ਪਟੜੀ 'ਤੇ ਸਮੁੰਦਰ-2

ਰੇਲ ਦੀ ਪਟੜੀ 'ਤੇ ਸਮੁੰਦਰ ਗੱਜਦਾ ਹੈ।
ਕਣ ਕਣ ਵਿਚ ਸੂਰਜ,
ਭਰਮ-ਜਲ ਵਗਦਾ ਹੈ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਗੱਡੀ ਹੈ, ਡੱਬੇ ਹਨ,
ਡੱਬਿਆਂ ਵਿਚ ਮਾਇਆ ਹੈ !
ਤਨ ਰੁੱਖ ਰਖਦੇ ਹਨ
ਫਟਾ ਫਟ, ਫਟਾ ਪਟ।

ਨਜ਼ਰ 'ਚ ਮੰਜ਼ਲ ਦੇ ਨਿਸ਼ਾਂ
ਡੁੱਬਦੇ ਹਨ
ਬੁੱਝਦੇ ਹਨ
ਜਗਦੇ ਹਨ
ਫਟਾ ਫਟ, ਫਟਾ ਫਟ।

ਫਟਾ ਫਟ, ਫਟਾ ਫਟ,
ਉੱਠਦੇ ਹਨ ਸਵਾਲ :

ਕਿੱਥੋਂ ਆਏ ਹਾਂ ?
ਕਿੱਥੇ ਜਾਣਾ ਹੈ ?
ਕਿਹੜੀ ਮੰਜ਼ਲ ?
ਕਵਣ ਪੜਾਅ ?
ਕੀ ਟਿਕਾਣਾ ਹੈ ?

ਫਟਾ ਫਟ, ਫਟਾ ਫਟ
ਗੱਡੀ ਦੌੜੀ ਜਾਂਦੀ ਹੈ।

ਗੱਡੀ ਦੇ ਆਰ ਪਾਰ,
ਨਜ਼ਰ ਦੀ ਸੀਮਾਂ 'ਤੇ,
ਰੇਲ ਦੀ ਪਟੜੀ ਦੇ ਸਿਰੇ,
ਗੁੰਮ ਗ਼ਰਕ ਜਾਂਦੇ ਹਨ
ਫਟਾ ਫਟ
ਨਜ਼ਰ ਫਿਰ ਵੀ ਜਾਗਦੀ ਹੈ,
ਆਪਣੀ ਸੀਮਾਂ ਦੇ
ਦੋ ਸਿਰਿਆਂ ਵਿਚਕਾਰ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਇਹ ਹੀ ਜ਼ਿੰਦਗੀ ਹੈ, ਸ਼ਾਇਦ,
ਕਾਇਆ ਤੇ ਮਾਇਆ ਵਿਚਕਾਰ,
ਇਕ ਦੀਪ ਦਾ ਜਗਣਾ
ਤੇ ਜਗਦੇ ਜਾਣਾ
ਫਟਾ ਫਟ, ਫਟਾ ਫਟ।

ਬਾਕੀ ਤਾਂ ਗੱਡੀ ਹੈ,
ਰੇਲ ਦੀ ਪਟੜੀ ਹੈ।
ਪੰਧ, ਥਹੋਂ ਘੁੰਮ ਰਿਹਾ ਹੈ,
ਪਟੜੀ, ਥਹੋਂ ਵਿਛੀ ਪਈ ਹੈ।

ਕਿਹੜੀ ਚੀਜ਼, ਕਿੱਥੋਂ,
ਕਿੱਥੇ ਗਈ ਹੈ ?
ਰੇਲ ਦੀ ਪਟੜੀ 'ਤੇ ਸਮੁੰਦਰ ਗੱਜਦਾ ਹੈ !
ਕਣ ਕਣ ਵਿਚ ਸੂਰਜ ਹੈ,
ਭਰਮ-ਜਲ ਵਗਦਾ ਹੈ !!!

ਗੱਡੀ ਦੀ ਫਟਾ ਫਟ
ਫਟਾ ਫਟ, ਫਟਾ ਫਟ
ਕੰਨਾਂ ਨੂੰ ਜੁੜੀ,
ਥਹੋਂ ਗੂੰਜਦੀ ਧੁਨੀ,
ਗੂੰਜੀ ਜਾ ਰਹੀ :
ਫਟਾ ਫਟ, ਫਟਾ ਫਟ,
ਫਟਾ ਫਟ, ਫਟਾ ਫਟ।

ਮਨੁੱਖਾ ਜੀਵਨ-ਸਫ਼ਰ ਮਾਇਆ-ਜਾਲਾਂ, ਭਰਮ-ਜਾਲਾਂ ਦੇ ਡੱਬ-ਖੜੱਬੇ ਪਰਛਾਵਿਆਂ ਨਾਲ ਓਤ ਪੋਤ ਹੈ। ਪਟੜੀ ਜੀਵਨ ਸਫ਼ਰ ਦਾ ਚਿੰਨ੍ਹ ਹੈ ਤੇ ਸਮੁੰਦਰ, ਮਾਇਆ-ਜਾਲਾਂ, ਭਰਮ-ਜਾਲਾਂ ਦਾ ਬਿੰਬ ਦਰਪਣ, ਕਟਕਣ ਕਰੀ ਤ੍ਰਿਸ਼ਨਾ ਦਾ ਸੋਮਾ।

ਰੇਲ ਦੇ ਡੱਬਿਆਂ 'ਚ ਮੱਛੀਆਂ ਸਫ਼ਰ ਕਰਦੀਆਂ ਹਨ। ਮੱਛੀਆਂ ਤ੍ਰਿਸ਼ਨਾਂ ਦਾ ਚਿੰਨ੍ਹ ਹਨ, ਭਰਮ-ਜਾਲਾਂ ਦਾ ਸੋਮਾ ਹਨ, ਜਿਵੇਂ ਸਮੁੰਦਰ ਮੱਛੀਆਂ ਦਾ ਹੋਂਦ-ਮੁਖੀ ਸੋਮਾਂ। ਮਨੁੱਖਾ ਸਿਰ, ਵਿੱਦਵਤਾ, ਗਿਆਨ ਤੇ ਸੋਚਾਂ ਫਿਕਰਾਂ ਦਾ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਸਰੋਤ ਹੈ। ਘਾ ਮਾਇਕ ਧੁੰਦੂਕਾਰੇ (confusion) ਦਾ ਚਿੰਨ੍ਹ ਹੈ। ਹਰ ਮਨੁੱਖ ਆਪਣੀ ਆਪਣੀ ਅਣਹੋਂਦ (ਮ੍ਰਿਤੂ-ਅੰਤ) ਦੀ ਗੰਢ/ਪੋਟਲੀ ਸਾਂਭੀ ਤੇਜ਼ ਗਤੀ ਨਾਲ ਇਕ ਅਜਾਤ ਪੈਂਡੇ ਵੱਲ ਤੁਰਿਆ ਜਾ ਰਿਹਾ ਹੈ। ਉਸ ਦੀ ਰੀੜ੍ਹ 'ਚ ਤ੍ਰਿਸ਼ਨਾ ਅਜਿਹੀ ਭਟਕਣ ਹੈ ਜਿਸ ਦਾ ਨਾਂ ਕੋਈ ਓੜਕ ਹੈ, ਨਾ ਕੋਈ ਅੰਤ। ਇਸ ਦਾ ਨਾ ਕੋਈ ਪੜਾ ਹੈ, ਨਾ ਮੰਜ਼ਲ। ਇਸ ਦਾ ਆਦਿ ਜੁਗਾਦਿ ਸਫਰ ਹੀ ਸਫਰ ਹੈ। ਭਾਵ ਭਟਕਣ ਹੀ ਭਟਕਣ, ਤ੍ਰਿਸ਼ਨਾ ਹੀ ਤ੍ਰਿਸ਼ਨਾ। ਏਸ ਚੱਕਰ-ਨੁਮਾ ਅਨੰਤ ਸਫਰ 'ਚ ਨਾ ਕਿਤੇ ਤ੍ਰਿਪਤੀ ਹੈ, ਨਾ ਕਲਿਆਣ ਤੇ ਨਾ ਮੁਕਤੀ।

**ਤ੍ਰਿਸ਼ਨਾ ਕਿਤੇ ਨਹੀਂ ਪਹੁੰਚਦੀ**
**ਚੱਲਦੀ ਹੈ**
**ਫਟਾ ਫਟ, ਫਟਾ ਫਟ**
**ਰੇਲ ਦੀ ਪਟੜੀ ਤੇ ਸਮੁੰਦਰ ਦੌੜਦਾ ਹੈ**

ਸਪਸ਼ਟ ਹੋਇਆ ਕਿ ਰੇਲ ਦੀ ਪਟੜੀ ਦਾ ਰੂਪਾਕਾਰ ਕਵੀ ਸਾਮਿਅਕ ਪਰਵਾਹ ਲਈ ਪ੍ਰਯੋਗਦਾ ਹੈ ਤੇ ਸਮੁੰਦਰ ਨੂੰ ਮਾਇਆ-ਜਾਲਾਂ ਭਰਮ-ਜਾਲਾਂ ਦੀ ਵਿਆਖਿਆ ਲਈ।

**(2)**

ਪਹਿਲੇ ਸਰਗ 'ਚ ਰੇਲ ਦੀ ਪਟੜੀ ਉੱਪਰ ਸਮੁੰਦਰ ਰੇਲ-ਡੱਬੇ ਵਾਂਗ ਦੌੜਦਾ ਸੀ। ਜੀਵਨ ਹਾਬੜੀ ਤ੍ਰਿਸ਼ਨਾ, ਮਾਇਆ-ਜਾਲਾਂ, ਭਰਮ-ਜਾਲਾਂ ਦਾ ਮਿਲ-ਗੋਭਾ ਸੀ। ਪਰ ਅਗਲੇਰੀ ਚਿੰਤਨ ਅਵਸਥਾ ਤਕ ਪੁੱਜ ਕੇ ਸਮੁੰਦਰ ਦੇਹ ਬਦਲ ਕੇ 'ਬੱਦਲ' ਦਾ ਨਵਾਂ ਸਰੂਪ (ਦੋਹਰਾ) ਧਾਰਨ ਕਰ ਲੈਂਦਾ ਹੈ :

**ਰੇਲ ਦੀ ਪਟੜੀ ਤੇ ਸਮੁੰਦਰ ਗੱਜਦਾ ਹੈ**
**ਕਣ ਕਣ ਵਿਚ ਸੂਰਜ**
**ਭਰਮ-ਜਲ ਵੱਗਦਾ ਹੈ**

ਪਰ 'ਬੱਦਲ ਦਾ ਰੂਪ ਸਰੂਪ ਤਾਂ' ਭਾਵੇਂ ਵੱਖਰਾ ਹੈ ਪਰ ਇਸ ਦਾ ਆਂਤਰਕ ਅਸਲਾ ਸਮੁੰਦਰ ਨਾਲੋਂ ਵੱਖਰਾ ਨਹੀਂ। ਇਹ ਬੱਦਲ ਵੀ ਤ੍ਰਿਸ਼ਨਾ ਤੇ ਭਰਮ-ਜਾਲ ਦਾ ਹੀ ਪ੍ਰਤੀਕ ਹੈ। ਬੱਦਲ ਵੀ ਭੁੱਖ ਭਟਕਣਾਂ ਦਾ ਹੀ ਮੁਜੱਸਮਾ ਹੈ। ਬਾਹਰੋਂ ਜਲ ਦਾ ਵਿਸ਼ਾਲ ਭੰਡਾਰਾ ਦਿਸਣ ਵਾਲਾ ਇਹ ਨਵਾਂ ਸਮੁੰਦਰ ਵੀ ਆਪਣੇ ਗਰਭ 'ਚ ਸੜਦਾ ਬਲਦਾ ਮਾਰੂਥਲ ਸਾਂਭੀ ਬੈਠਾ ਹੈ :

**ਤਨ ਭੁੱਖ ਭਖਦੇ ਹਨ**
**ਫਟਾ ਫਟ, ਫਟਾ ਫਟ**


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਸਾਹਵੇਂ ਦਿਸਹੱਦੇ ਤੇ ਜਿਸ ਪਾਸੇ ਵੱਲ ਰੇਲ-ਗੱਡੀ ਪਟੜੀ ਤੇ ਤੇਜ਼ ਸਫਰ ਦੀ ਧੁੰਨ 'ਚ ਗੁੰਮੀ ਗੁਆਚੀ ਅੰਨ੍ਹੇਵਾਹ ਦੌੜੀ ਜਾਂਦੀ ਹੈ। ਆਸ਼ਾ, ਨਿਰਾਸ਼ਾ, ਤ੍ਰਿਪਤੀ, ਅਤ੍ਰਿਪਤੀ ਦੇ ਡੱਬ ਖੜੱਬੇ ਪਰਛਾਵੇਂ ਉਪਜੀ ਵੀ ਜਾਂਦੇ, ਅਲੋਪੀ ਵੀ ਜਾਂਦੇ ਨੇ। ਆਸ਼ਾ, ਨਿਰਾਸ਼ਾ, ਤ੍ਰਿਸ਼ਨਾ, ਤ੍ਰਿਪਤੀ ਵੀ ਦੋਹਰੀ ਪ੍ਰਕਿਰਿਆ 'ਚ ਉਲਝੇ ਜਗਿਆਸੂ ਲਈ ਮੰਜ਼ਲ ਦੇ ਨਕਸ਼ੇ ਬਣੀ ਵੀ ਜਾਂਦੇ ਮਿਟੀ ਵੀ ਜਾਂਦੇ ਨੇ। ਪਰ ਆਸ਼ਾ, ਨਿਰਾਸ਼ਾ, ਤ੍ਰਿਸ਼ਨਾ, ਤ੍ਰਿਪਤੀ ਵਾਲੀ ਦੋ-ਮੂੰਹੀ ਕਿਰਿਆ ਤੋਂ ਅਭਿੱਜ ਇਸ ਦਾ ਰੇਲ-ਗੱਡੀ ਵਰਗਾ ਤੇਜ਼ ਸਫਰ ਨਿਰੰਤਰ ਜਾਰੀ ਹੈ :

**ਨਜ਼ਰ ਵਿਚ ਮੰਜ਼ਲ ਦੇ ਨਿਸ਼ਾਂ**
**ਡੁੱਬਦੇ ਹਨ, ਬੁੱਝਦੇ ਹਨ, ਜਗਦੇ ਹਨ**
**ਫਟਾ ਫਟ, ਫਟਾ ਫਟ**

ਮਨੁੱਖਾ ਜੀਵਨ ਬੜਾ ਵਿਕਟ ਤੇ ਵਿਵਿਧ ਪੱਖਾ ਹੈ। ਨਾ ਸਫਰ ਤੇ ਸੰਘਰਸ਼ ਮੁੱਕਦਾ, ਨਾ ਪੰਧ ਪ੍ਰਾਪਤ ਹੁੰਦਾ ਹੈ। ਏਸ ਸੈਹਾ-ਦੌੜ 'ਚ ਉਲਝਿਆ, ਥੱਕਾ ਟੁੱਟਾ ਮਨੁੱਖ ਪ੍ਰਸ਼ਨ-ਦਰ-ਪ੍ਰਸ਼ਨ ਵਾਲੀ ਕੁਟਿਲ ਸਥਿਤੀ ਦਾ ਸ਼ਿਕਾਰ ਬਣ ਨਿਬੜਦਾ ਹੈ। ਉਸ ਦੇ ਪ੍ਰਸ਼ਨਾਂ ਦੁਆਰਾ ਉਲਝੇ ਸਿਰ 'ਚ ਆਪਣੇ ਆਦਿ ਅੰਤ ਦਾ ਰਹੱਸ ਜਾਨਣ ਸਮਝਣ ਦੀ ਲਾਲਸਾ ਉਤਪੰਨ ਹੋ ਜਾਂਦੀ ਹੈ :

**ਕਿੱਥੋਂ ਆਏ, ਕਿੱਥੇ ਜਾਣਾ ਹੈ ?**

ਪਰ ਅਜਿਹੇ ਅਰਥਹੀਣ ਪ੍ਰਸ਼ਨ ਨਿਰਅਰਥ, ਨਿਰ-ਉੱਤਰ ਹੀ ਰਹਿ ਜਾਂਦੇ ਨੇ। ਪ੍ਰਸ਼ਨਾਂ ਦਾ ਉੱਤਰ, ਪ੍ਰਸ਼ਨਾਂ ਦਾ ਹਾਸਲ ਕੇਵਲ ਪ੍ਰਸ਼ਨ ਹਨ, ਆਦਮ ਕਦੇ ਤੋਂ ਲੈ ਕੇ ਅਸਮਾਨ ਕਦੇ ਪ੍ਰਸ਼ਨ। ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਮਾਇਆ, ਤ੍ਰਿਸ਼ਨਾ, ਸਫਰ, ਤੀਬਰ ਭਟਕਣ, ਨਿਰੰਤਰ ਦੌੜ ਤੋਂ ਅੱਗੇ ਨਹੀਂ ਜਾਂਦਾ।

**ਗੱਡੀ ਦੇ ਆਰ ਪਾਰ**
**ਨਜ਼ਰ ਦੀ ਸੀਮਾ ਤੇ**
**ਰੇਲ ਦੀ ਪਟੜੀ ਦੇ ਸਿਰੇ**
**ਗੁੰਮ ਗਰਕ ਜਾਂਦੇ ਹਨ**

ਅਜੋਕੇ ਯੁੱਗ ਦਾ ਪ੍ਰਮੁੱਖ ਅਸਤਿਤ੍ਵਵਾਦੀ ਫਿਲਾਸਫਰ ਯਾਂ ਪਾਲ ਸਾਰਤਰ 'ਕਾਇਆ' ਨੂੰ 'ਬੀਇੰਗ' (Being) ਤੇ ਮਾਇਆ ਨੂੰ ਨਥਿੰਗਨੈਸ (Nothingness ਆਖਦਾ ਹੈ। ਬੀਇੰਗ ਤੇ ਨਥਿੰਗਨੈਸ ਨੂੰ ਸੱਚ, ਭਰਮ, ਅਸਲੇ ਉਹਲੇ ਦਾ ਨਾਂ ਵੀ ਦਿੱਤਾ ਜਾ ਸਕਦਾ ਹੈ। ਜੀਵਨ ਸੱਚ ਕੀ ਹੈ ? ਇਹਨਾਂ ਵਿਚਲਾ ਦੋਹਰਾ ਸਫਰ ਵੀ ਤਾਂ ਜੀਵਨ ਵਿਚਲਾ ਅਸਲੀ ਸੱਚ ਹੈ :


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

**ਬਾਕੀ ਤਾਂ ਗੱਡੀ ਹੈ**
**ਰੇਲ ਦੀ ਪਟੜੀ ਹੈ**

ਇਹੀ ਸੱਚ ਸਫਰੀ ਮਾਧਿਅਮ ਤੇ ਸਫਰੀ ਸੱਚ ਹੈ ਜੋ ਸਿੱਧੀ ਸਤੀਰ ਲਕੀਰ ਤੇ ਨਹੀਂ ਸਗੋਂ ਗੋਲ ਦਾਇਰੇ 'ਚ ਸਫਰ ਅਵਸਥਾ 'ਚ ਗੜੁੰਦਿਆ ਪਿਆ ਹੈ।

ਹੋਂਦ ਅਣਹੋਂਦ ਸੂਰਜ ਤੇ ਸਮੁੰਦਰ, ਕਾਇਆ ਤੇ ਮਾਇਆ ਦੇ ਜਾਲ ਜੰਜਾਲ 'ਚ ਉਲਝਿਆ ਵਿਅਕਤੀ ਇਨ੍ਹਾਂ ਉਹਲੇ ਲੁਪਤ ਭਰਮ-ਸੱਚ ਭੋਗਦਾ ਗੱਡੀ ਵਾਲੇ ਨਿਰੰਤਰ ਸਫਰ ਤੇ ਤੁਰਿਆ ਰਹਿੰਦਾ ਹੈ :

**ਕੰਨਾਂ ਨੂੰ ਜੁੜੀ**
**ਥਹੇਂ ਗੂੰਜਦੀ ਧੁਨੀ**
**ਗੂੰਜੀ ਜਾ ਰਹੀ**

**-ਅਜਾਇਬ ਕਮਲ (ਕੀਨੀਆਂ)**



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

## ਮੂਰਖ, ਮੱਛੀਆਂ ਤੇ ਬੇੜੀਆਂ

ਮੂਰਖ, ਮੱਛੀਆਂ ਨੂੰ
ਬੇੜੀਆਂ ਸਮਝ ਬੈਠੇ,
ਤੇ ਉਨ੍ਹਾਂ ਵਿਮਾਨ 'ਚੋਂ,
ਸਮੁੰਦਰ 'ਚ,
ਛਲਾਂਗ ਲਗਾ ਦਿੱਤੀ !

ਉਹ, ਜ
ਹਵਾ 'ਚ ਬੱਝ ਕੇ
ਥੱਕ ਗਏ ਸਨ,
ਖ਼ੁਦ ਤੋਂ ਅੱਕ ਗਏ ਸਨ,
ਸਮੁੰਦਰ ਦਾ ਸਫ਼ਰ
ਬਣਨਾ ਲੋਚਦੇ ਸਨ।

ਸਫ਼ਰ ਜੋ ਬੇੜੀਆਂ ਹੁੰਦਾ,
ਹਰ ਮੱਲਾਹ ਕਿੱਧਰ ਜਾਂਦਾ ?
ਸਮੁੰਦਰ, ਕੰਢੇ ਸੁਕੜ ਜਾਂਦਾ।

ਸਫ਼ਰ ਤਾਂ ਮਛਲੀ ਵੀ ਨਹੀਂ—
ਸਗੋਂ ਉਸ ਦਾ
ਸਮੁੰਦਰ ਦੇ ਨੇਮ ਨੂੰ ਤੋੜਨਾ ਹੈ ...

ਤਹਿ ਦੇ ਬੱਝਵੇਂ ਬਹਾਅ 'ਚੋਂ,
ਉੱਛਲਨਾ, ਫੁਦਕਨਾ,
ਹਵਾ 'ਚ ਹਵਾ ਹੋਣਾ ਹੈ ...

ਮੁੜ ਡਿਗਣਾ
ਤੇ ਡਿਗਦੇ ਹੋਏ ਵੀ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਜਲ ਦੀ ਤਹਿ ਨੂੰ ਤੋੜਨਾ—
ਪਿੱਛੇ, ਇਕ ਚਿੱਟੀ ਲੀਕ
ਛੱਡ ਜਾਣਾ ਹੈ ...

ਬੱਸ,
ਇਹ ਹੀ ਸਫ਼ਰ ਹੈ !
ਬਾਕੀ ਤਾਂ ਸਮੁੰਦਰ ਹੈ,
ਕੰਢਾ ਹੈ, ਬੇੜੀ ਹੈ,
ਮਛਲੀ ਹੈ, ਮੱਲਾਹ ਹੈ !
ਕਾਲੇ ਬੋਲੇ ਸਮੁੰਦਰ ਦੇ
ਸੀਨੇ 'ਤੇ, ਜਿਸ ਲੀਕ ਨੂੰ
ਉਹ ਬੇੜੀ ਸਮਝ ਬੈਠੇ ਸਨ,
ਉਹ ਨਾ ਬੇੜੀ ਸੀ,
ਨਾ ਮਛਲੀ ਸੀ ...

ਉਹ ਤਾਂ ਮਛਲੀ ਦਾ ਹਵਾ ਹੋਣਾ ਸੀ,
ਜਲ ਦੇ ਬੱਝਵੇਂ ਨੇਮ ਤਾਈਂ ਤੋੜ ਕੇ—
ਇਕ ਸੁਤੰਤਰ ਅਦਾਅ ਹੋਣਾ ਸੀ ...

ਛਿਣ-ਛਿਣ ਦਾ, ਸਮੁੰਦਰ 'ਚ ਕਰਮ ਬਣਨਾ,
ਸਦਾ ਹੋਣਾ ਸੀ ...
ਅੱਖ ਦਾ ਨਜ਼ਰ,
ਨਜ਼ਰ ਦਾ ਦਿਸ਼ਾ ਹੋਣਾ ਸੀ ...
ਮੂਰਖ, ਮੱਛੀਆਂ ਨੂੰ
ਬੇੜੀਆਂ ਸਮਝ ਬੈਠੇ,
ਤੇ ਉਨ੍ਹਾਂ ਵਿਮਾਨ 'ਚੋਂ,
ਸਮੁੰਦਰ 'ਚ
ਛਲਾਂਗ ਲਗਾ ਦਿੱਤੀ !

ਮਨੁੱਖਾ ਜੀਵਨ, ਮਨੁੱਖਾ ਅਨੁਭਵ ਅਚਰਜ ਪ੍ਰਕਿਰਿਆ ਹੈ। ਇਹ ਨਜ਼ਰ ਲਈ ਭਰਮ-ਜਾਲ ਹੀ ਹੈ, ਅਣਜਾਣੇ ਅਨੁਭਵਾਂ ਨੂੰ ਮਾਨਣ ਭੋਗਣ ਦੀ ਲਾਲਸਾ ਮੁਖੀ ਵਿਸਤ੍ਰਿਤ ਵੇਰਵਾ ਵੀ। ਅਕਹਿਰੇ ਅਨੁਭਵ ਭੋਗਦਾ ਵਿਅਕਤੀ, ਭਰਮ ਤੇ ਉਕਤਾਹਟ ਦੋਹਾਂ ਦਾ ਸ਼ਿਕਾਰ ਬਣ ਨਿਬੜਦਾ ਹੈ :


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

**ਮੂਰਖ ਮੱਛੀਆਂ ਨੂੰ ਬੇੜੀਆਂ ਸਮਝ ਬੈਠੇ**

ਤੇ ਉਸ ਬੇਸਮਝੀ ਦਾ ਸਿੱਟਾ ਇਹ ਨਿਕਲਿਆ :

**ਉਹ ਜੁ ਹਵਾ ਵਿਚ ਬੱਝ ਕੇ ਥੱਕ ਗਏ ਸਨ**
**ਖ਼ੁਦ ਤੋਂ ਅੱਕ ਗਏ ਸਨ**

ਏਸੇ ਲਈ ਏਸ ਨਿਰਾਰਥਕ ਜਿਹੇ ਹਵਾਈ ਸਫਰੋਂ ਉਕਤਾ ਦੇ ਬੋਰਡਮ ਮਾਰੇ ਵਿਅਕਤੀ ਨੂੰ ਅਨੁਭਵੀ ਪ੍ਰੀਵਰਤਨ ਮਾਨਣ ਭੋਗਣ ਲਈ ਸਮੁੰਦਰ 'ਚ ਛਾਲ ਲਗਾਉਣੀ ਪੈਂਦੀ ਹੈ ਪਰ ਕਰਮ-ਹੀਣ ਸਥਿਤੀ 'ਚ ਵਿਚਰਿਆਂ, ਨਵੇਂ ਕੋਨ ਤੋਂ ਦੇਖਿਆਂ/ਘੋਖਿਆਂ ਗਿਆਤ ਮਿਲਦੀ ਹੈ ਕਿ ਸਫਰ ਨਾ ਬੇੜੀ ਹੈ, ਨਾ ਮਛਲੀ, ਸਗੋਂ ਇਹ ਤਾਂ ਮਲਾਹ ਹੈ, ਮਨੁੱਖ ਹੈ, ਚੇਤਨ ਵਿਕਾਸ ਪ੍ਰਕਿਰਿਆ ਹੈ। ਇਹ ਨੇਮ-ਪਾਲੂ ਨਹੀਂ, ਨੇਮ-ਭੰਗ ਪ੍ਰਕਿਰਿਆ 'ਚ ਗਲੇਫਿਆ ਲਪੇਟਿਆ ਨਿਰੰਤਰ ਕਰਮ ਹੈ :

**ਤਹਿ ਦੇ ਬੱਝਵੇਂ ਬਹਾਅ 'ਚੋਂ ਉਛਲਣਾ ਫੁਦਕਣਾ**
**ਹਵਾ 'ਚ ਹਵਾ ਹੋਣਾ / ਮੁੜ ਡਿਗਣਾ**
**ਤੇ ਡਿਗਦੇ ਹੋਏ ਵੀ ਜਲ ਦੀ ਤਹਿ ਨੂੰ ਤੋੜਨਾ**
**ਪਿੱਛੇ ਇਕ ਚਿੱਟੀ ਲੀਕ ਛੱਡ ਜਾਣਾ**

ਪਿੱਛੇ ਛੱਡੀ ਜਾਣ ਵਾਲੀ ਇਹ ਚਿੱਟੀ ਲੀਕ ਕੀ ਹੈ ? ਕੇਵਲ ਸਫਰੀ ਅਨੁਭਵ ਤੇ ਉਸ ਦੀ ਪ੍ਰਾਪਤੀ, ਉਸ ਦੀ ਬਚੀ ਹੋਈ ਬਾਕੀ। ਸਫਰ ਹੀ ਅਸਲਾ, ਸਫਰ ਹੀ ਅਸਲੀਅਤ ਹੈ। ਏਹੀ ਜੀਵਨ ਦਾ ਆਬਰਾ ਕਦਾਬਰਾ, ਸਭ ਕੁਝ ਹੈ, ਸਮੁੰਦਰ ਤੇ ਸੋਮਾ ਹੈ, ਜੜ੍ਹ ਤੇ ਖੜੋਤ ਹੈ। ਮਛਲੀ, ਬੇੜੀ, ਮਲਾਹ ਤੇ ਕੰਢਾ ਤਾਂ ਵਾਹਣ ਹਨ, ਮਾਇਆ ਤੇ ਮਾਧਿਅਮ ਹਨ। ਸਮੁੰਦਰ ਬਗੈਰ, ਬੇੜੀ, ਮਲਾਹ, ਮਛਲੀ ਦੀ ਹੋਂਦ ਹੋਣੀ ਸੰਭਵ ਨਹੀਂ। ਇਹ ਸਾਰੇ ਤਾਂ ਵਿਨਾਸ਼-ਮੁਖੀ, ਕਰਮ-ਜਲੀ ਪਰਛਾਵੇਂ ਹਨ। ਅਸਲ ਜੀਵਨ-ਸੱਚ ਤਾਂ ਬੋਰਡਮ ਤੇ ਉਕਤਾਹਟ ਦੇ ਚੱਕਰਵਿਊ ਨੂੰ ਤੋੜ ਕੇ ਨਵੀਨ ਤੇ ਮੌਲਕ ਅਨੁਭਵ ਭੋਗਣ ਦੀ ਲਾਲਸਾ ਭਰੀ ਤਤਪਰਤਾ ਹੈ। ਏਸ ਪ੍ਰਕਿਰਿਆ 'ਚ ਸੰਤੁਸ਼ਟੀ ਵੀ ਹੈ, ਸੁਤੰਤਰਤਾ ਪ੍ਰਾਪਤੀ ਵੀ ਹੈ :

**ਉਹ ਤਾਂ ਮਛਲੀ ਦਾ ਹਵਾ ਹੋਣਾ ਸੀ**
**ਜਲ ਦੇ ਬੱਝਵੇਂ ਨੇਮ ਤਾਈਂ ਤੋੜ ਕੇ**
**ਇਕ ਸੁਤੰਤਰ ਅਦਾ ਹੋਣਾ ਸੀ**
**ਅੱਖ ਦਾ ਨਜ਼ਰ/ਨਜ਼ਰ ਦਾ ਦਿਸ਼ਾ ਹੋਣਾ ਸੀ**

**–ਅਜਾਇਬ ਕਮਲ (ਕੀਨੀਆਂ)**



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

## ਸ਼ਬਦ ਦੀ ਦੁਨੀਆਂ

ਸ਼ਬਦ ਦੀ ਦੁਨੀਆਂ ਸੁਕੜਦੀ ਜਾ ਰਹੀ !
ਵਿੱਥ ਚੇਤੰਨ ਸੋਚ, ਬੋਲੇ ਸ਼ਬਦ, ਵਿਚਲੀ, ਕਿੰਜ ਭਰਾਂ ???
ਸੋਚ ਨੇ,
        ਚਿਤਵਿਆ ਇਕ ਬਾਲ,
ਜੰਮਿਆਂ, ਪਾਲਿਆ, ਪਰਵਾਨਿਆਂ।

ਇਕ ਬਿੰਦੂ ਦਾਇਰਿਆਂ ਵਿਚ ਫੈਲਿਆ—
ਘੇਰਾ, ਘੇਰਾ ਟੁੱਟਿਆ,
ਵਿਚ ਬਿੰਦੂਆਂ ਬਿਖਰਿਆ,
ਘੇਰਿਆਂ ਦਾ ਸਿਲਸਿਲਾ ਤੁਰਦਾ ਰਿਹਾ !
ਇਕ ਬਿੰਦੂ ਤੇ ਖੜ੍ਹੀ ਭਾਸ਼ਾ ਰਹੀ,
ਚੇਤਨਾ ਪਾਰੇ ਜਿਹੀ—
ਇਸ ਨੂੰ ਕਿਸ ਨੇ ਪਕੜਿਆ ???

ਅਸੀਮ ਅਕਾਸ਼ਾ ਬੜੀ,
        ਸੱਚ ਵਾਂਗਰਾਂ !!!

ਗਣਿਤ, ਸੂਤਰ, ਚਿੰਨ੍ਹਵਾਦ—
ਤੇ ਕੰਪਿਊਟਰ ਦੇ ਨਿਸ਼ਬਦੇ ਮਾਧਿਅਮ ਦੀ ਅਕਾਸ਼ਾ,
ਹੈ ਬੜੀ ਸਮਰੱਥ ?
        ਕਿੰਤੂ ਉਪਜਦਾ—
ਏਸ ਦਾਅਵੇ 'ਤੇ ਕਿ ਭਾਸ਼ਾ ਹੀ ਅਸਾਡੀ,
ਸੱਚ ਤਕ ਪਹੁੰਚਣ ਦਾ ਇੱਕੋ ਮਾਧਿਅਮ !!!


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਮਸਖ਼ਰਾ ਸੱਚ,
ਚੁਟਕੀ ਵਜਾ ... ਤੇ
ਨਜ਼ਰ ਮਟਕਾ—
ਇਸ ਪਾਰ, ਤੇ ਉਸ ਪਾਰ,
ਵਿਚ ਗਰਕੀ, ਗ਼ਾਰ ਦਿਖਲਾ—

ਲੰਘ ਜਾਂਦਾ ਹੈ ਅਗਾਂਹ,
ਛੱਡ ਕੇ ਭਾਸ਼ਾ ਪਿਛਾਂਹ !!!
ਸ਼ਬਦ, ਅਨੁਭਵ, ਅਰਥ ਦੇ ਵਿਚ,
ਖਿੱਚ ਹੁੰਦੀ, ਲੀਰੋ ਲੀਰ ਚੇਤਨਾ—
ਮਹਿਸੂਸ ਕਰਦੀ ਹੈ ਕਦੇ, ਕਿ
ਭਾਸ਼ਾ ਸਿਰਜਣ ਦਾ ਅਮਲ,
ਨਹੀਂ ਸੱਚ ਸਿਰਜਣ ਦਾ ਅਮਲ।
ਇਹ ਤਾਂ ਕਿਰਿਆ,
ਏਸ ਨੂੰ ਰੱਦਣ ਦੀ ਹੈ !

ਕਿੰਨੇ ਹਨ ਸੰਕੇਤ, ਅੰਦਰ;
ਬਾਹਰ ਤੇ ਆਲੇ ਦੁਆਲੇ ?
ਉਸ ਤਰਫ਼,
ਇਸ ਤਰਫ਼,
ਉੱਪਰ, ਹਿਠਾਂਹ, ਕਿੰਨੇ ਰਹੱਸ ?
ਨਿਸ਼ਬਦੇ ਬੋਲ ਕਿੰਨੇ ਹਨ,
ਅਲਿਖੇ ਤੇ ਅਭਾਸ਼ੇ ?

ਪਕੜਿਆ ਜਾਂਦਾ ਹੈ ਸ਼ਬਦਾਂ ਵਿਚ ਜੁ,
ਪੂਰਨ ਨਹੀਂ ਹੁੰਦਾ !

ਆਵਣ ਵਾਲੇ ਕੱਲ੍ਹ 'ਚ,
ਕੱਲ੍ਹ ਦਾ ਖੰਡਨ ਜਾਪਦਾ।

ਸੱਚ ਪ੍ਰਤੀਤੀ ਵਿਅਕਤੀਗਤ ਤੇ
ਭਾਸ਼ਾ ਵਤੀਰਾ ਹੈ ਸਮਾਜਕ !
ਇਕ ਤੇ ਅਨੇਕ ਦੇ ਵਿਚਕਾਰ ਖਾਈ,
ਮਾਧਿਅਮ, ਮੰਤਵ 'ਚ ਜੀਕੂੰ ਠਣ ਗਈ !!!



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਸ਼ਬਦ ਦੀ ਦੁਨੀਆ ਸੁਕੜਦੀ ਜਾ ਰਹੀ !
ਵਿੱਥ ਚੇਤੰਨ ਸੋਚ, ਬੋਲੇ ਸ਼ਬਦ, ਵਿਚਲੀ, ਕਿੰਜ ਭਰਾਂ ???

ਰਵਿੰਦਰ ਰਵੀ ਪੰਜਾਬੀ ਅਦਬ ਦਾ ਮੰਨਿਆ ਪ੍ਰਮੰਨਿਆ ਸ਼ਾਇਰ ਹੈ। ਉਸ ਦੀ ਕਾਵਿ ਪੁਸਤਕ 'ਆਪਣੇ ਖਿਲਾਫ਼' ਵਿਚ ਦਰਜ ਕਵਿਤਾ 'ਸ਼ਬਦ ਦੀ ਦੁਨੀਆਂ' ਨੂੰ ਅਸੀਂ ਆਪਣੇ ਅਧਿਐਨ ਦਾ ਵਿਸ਼ਾ ਬਣਾਉਂਦੇ ਹਾਂ। ਉਸ ਨੇ ਆਪਣੀਆਂ ਕਈ ਕਵਿਤਾਵਾਂ ਵਿਚ ਸ਼ਬਦ ਦੀ ਸੀਮਾਂ-ਅਸੀਮਾਂ ਤੇ ਸ਼ਬਦ ਦੀਆਂ ਅਰਥ-ਸੰਭਾਵਨਾਵਾਂ ਬਾਰੇ ਜ਼ਿਕਰ ਕੀਤਾ ਹੈ।* ਉਹਨਾਂ ਵਿੱਚੋਂ ਕਵੀ ਦੀ ਇਹ ਕਵਿਤਾ ਮਹੱਤਵਯੋਗ ਕਵਿਤਾ ਹੈ। ਆਪਣੀ ਇਸ ਕਵਿਤਾ ਵਿਚ ਉਹ ਇਸ ਸਮੱਸਿਆ ਨੂੰ ਪੇਸ਼ ਕਰਦਾ ਹੈ ਕਿ ਅਸੀਂ ਜਿਹੜੇ ਭਾਵ ਪ੍ਰਗਟ ਕਰਦੇ ਹਾਂ, ਉਨ੍ਹਾਂ ਦਾ ਮਾਧਿਅਮ ਸ਼ਬਦ ਹੈ, ਪਰ ਹੁਣ ਸਥਿਤੀ ਇਹ ਹੋ ਗਈ ਹੈ ਕਿ ਸ਼ਬਦ ਦੀ ਦੁਨੀਆਂ ਬੜੀ ਸੀਮਤ ਹੁੰਦੀ ਜਾ ਰਹੀ ਹੈ।

ਸ਼ਾਇਰ ਇਸ ਕਵਿਤਾ ਵਿਚ ਅਜੋਕੇ ਸਮੇਂ ਵਿਚ ਪ੍ਰਚੱਲਤ ਚਿਹਨ ਤੇ ਕੰਪਿਊਟਰ ਪ੍ਰਣਾਲੀਆਂ ਆਦਿ ਦੀ ਗੱਲ ਕਰਦਾ ਹੋਇਆ ਕਹਿੰਦਾ ਹੈ ਕਿ ਇਹ ਸਭ ਤਾਂ ਸ਼ਬਦ ਤੋਂ ਪਾਰਲਾ ਸੰਸਾਰ ਹੈ। ਗਿਆਨ ਦੀਆਂ ਨਵੀਆਂ ਸੋਚਾਂ, ਨਵੀਆਂ ਪ੍ਰਣਾਲੀਆਂ ਹਨ। ਇਸ ਨੂੰ 'ਲੈਂਗੂਏਜ' (Language) ਦੇ ਮੁਕਾਬਲੇ 'ਬਿਯੌਂਡ ਲੈਂਗੂਏਜ਼' (Beyond Language) ਕਹਿੰਦੇ ਹਾਂ, ਪਰ ਇਹ ਮਸਲਾ ਨਵੇਂ ਗਿਆਨ ਵਿਚ ਵੀ ਸਾਹਮਣੇ ਆਉਂਦਾ ਹੈ। ਚੇਤਨਾ ਆਪਣੇ ਦਾਇਰੇ ਤੋਂ ਬਹੁਤ ਪਾਰ ਚਲੀ ਗਈ ਹੈ। ਇੱਥੇ ਉਹ ਸ਼ਬਦ ਬਾਰੇ ਪ੍ਰਸ਼ਨ ਪੈਦਾ ਕਰਦਾ ਕਹਿੰਦਾ ਹੈ ਕਿ ਇਹ ਕਿਵੇਂ ਮੰਨਿਆ ਜਾ ਸਕਦਾ ਹੈ ਕਿ ਸੱਚ ਤੱਕ ਪਹੁੰਚਣ ਦਾ ਮਾਰਗ ਸ਼ਬਦ ਹੈ।

**ਗਣਿਤ, ਸੂਤਰ, ਚਿੰਨ੍ਹਵਾਦ—**
**ਤੇ ਕੰਪਿਊਟਰ ਦੇ ਨਿਸ਼ਬਦੇ ਮਾਧਿਅਮ ਦੀ ਅਭਾਸ਼ਾ,**
**ਹੈ ਬੜੀ ਸਮਰੱਥ ?**
**ਕਿੰਤੂ ਉਪਜਦਾ ...**
**ਏਸ ਦਾਅਵੇ 'ਤੇ ਕਿ ਭਾਸ਼ਾ ਹੀ ਅਸਾਡੀ**
**ਸੱਚ ਤਕ ਪਹੁੰਚਣ ਦਾ ਇੱਕੋ ਮਾਧਿਅਮ !!!**

ਇਉਂ ਕਵੀ ਪ੍ਰਸ਼ਨ ਉਠਾਉਂਦਾ ਹੈ ਕਿ ਇਹ ਕਿਵੇਂ ਮੰਨਿਆਂ ਜਾ ਸਕਦਾ ਹੈ ਕਿ ਸੱਚ ਤੱਕ ਪਹੁੰਚਣ ਦਾ ਇੱਕੋ ਰਾਹ ਹੈ ਤੇ ਉਹ ਹੈ ਭਾਸ਼ਾ। ਇੱਥੇ ਸ਼ਾਇਰ ਇਸ ਸਵਾਲ ਦੇ ਜਵਾਬ ਵਜੋਂ ਇਕ ਉਦਾਹਰਣ ਪੇਸ਼ ਕਰਦਾ ਹੈ ਕਿ ਜਦੋਂ ਅਸੀਂ

---

* ਰਵਿੰਦਰ ਰਵੀ, 'ਸ਼ਬਦਾਂ ਤੇ ਅਰਥਾਂ ਵਿਚਕਾਰ' ('ਐ ਸ਼ਬਦ !' 'ਐ ਅਰਥ', 'ਅਲਫ ਅਰਥ') 'ਪਿਆਸਾ ਬੱਦਲ', ਪੰਨਾ 69



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਕਿਸੇ ਮਸਖਰੇ ਨੂੰ ਦੇਖਦੇ ਹਾਂ ਉਹ ਚੁਟਕੀ ਵਜਾਉਂਦਾ ਹੈ ਤੇ ਇਹ ਸਭ ਕੁਝ ਇਕ ਚਿਹਨ ਦੀ ਪੱਧਰ ਤੇ ਵਾਪਰਦਾ ਹੈ ਤੇ ਇਵੇਂ ਚਿਹਨ ਦੀ ਸ਼ਕਲ ਵਿਚ ਆਪਣੀ ਗੱਲ ਦੀ ਪੇਸ਼ਕਾਰੀ ਵਿਚ ਤਾਂ ਸ਼ਬਦ ਬਹੁਤ ਪਿਛਾਂਹ ਰਹਿ ਗਿਆ ਅਤੇ ਉਸ ਭਾਸ਼ਾ ਦਾ ਮਹੱਤਵ ਵੱਧ ਗਿਆ ਜਿਸ ਰਾਹੀਂ ਉਹ ਆਪਣੀ ਗੱਲ ਕਹਿ ਰਿਹਾ ਹੈ।

ਇਉਂ ਭਾਸ਼ਾ ਦਾ ਇਹ ਵਤੀਰਾ ਸਮਾਜਿਕ ਹੈ, ਪਰ ਜਿਹੜਾ ਸੱਚ ਹੈ ਉਸ ਨੂੰ ਅਸੀਂ ਜਿਵੇਂ ਪ੍ਰਤੀਤ ਕਰਦੇ ਹਾਂ ਉਹ ਵਿਅਕਤੀਗਤ ਪੱਧਰ ਤੇ ਕਹਿੰਦੇ ਹਾਂ। ਦੋਹਾਂ ਗੱਲਾਂ ਵਿਚ ਤਨਾਉ ਪੈਦਾ ਹੁੰਦਾ ਹੈ। ਇਉਂ ਜਿਹੜੀ ਗੱਲ ਕਵੀ ਨੇ ਕਵਿਤਾ ਵਿਚ ਪੇਸ਼ ਕੀਤੀ ਹੈ ਉਸਨੂੰ ਅਜੋਕੇ ਸਮੇਂ ਦੇ ਭਾਸ਼ਾ ਵਿਗਿਆਨੀਆਂ ਨੇ ਵੀ ਉਠਾਇਆ ਹੈ। ਇਹਨਾਂ ਵਿਚ ਵੱਧ ਚਿਹਨ-ਵਿਗਿਆਨੀ ਹਨ। ਸਭ ਤੋਂ ਪਹਿਲਾਂ ਸੌਸਿਊਰ ਨੇ ਭਾਸ਼ਾ ਵਿਚ ਚਿਹਨ ਦੀ ਗੱਲ ਤੋਰੀ, ਉਸ ਨੇ ਕਿਹਾ ਕਿ ਚਿਹਨ ਦਾ ਰਿਸ਼ਤਾ ਆਪ-ਹੁਦਰਾ ਹੈ। 1976 ਵਿਚ ਰੋਮਨ ਜੈਕਬਸਨ ਨੇ ਆਪ ਇਸ ਗੱਲ ਨੂੰ ਸਵੀਕਾਰ ਕੀਤਾ ਕਿ ਭਾਸ਼ਕ ਚਿਹਨ ਚਿਹਨਕ (Signifier) ਅਤੇ ਚਿਹਨਤ (Signified) ਦਾ ਸੁਮੇਲ ਹੈ। ਚਿਹਨਕ ਧੁਨੀ ਸਮੂਹ ਹੈ, ਸ਼ਬਦ ਦਾ ਉਸਾਰ ਪੱਖ। ਚਿਹਨਤ ਉਹ ਬਿੰਬ ਜਾਂ ਸੰਕਲਪ ਹੈ, ਜੋ ਧੁਨੀ-ਸਮੂਹ ਦੇ ਉਚਾਰੇ ਗਏ ਜਾਂ ਲਿਖਤ ਰੂਪ ਨੂੰ ਪੜ੍ਹ ਕੇ ਪੈਦਾ ਹੁੰਦਾ ਹੈ :

> 'ਰੋਮਨ ਜੈਕਬਸਨ ਕਾਵਿ ਨੂੰ ਗਤੀਸ਼ੀਲ ਚਿਹਨ-ਵਿਗਿਆਨ ਦੇ ਸੰਦਰਭ ਵਿਚ ਰੱਖ ਕੇ ਇਸ ਦੀ ਵਿਲੱਖਣ ਹੋਂਦ ਨੂੰ ਪਛਾਣਨ ਦੀ ਤਾਕੀਦ ਕਰਦਾ ਹੈ। ਪਰ ਰੋਮਨ ਜੈਕਬਸਨ ਦਾ ਮੱਤ ਨਵਾਲੋਚਕਾਂ ਦੀ ਤਾਤਵਿਕ ਦ੍ਰਿਸ਼ਟੀ ਤੇ ਸੁਹਜ-ਵਾਦੀਆਂ ਦੇ ਸੁਹਜ-ਸੰਕਲਪ ਉੱਪਰ ਆਧਾਰਿਤ ਬਿਰਤੀ ਤੋਂ ਬਹੁਤ ਵੱਖਰਾ ਹੈ ਅਤੇ ਇਸ ਦੀ ਵੱਖਰਤਾ ਇਸ ਧਾਰਨਾ ਉੱਪਰ ਆਧਾਰਿਤ ਹੈ ਕਿ ਇਹ ਕਾਵਿ ਦੇ ਭਾਸ਼ਾ ਮੂਲਕ ਪਾਸਾਰ ਦੀ ਸਾਰਥਕਤਾ ਨੂੰ ਸਾਮਾਨਯ ਤੇ ਗਤੀਸ਼ੀਲ ਚਿਹਨ-ਵਿਗਿਆਨ ਦੇ ਖੇਤਰ ਵਿਚ ਰੱਖ ਕੇ ਵੇਖਦਾ ਹੈ।'*

ਸ਼ਾਇਰ ਆਪਣੀ ਕਵਿਤਾ ਵਿਚ 'ਬਿਯੌਂਡ ਲੈਂਗੁਏਜ਼' (Beyond Language) ਜਾਂ ਪਾਰਭਾਸ਼ਾ ਦੀ ਗੱਲ ਕਰਦਾ ਹੈ ਇਉਂ ਇਹ ਕਵਿਤਾ ਗਿਆਨ ਦੀ ਇਕ ਆਧੁਨਿਕ ਤੇ ਬਹੁਤ ਵੱਡੀ ਸਮੱਸਿਆ ਨਾਲ ਜੁੜੀ ਹੋਈ ਹੈ। ਉਸਦੀ ਇਹ ਕਵਿਤਾ ਨਿਰੋਲ ਬੌਧਿਕ ਅਤੇ ਤਰਕ ਪ੍ਰਧਾਨ ਕਵਿਤਾ ਹੈ। ਕਵੀ ਭਾਸ਼ਾ ਦੀ ਸੀਮਾਂ ਪ੍ਰਗਟ ਕਰਨ ਲਈ ਇਸ ਕਵਿਤਾ ਨੂੰ ਪੇਸ਼ ਤਾਂ ਸ਼ਬਦਾਂ ਰਾਹੀਂ ਹੀ ਕਰਦਾ ਹੈ ਪਰ ਕਵਿਤਾ ਦੀ ਸਿਰਜਣਾ ਵੇਲੇ ਸ਼ਾਇਰ ਕੋਲ ਇਕ ਤਣਾਉ ਹੈ। ਇਉਂ ਇਸ

* ਡਾ. ਤਰਲੋਕ ਸਿੰਘ ਕੰਵਰ 'ਸੰਚਾਰ ਸਭਿਆਚਾਰ', ਪੰਨਾ 52-53



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਦੀ ਵਿਧੀ ਪਾਰਭਾਸ਼ਾ ਦੀ ਵਿਧੀ ਹੈ। ਭਾਸ਼ਾ ਦੇ ਉੱਤੇ ਸਿਰਜੀ ਗਈ ਇਕ ਹੋਰ ਭਾਸ਼ਾ, ਮੈਟਾ-ਲੈਂਗੁਏਜ (Meta-Language) ਇਉਂ ਇਹ ਕਵਿਤਾ ਨਿਰੋਲ-ਚੇਤਨਾ ਦੀ ਕਵਿਤਾ ਹੈ। ਇਸ ਕਵਿਤਾ ਵਿਚ ਚਿਹਨਾਂ/ਪ੍ਰਸ਼ਨਾਂ ਵੱਲ ਸੰਕੇਤ ਕੀਤਾ ਗਿਆ ਹੈ। ਉਹਨਾਂ ਪ੍ਰਸ਼ਨਾਂ ਨੂੰ ਅੰਗਰੇਜ਼ੀ ਦੇ ਪ੍ਰਸਿੱਧ ਕਵੀਆਂ ਨੇ ਵੀ ਆਪਣਾ ਮੁੱਦਾ ਬਣਾਇਆ ਹੈ।

ਰਵਿੰਦਰ ਰਵੀ ਕਵਿਤਾ, ਕਾਵਿ-ਨਾਟਕ, ਕਹਾਣੀ ਅਤੇ ਸਫ਼ਰਨਾਮੇ ਦੇ ਰੂਪਾਂ ਵਿਚ ਆਪਣੇ ਅਨੁਭਵਾਂ ਦਾ ਪ੍ਰਗਟਾਵਾ ਹੀ ਨਹੀਂ ਕਰਦਾ ਰਿਹਾ ਸਗੋਂ ਉਹ ਸਾਹਿਤ ਵਿਚ ਕੋਈ ਨਵੀਂ ਤੇ ਵਿਲੱਖਣ/ਅਨੋਖੀ ਗੱਲ ਵੀ ਕਹਿਣਾ ਚਾਹੁੰਦਾ ਹੈ। ਉਹ ਅੱਜ ਦੇ ਯਥਾਰਥ ਨੂੰ ਨਵੇਂ ਅਰਥ-ਭਰਪੂਰ ਸ਼ਬਦਾਂ ਵਿਚ ਬੰਨ੍ਹ ਕੇ ਸਾਹਿਤਕ-ਪ੍ਰਾਪਤੀ ਦੀ ਉੱਚਤਾ ਤਕ ਪਹੁੰਚਣ ਦਾ ਚਾਹਵਾਨ ਹੈ। ਸੋ ਰਵਿੰਦਰ ਰਵੀ ਜ਼ਿੰਦਗੀ ਦੀ ਤੋਰ ਤੋਂ ਅਰਥ ਤਲਾਸ਼ ਕਰਦਾ ਆਪਣੀ ਇਕ ਕਵਿਤਾ 'ਐ ਸ਼ਬਦ !' ਵਿਚ ਕਹਿੰਦਾ ਹੈ ਕਿ :

**ਐ ਸ਼ਬਦ, ਦੁਆਰ ਖੋਲ੍ਹ ...**
**ਸੂਰਜ ਜਦੋਂ ਉਦੈ ਹੁੰਦਾ ਹੈ,**
**ਤਾਂ ਉਸ ਦੇ ਅਰਥ**
**ਕੇਵਲ ਰੌਸ਼ਨੀ ਤੋਂ ਕਿਤੇ ਵਧੇਰੇ ਹੁੰਦੇ ਹਨ :**
**ਸ਼ਕਤੀ**
**ਸਿਰਜਣਾ**
**ਸੰਘਰਸ਼**
**ਆਦਰਸ਼**
**ਨਿਰੰਤਰਤਾ**
**ਨਿੱਘ**
**ਤਪਸ਼**
**ਬੱਦਲ**
**ਘਟਾਟੋਪ ਅਨ੍ਹੇਰੇ**
**ਸਤਰੰਗੀਆਂ ਪੀਂਘਾਂ ਤੇ ਬਰਖਾ !**
**ਇਕ ਸ਼ਬਦ 'ਚੋਂ**
**ਅਨਿਕ ਸ਼ਬਦਾਂ ਤੇ ਅਰਥਾਂ ਦੀ ਝੜੀ ਲੱਗ ਤੁਰਦੀ ਹੈ।***

**-ਡਾ. ਜਸਪਾਲ ਕੌਰ (ਭਾਰਤ)**

---

* ਰਵਿੰਦਰ ਰਵੀ, 'ਪਿਆਸਾ ਬੱਦਲ', ਪੰਨਾ 147



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

## ਪੰਜਾਬ ਦੀ ਲਾਸ਼

ਉਹ ਜਦੋਂ ਹਲ ਚੁੱਕਦਾ ਹੈ,
ਖੇਤ 'ਚੋਂ ਲਾਸ਼ ਕੁੜਕ ਪੈਂਦੀ ਹੈ !
ਉਸ ਦੇ ਅੰਦਰ ਕੁਝ ਟੁੱਟਣ, ਖੁੱਸਣ,
ਖੁਰਨ, ਰੁੱਸਣ ਲੱਗ ਪੈਂਦਾ ਹੈ।
ਉਸ ਦੇ ਅੰਦਰੋਂ ਸੇਕ ਉੱਠਦਾ ਹੈ—
ਜਲਨ ਹੁੰਦੀ ਹੈ,
ਪਰ ਭਾਂਬੜ ਵਿਖਾਈ ਨਹੀਂ ਦਿੰਦੇ।
ਉਸ ਦੇ ਅੰਦਰ ਲੱਗੇ ਲਾਸ਼ਾਂ ਦੇ ਅੰਬਾਰ,
ਮੁਸ਼ਕੀ ਮਿੱਝ,
ਕੱਟੇ ਅੰਗ, ਉੱਡੇ ਧੜ, ਖਖੜੀ ਸਿਰ,
ਵਿਸਫ਼ੋਟਕ ਵਾਲ ...
ਪ੍ਰੇਤ-ਭਾਸ਼ਾ 'ਚ ਇਕ ਕੁਹਰਾਮ ਮਚਾ ਦਿੰਦੇ ਹਨ।
ਉਸਦੇ ਸਾਹਵੇਂ ਉਸਨੂੰ ਖੜ੍ਹਿਆਂ ਕਰ ਕੇ,
ਜ਼ਿੰਦਾ ਜਲਾ ਦਿੰਦੇ ਹਨ !

ਇਸ ਮੌਤਾਏ ਸ਼ੋਰ ਵਿਚ,
ਉਹ ਸੀ ਨਹੀਂ ਕਰਦਾ !
ਜੋ ਬੀਜ, ਅਜੇ ਬੀਜਿਆ ਨਹੀਂ—
ਜੋ ਫ਼ਸਲ, ਅਜੇ ਉੱਗੀ ਨਹੀਂ—
ਜੋ ਫਲ, ਅਜੇ ਲੱਗਾ ਨਹੀਂ—
ਜੋ ਸਿੱਟਾ, ਅਜੇ ਨਿਸਰਿਆ ਨਹੀਂ—
ਜੋ ਕਲੀ, ਅਜੇ ਖੁੱਲ੍ਹੀ ਨਹੀਂ—
ਸਭ 'ਚੋਂ,
ਹਾਂ, ਸਭ 'ਚੋਂ,
ਹੱਥਿਆਰ ਝਾਕਦੇ ਹਨ,



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਬਾਰੂਦ ਮਹਿਕਦੇ ਹਨ।
ਫਸਲਾਂ ਦੀ ਸਰਸਰਾਹਟ
ਟੈਂਕਾਂ ਦੇ ਸ਼ੋਰ ਵਿਚ ਬਦਲ ਜਾਂਦੀ ਹੈ।
ਗੋਲਾਬਾਰੀ ਹੁੰਦੀ ਹੈ
ਤੇ ਦੂਰ ਖਿਤਿਜ 'ਤੇ—
ਇਕ ਬੁੱਢੀ ਫਫਾਕੁੱਟਣੀ,
ਹੱਸਦੀ ਹੈ,
ਉੱਚੀ ਉੱਚੀ ਹੱਸਦੀ ਹੈ
ਤੇ ਪੁੱਛਦੀ ਹੈ :
'ਤੇਰਾ ਘਰ, ਹੁਣ ਤੇਰਾ ਨਹੀਂ ਰਿਹਾ,
ਤੇਰੇ ਖੇਤ, ਤੇਰੇ ਹੱਕ ਵਿਚ ਨਹੀਂ,
ਤੇਰੀ ਫ਼ਸਲ, ਤੇਰੇ ਵੱਸ ਵਿਚ ਨਹੀਂ—
ਤੂੰ ਕਿਹਾ ਕਿਸਾਨ ਹੈਂ ?'

ਨਿੰਮੋਝੂਣ ਜਿਹਾ ਉਹ,
ਆਪਣੇ ਆਪ ਨੂੰ ਕਹਿੰਦਾ ਹੈ :
'ਹਾਂ, ਮੈਂ ਕਿਹਾ ਇਨਸਾਨ ਹਾਂ !!!
ਮੈਂ, ਜੁ
ਸੁਫਨਿਆਂ 'ਚੋਂ, ਅਗਨ-ਰੁੱਖ
ਉਗਾ ਸਕਣ ਦੇ ਸਮਰੱਥ ਸਾਂ,
ਅੱਜ, ਆਪਣੀ ਹੀ ਅੱਗ ਵਿਚ
ਸੜ ਰਿਹਾ ਹਾਂ—
ਛਿਣ ਛਿਣ ਮਰ ਰਿਹਾ ਹਾਂ !
ਆਪਣੀ ਸੋਚ ਤੇ ਆਪਣੇ ਅਮਲ ਵਿਚਕਾਰ,
ਇਕ ਭਿਆਨਕ ਯੁੱਧ ਲੜ ਰਿਹਾ ਹਾਂ।
ਮੈਂ ਕੀ ਕਰ ਰਿਹਾ ਹਾਂ ???

ਉਹ ਜਦੋਂ ਹਲ ਚੁੱਕਦਾ ਹੈ,
ਖੇਤ 'ਚੋਂ ਲਾਸ਼ ਕੂੜਕ ਪੈਂਦੀ ਹੈ !

ਰਵਿੰਦਰ ਰਵੀ ਪਰਵਾਸੀ ਪੰਜਾਬੀ ਸਾਹਿਤ ਵਿਚ ਨਿਵੇਕਲੇ ਹਸਤਾਖਰ ਵਾਲਾ ਕਵੀ ਹੈ। ਪੰਜਾਬੀ ਸਾਹਿਤ ਨੂੰ ਕਵਿਤਾ, ਕਾਵਿ-ਨਾਟਕ, ਕਹਾਣੀ,


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਸਫ਼ਰਨਾਮਾ, ਸਮੀਖਿਆ ਆਦਿ ਉਸਦੀ ਅਣਮੋਲ ਦੇਣ ਹੈ। ਰਵਿੰਦਰ ਰਵੀ ਦੇ ਕਾਵਿ-ਸੰਗ੍ਰਹਿ ਵਿਚ ਦਰਜ 'ਪੰਜ ਦਰਿਆ ਅਸੀਂ ਪਲਕੀਂ ਪਾਏ ਤੇ ਹੋਰ ਕਵਿਤਾਵਾਂ' ਵਿਚ ਪੇਸ਼ ਕਵਿਤਾ 'ਪੰਜਾਬ ਦੀ ਲਾਸ਼' ਨੂੰ ਅਸੀਂ ਆਪਣੇ ਅਧਿਐਨ ਦਾ ਵਿਸ਼ਾ ਬਣਾਉਂਦੇ ਹਾਂ। ਆਪਣੀ ਪੰਜਾਬ ਨਾਲ ਸਬੰਧਿਤ ਜ਼ਿਆਦਾਤਰ ਕਵਿਤਾ ਸ਼ਾਇਰ ਆਪਣੇ ਵਤਨ ਲਈ ਉਦਰੇਵੇਂ ਤੋਂ ਸ਼ੁਰੂ ਕਰਦਾ ਹੈ ਪਰ ਅੰਤ ਉਸ ਦੀ ਬਰਬਾਦੀ ਨਾਲ ਕਰਦਾ ਹੈ। ਇਹ ਕਵਿਤਾ ਵੀ ਜਿਵੇਂ ਕਿ ਇਸ ਦੇ ਨਾਂ ਤੋਂ ਹੀ ਸਪਸ਼ਟ ਹੈ ਪੰਜਾਬ ਸੰਕਟ ਨਾਲ ਸਬੰਧਿਤ ਹੈ। ਪੰਜਾਬ ਸੰਕਟ ਨਾਲ ਸਬੰਧਿਤ ਕਵੀ ਦੀਆਂ ਹੋਰ ਵੀ ਬਹੁਤ ਸਾਰੀਆਂ ਕਵਿਤਾਵਾਂ ਹਨ ਜਿਵੇਂ : 'ਵੋਟ ਤੋਂ ਬਾਰੂਦ ਤਕ', 'ਰਾਜਨੀਤਕ ਬਲਾਤਕਾਰ', 'ਸੂਹਾ ਚਿੰਤਨ', 'ਕਿਸ ਨੇ ਸੂਰਜ ਪਕੜ ਲਿਆ', 'ਸੰਤ ਸਿਪਾਹੀ', 'ਖੇਤੀ ਲੋਕਾਂ ਸੇਤੀ', 'ਨਰ-ਸਿੰਘ', 'ਆਦਿ ਸਵਾਲ', 'ਇਤਿਹਾਸ' ਆਦਿ।

ਸ਼ਾਇਰ ਦੀ ਪੰਜਾਬ ਨਾਲ ਸਬੰਧਿਤ ਬਹੁਤ ਸਾਰੀ ਕਵਿਤਾ ਦਾ ਆਧਾਰ ਭਾਵਾਤਮਕ ਹੈ ਅਤੇ ਉਸ ਦੀਆਂ ਕੁਝ ਕਵਿਤਾਵਾਂ ਪ੍ਰਤੀਕਰਮ ਵਜੋਂ ਪੈਦਾ ਹੋਈਆਂ ਹਨ। ਪੰਜਾਬ ਦੇ ਸੰਕਟ ਨਾਲ ਇੱਥੋਂ ਦਾ ਪੰਜਾਬੀ ਹੀ ਨਹੀਂ ਝੰਜੋੜਿਆ ਗਿਆ, ਸਗੋਂ ਇਸ ਨਾਲ ਸਮੁੱਚਾ ਪੰਜਾਬੀ ਸਮਾਜ ਜੁੜਿਆ ਹੈ, ਉਸ ਦੀ ਵੱਸੋਂ ਭਾਵੇਂ ਭਾਰਤ ਵਿਚ ਹੈ ਤੇ ਭਾਵੇਂ ਵਿਦੇਸ਼ਾਂ ਵਿਚ। ਵਿਦੇਸ਼ਾਂ ਵਿਚ ਵੱਸਦੇ ਬਹੁਤ ਸਾਰੇ ਕਵੀਆਂ ਨੇ ਪੰਜਾਬ ਸੰਕਟ ਨੂੰ ਆਪਣਾ ਕਾਵਿ-ਵਿਸ਼ਾ ਬਣਾਇਆ, ਪਰ ਕਵੀ ਜੋ ਆਪਣੇ ਵਿਰਸੇ ਤੋਂ ਟੁੱਟ ਕੇ ਆਪਣੀ ਬਾਹਰਲੀ (ਆਰਥਕ) ਜੰਗ ਲੜਨ ਲਈ ਵਿਦੇਸ਼ਾਂ ਵਿਚ ਜਾ ਵੱਸਿਆ, ਪਰ ਆਪਣੀ ਅੰਦਰਲੀ ਜੰਗ ਨੂੰ ਹਾਰਿਆ ਹੋਇਆ ਮਹਿਸੂਸ ਕਰਦਾ ਹੈ। ਆਪਣੇ ਇਸ ਉਦਰੇਵੇਂ ਕਾਰਨ ਆਪਣੀ ਮਾਂ-ਭੂਮੀ ਨਾਲ ਭਾਵੁਕ ਤੇ ਜੀਵੰਤ ਸਾਂਝ ਰੱਖਦਾ ਹੈ। ਇਸੇ ਕਾਰਣ ਉਹ ਪੰਜਾਬ ਸੰਕਟ ਨੂੰ ਇਥੇ ਵੱਸਦੇ ਪੰਜਾਬੀਆਂ ਵਾਂਗ ਮਹਿਸੂਸ ਕਰਦਾ ਹੈ, ਉਸ ਪ੍ਰਤੀ ਚਿੰਤਤ ਨਜ਼ਰ ਆਉਂਦਾ ਹੈ। ਰਵਿੰਦਰ ਰਵੀ ਆਧੁਨਿਕ ਚੇਤਨਾ ਦਾ ਸ਼ਾਇਰ ਹੈ ਜਿਸ ਕਰਕੇ ਉਸ ਦੀ ਇਹ ਕਵਿਤਾ ਬੌਧਿਕ ਚੇਤਨਾ ਵਾਲੀ ਕਵਿਤਾ ਹੈ।

ਕਵੀ ਆਪਣੀ ਇਸ ਕਵਿਤਾ ਦਾ ਆਧਾਰ ਪੰਜਾਬ ਦੇ ਕਿਸਾਨ ਨੂੰ ਬਣਾਉਂਦਾ ਹੈ। ਪ੍ਰਸ਼ਨ ਇਹ ਹੈ ਕਿ ਕੀ ਇਹ ਕਵਿਤਾ ਕਿਸੇ ਇਕ ਕਿਸਾਨ ਬਾਰੇ ਹੈ ? ਕਵਿਤਾ ਕਿਸੇ ਇਕ ਨਾਲ ਨਹੀਂ ਸਗੋਂ ਸਮੁੱਚ ਨਾਲ ਜੁੜੀ ਹੈ, ਸਮੁੱਚੇ ਪੰਜਾਬੀ ਸਮਾਜ ਨਾਲ ਜੁੜੀ ਹੋਈ ਹੈ। ਕਵੀ ਖੇਤ ਨੂੰ ਸਮੁੱਚੇ ਪੰਜਾਬ ਦੀ ਤ੍ਰਾਸਦੀ ਦਾ ਪ੍ਰਤੀਕ ਬਣਾਉਂਦਾ ਹੈ, ਉਹ ਖੇਤ ਜਿੱਥੇ ਫਸਲਾਂ ਉੱਗਣੀਆਂ ਚਾਹੀਦੀਆਂ ਹਨ, ਅੱਜ ਉਥੇ ਲਾਸ਼ਾਂ ਦੇ ਢੇਰ ਲੱਗੇ ਹੋਏ ਹਨ। ਇਸ ਸਥਿਤੀ ਨਾਲ ਆਪਣੀ ਗੱਲ ਨੂੰ ਜੋੜ ਕੇ ਕਵੀ ਇਸ ਕਵਿਤਾ ਦਾ ਨਾਂ 'ਪੰਜਾਬ ਦੀ ਲਾਸ਼' ਰੱਖਦਾ ਹੈ। ਇਹਨਾਂ ਸਥਿਤੀਆਂ ਨਾਲ ਜੁੜ ਕੇ ਤ੍ਰਾਸਦੀ ਹੋਰ ਵੀ ਗੂੜ੍ਹੀ ਹੋ ਜਾਂਦੀ ਹੈ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਅਤੇ ਤ੍ਰਾਸਦੀ ਅੱਜ ਹਰ ਪੰਜਾਬੀ ਨਾਲ ਇਸ ਤਰ੍ਹਾਂ ਜੁੜ ਗਈ ਹੈ, ਉਸ ਦੀ ਅੰਦਰਲੀ ਦੁਨੀਆਂ ਵਿਚ ਇਸ ਤਰ੍ਹਾਂ ਘਰ ਕਰ ਗਈ ਹੈ ਕਿ ਇਸ ਦੇ ਭਾਂਬੜ ਬਾਹਰ ਕਿਸੇ ਨੂੰ ਵਿਖਾਈ ਨਹੀਂ ਦੇਂਦੇ, ਪਰ ਉਸ ਦਾ ਸੇਕ ਉਸ ਨੂੰ ਮਹਿਸੂਸ ਹੁੰਦਾ ਹੈ। ਇਸ ਚੇਤਨਾ (ਅੰਤਰ-ਪੀੜਾ) ਨੂੰ ਜਿਸ ਦਰਦ ਨਾਲ ਸਹਿ ਰਿਹਾ ਹੈ, ਇਸ ਦਾ ਅਨੁਮਾਨ ਅੱਜ ਹਰ ਪੰਜਾਬੀ ਸਹਿਜੇ ਹੀ ਲਾ ਸਕਦਾ ਹੈ, ਪਰ ਇਸ ਪੀੜਾ ਨੂੰ ਉਹ ਜ਼ਬਾਨ ਤੇ ਨਹੀਂ ਲਿਆਉਂਦਾ। ਇਸ ਬਾਰੇ ਬੋਲਦਾ ਨਹੀਂ, ਇਉਂ ਅਜਿਹੀਆਂ ਸਥਿਤੀਆਂ ਕਾਰਨ ਇਹ ਕਵਿਤਾ ਆਪਣੇ ਕੇਂਦਰ ਵਿਚ ਇਹ ਸਵਾਲ ਉਭਾਰਦੀ ਹੈ :

**ਤੇਰਾ ਘਰ, ਹੁਣ ਤੇਰਾ ਘਰ ਨਹੀਂ ਰਿਹਾ,**
**ਤੇਰੇ ਖੇਤ, ਤੇਰੇ ਹੱਕ ਵਿਚ ਨਹੀਂ**
**ਤੇਰੀ ਫਸਲ, ਤੇਰੇ ਵੱਸ ਵਿਚ ਨਹੀਂ**
**ਤੂੰ ਕਿਹਾ ਕਿਸਾਨ ਹੈਂ ?**

(ਪੰਨਾ 111)

ਘਰ ਉੱਜੜਨ ਦਾ ਸਵਾਲ ਕਵੀ ਜਿਸ ਸ਼ਿੱਦਤ ਨਾਲ ਉਭਾਰਦਾ ਹੈ ਉਸਦਾ ਮੂਲ ਕਾਰਨ ਉਸਦੀ ਅਘਰਵਾਸੀ ਵਾਲੀ ਮਾਨਸਿਕਤਾ ਤੇ ਉਦਰੇਵਾਂ ਵੀ ਕਿਹਾ ਜਾ ਸਕਦਾ ਹੈ। ਜਿਹੜਾ ਕਿ ਇਸ ਸਥਿਤੀ ਨੂੰ ਹੋਰ ਵੀ ਤ੍ਰਾਸਦਿਕ ਤੇ ਗਹਿਰਾ ਬਣਾ ਦਿੰਦਾ ਹੈ। ਇਉਂ ਸ਼ਾਇਰ ਪੰਜਾਬ ਤੇ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਦੇ ਸੰਕਟ ਨੂੰ ਆਪਣਾ ਥੀਮ ਬਣਾਉਂਦਾ ਹੈ। ਉਹ ਇਸ ਨੂੰ ਕੇਵਲ ਬਿਆਨੀਆਂ ਪੱਧਰ ਤੇ ਹੀ ਪੇਸ਼ ਨਹੀਂ ਕਰਦਾ, ਸਗੋਂ ਉਸ ਦਾ ਆਪਾ ਜਿਵੇਂ ਇਨ੍ਹਾਂ ਸੰਕਟਾਂ ਨੂੰ ਪੰਜਾਬੀ ਤੇ ਮਨੁੱਖ ਹੋਣ ਦੇ ਨਾਤੇ ਭੋਗ ਰਿਹਾ ਹੈ, ਸ਼ਾਇਦ ਉਸ ਨੂੰ ਅਭਿਵਿਅਕਤ ਕਰਦਾ ਹੈ। ਤ੍ਰਾਸਦਿਕ ਸੰਕਟਾਂ ਦੇ ਯਥਾਰਥਕ ਅਹਿਸਾਸ ਦੇ ਬਾਵਜੂਦ ਉਹ ਬਿਖਰਦਾ ਨਹੀਂ, ਉਦਾਸ ਨਹੀਂ ਹੁੰਦਾ, ਉਪਭਾਵੁਕ ਨਹੀਂ ਹੁੰਦਾ, ਕਰੁਣਾ ਦੇ ਵੱਸ ਨਹੀਂ ਪੈਂਦਾ ਸਗੋਂ ਬੌਧਿਕ ਵਿਸ਼ਲੇਸ਼ਣ 'ਚੋਂ ਲੰਘਦਿਆਂ ਉਹ ਜ਼ਿੰਦਗੀ ਤੇ ਭਵਿੱਖ ਵਿਚ ਵਿਸ਼ਵਾਸ ਪੈਦਾ ਕਰਦਾ ਹੈ। ਇਹ ਕਵਿਤਾ ਪੰਜਾਬੀ ਮਨੁੱਖ ਦੀ ਸਮਕਾਲੀ ਸਥਿਤੀ ਬਾਰੇ ਹੈ ਤੇ ਅਜਿਹੀ ਸਥਿਤੀ ਨੂੰ ਬਿਆਨ ਕਰਨ ਲੱਗਿਆਂ ਕਵੀ ਦਾ ਆਪਾ ਉਸ ਵਿਚ ਅਭੇਦ ਹੋ ਜਾਂਦਾ ਹੈ। ਇਉਂ ਇਸ ਕਵਿਤਾ ਵਿਚ ਦੋ ਵਿਧੀਆਂ ਕੰਮ ਕਰਦੀਆਂ ਨਜ਼ਰ ਆਉਂਦੀਆਂ ਹਨ, ਪਹਿਲੀ ਅਭੇਦਤਾ ਦੀ ਤੇ ਦੂਜੀ ਰੂਪਾਂਤਰਣ ਦੀ। ਇੱਥੇ ਕਵੀ ਪੰਜਾਬ ਸੰਕਟ ਦੀ ਸਥਿਤੀ ਨਾਲ ਆਪਣੇ ਆਪ ਨੂੰ, ਸਮੁੱਚੇ ਪੰਜਾਬੀ ਸਮਾਜ ਨੂੰ ਜੋੜ ਕੇ ਆਪਣੇ ਆਪ ਤੇ ਇਹ ਪ੍ਰਸ਼ਨ ਉਠਾਉਂਦਾ ਆਪਣੇ ਆਪ ਨੂੰ ਕਹਿੰਦਾ ਹੈ :



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

'ਹਾਂ', ਮੈਂ ਕਿਹਾ ਇਨਸਾਨ ਹਾਂ !!!
ਮੈਂ ਜੁ,
ਸੁਫਨਿਆਂ 'ਚੋਂ, ਅਗਨ-ਰੁੱਖ
ਉਗਾ ਸਕਣ ਦੇ ਸਮਰੱਥ ਸਾਂ
ਅੱਜ, ਆਪਣੀ ਹੀ ਅੱਗ ਵਿਚ
ਸੜ ਰਿਹਾ ਹਾਂ—
ਛਿਣ ਛਿਣ ਮਰ ਰਿਹਾ ਹਾਂ !
ਆਪਣੀ ਸੋਚ ਤੇ ਆਪਣੇ ਅਮਲ ਵਿਚਕਾਰ,
ਇਕ ਭਿਆਨਕ ਯੁੱਧ ਲੜ ਰਿਹਾ ਹਾਂ।
ਮੈਂ ਕੀ ਕਰ ਰਿਹਾ ਹਾਂ ???

(ਪੰਨਾ 111-112)

ਇਹਨਾਂ ਤੁਕਾਂ ਵਿਚ ਕਵੀ ਅਜੋਕੇ ਸਮੇਂ ਇਕ ਕਿਸਾਨ ਜਿਸ ਤ੍ਰਾਸਦੀ ਨੂੰ ਭੋਗ ਰਿਹਾ ਹੈ, ਉਸਨੂੰ ਬਿਆਨ ਕਰ ਰਿਹਾ ਹੈ ਪਰ ਇਹ ਤ੍ਰਾਸਦੀ ਕਿਸੇ ਇਕ ਕਿਸਾਨ ਦੀ ਨਹੀਂ ਸਗੋਂ ਸਮੁੱਚੇ ਪੰਜਾਬੀ ਸੱਭਿਆਚਾਰ ਦੀ ਹੈ। ਸੋ ਇਸ ਤਰ੍ਹਾਂ ਸਮੁੱਚਾ ਪੰਜਾਬੀ ਸਮਾਜ ਸਾਂਝੇ ਤੌਰ ਤੇ ਇਸ ਵਿਚ ਅਭੇਦਤਾ ਨਾਲ ਪੇਸ਼ ਹੁੰਦਾ ਹੈ। ਇਸ ਵਿੱਚੋਂ ਉਸਦੇ ਸਾਹਮਣੇ ਦੂਹਰੇ, ਤੀਹਰੇ, ਚੌਹਰੇ ਪ੍ਰਸ਼ਨ ਜਾਗਦੇ ਹਨ। ਇਸੇ ਲਈ ਇਹ ਤੁੱਕ 'ਮੈਂ ਕੀ ਕਰ ਰਿਹਾ ਹਾਂ ???' ਸਾਹਮਣੇ ਤਿੰਨ ਪ੍ਰਸ਼ਨ-ਚਿੰਨ੍ਹ ਹਨ।

ਇਉਂ ਇਸ ਕਵਿਤਾ ਦੀ ਵਿਧੀ ਅਜਿਹੀ ਹੈ ਕਿ ਇਸ ਵਿਚ ਪੇਸ਼ ਵਿਸਰਾਮ ਚਿੰਨ੍ਹਾਂ (?, !) ਨੂੰ ਕਵੀ ਕੇਵਲ ਵਿਸਰਾਮ ਚਿੰਨ੍ਹ ਦੇ ਤੌਰ ਤੇ ਨਹੀਂ ਵਰਤ ਰਿਹਾ ਹੈ, ਸਗੋਂ ਇਹ ਚਿਹਨਾਂ ਦੇ ਤੌਰ ਤੇ ਸਾਹਮਣੇ ਆਉਂਦੇ ਹਨ, ਜੋ ਇਸਦੀ ਚਿਹਨਕੀ ਸਮਰੱਥਾ ਨੂੰ ਉਭਾਰਦੇ ਹਨ।

ਪਰਵਾਸੀ ਹੋਣ ਕਰਕੇ ਕਵੀ ਪੰਜਾਬ ਦੇ ਮੌਜੂਦਾ ਸੰਕਟ ਨਾਲ ਸੰਤ ਸਿੰਘ ਸੇਖੋਂ, ਡਾ. ਹਰਿਭਜਨ ਸਿੰਘ, ਜਸਵੰਤ ਸਿੰਘ ਕੰਵਲ ਵਾਂਗ ਪ੍ਰਮਾਣਿਕ ਤੌਰ ਤੇ ਨਹੀਂ ਜੁੜ ਸਕਦਾ ਅਤੇ ਦੂਸਰੇ ਉਹ ਧਰਮ ਦੇ ਨਾਂ ਉੱਤੇ ਸ਼ੁਰੂ ਹੋਈ ਜੰਗ, ਜੱਥੇਬੰਦਕ ਲੜਾਈ ਵਿਚ, ਕਿਸੇ ਪਾਸਿਉਂ ਕੋਈ ਧਿਰ ਨਹੀਂ ਬਣਦਾ। ਉਸਦੇ ਰਚਨਾਤਮਕ ਜੀਵਨ ਦਾ ਵਿਕਾਸ ਹੀ ਵੱਖਰੀ ਤਰ੍ਹਾਂ ਨਾਲ ਹੋਇਆ ਹੈ। ਉਸਨੇ ਪੰਜਾਬ ਦੇ ਵਰਤਮਾਨ ਸੰਕਟ ਦਾ ਜ਼ਿਕਰ ਬੜੀ ਸ਼ਿੱਦਤ ਨਾਲ ਕੀਤਾ ਹੈ। ਉਸ ਦੀਆਂ ਰਚਨਾਵਾਂ ਵਿਚ ਉਹ ਘੁਟਨ ਅਤੇ ਜਕੜਨ ਵਿਰੁੱਧ ਇਕ ਪ੍ਰਤੀਬੱਧਤਾ ਅਖ਼ਤਿਆਰ ਕਰਦਾ ਨਜ਼ਰ ਆਉਂਦਾ ਹੈ। ਰਵਿੰਦਰ ਰਵੀ ਦਾ ਰਚਨਾਤਮਕ ਅਨੁਭਵ ਵੱਖਰੀ ਕਿਸਮ ਦਾ ਹੈ। ਉਹ ਮਾਨਵਤਾਵਾਦੀ ਪੈਂਤੜੇ ਤੋਂ ਪੰਜਾਬ ਦੇ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਵਰਤਮਾਨ ਸੰਕਟ ਦਾ ਵਿਸ਼ਲੇਸ਼ਣ ਕਰਦਾ ਹੈ। ਉਹ ਜਾਣਦਾ ਹੈ ਕਿ ਇਸ ਸੰਕਟ ਦੇ ਨਿਰਮਾਣ ਵਿਚ ਰਾਜ-ਸੱਤਾ, ਪੰਜਾਬੀ ਭਾਸ਼ਾ ਦੇ ਵਿਰੋਧੀ ਅਤੇ ਸਿੱਖ-ਫੰਡਾਮੈਂਟਲਿਸਟਸ ਸਾਰੇ ਇੱਕੋ ਜਿਹੇ ਭਾਈਵਾਲ ਹਨ। ਆਪਣੇ ਅਜਿਹੇ ਪੈਂਤੜੇ ਕਾਰਨ ਕਵੀ ਆਪਣੇ ਮਾਨਵਤਾਵਾਦ ਦਾ ਬੜਾ ਸਪੱਸ਼ਟ ਅਤੇ ਪੁਖਤਾ ਪ੍ਰਮਾਣ ਦਿੰਦਾ ਹੈ। ਇਥੇ ਉਸ ਦਾ ਨਾਇਕ (ਪਾਤਰ) ਗੁਰੂ ਗੋਬਿੰਦ ਸਿੰਘ ਦੀ ਸੰਤ ਸਿਪਾਹੀ ਵਾਲੀ ਗੱਲ ਦੀ ਹਾਮੀ ਭਰਦਾ ਹੈ। ਭਾਵ ਅਜਿਹਾ ਪਾਤਰ ਪੇਸ਼ ਕਰਦਾ ਹੈ ਜਿਹੜਾ ਪੰਜਾਬ ਦਾ ਹੀਰੋ/ਸਿੱਖ ਨਾਇਕ ਹੈ ਜੋ ਸਿਰਫ ਗੁਰਮੁਖ ਨਹੀਂ ਸਗੋਂ ਇਨ੍ਹਾਂ ਵਿਗਿਆਨਕ ਇਕਾਈਆਂ ਨਾਲ ਨਿਰੰਤਰ ਜੂਝਦਾ ਗਤੀਸ਼ੀਲ ਰਹਿੰਦਾ ਹੈ। ਉਹ ਆਪਣੇ ਆਉਣ ਵਾਲੇ ਸਮੇਂ ਪ੍ਰਤੀ ਸੁਚੇਤ ਹੈ, ਇੱਕੋ ਵੇਲੇ ਉਹ ਸੰਤ ਵੀ ਹੈ ਤੇ ਸਿਪਾਹੀ ਵੀ ਹੈ। ਇਉਂ ਕਵੀ ਅਜਿਹਾ ਸ਼ਾਇਰ ਹੈ ਜਿਸਦਾ ਰਚਨਾਤਮਕ ਅਨੁਭਵ ਵਿਲੱਖਣ ਹੈ। ਇਕ ਕਵੀ ਦੇ ਰੂਪ ਵਿਚ ਹੀ ਉਸਦਾ ਅਨੁਭਵ ਵੱਖ-ਵੱਖ ਰੂਪਾਕਾਰਾਂ ਦੇ ਮਾਧਿਅਮਾਂ ਦੁਆਰਾ ਅਭਿਵਿਅਕਤ ਹੁੰਦਾ ਹੈ। ਉਸਦੇ ਅਭਿਵਿਅੰਜਨ ਦੀ ਤੁਲਨਾ ਪ੍ਰਸਿੱਧ ਅੰਗਰੇਜ਼ੀ ਕਵੀ ਟੀ.ਐਸ. ਈਲੀਅਟ ਨਾਲ ਵੀ ਕੀਤੀ ਜਾ ਸਕਦੀ ਹੈ।

**-ਡਾ. ਜਸਪਾਲ ਕੌਰ (ਭਾਰਤ)**
ਐਸੋਸੀਏਟ ਪ੍ਰੋਫ਼ੈਸਰ
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ-110007


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

# ਗੰਢਾਂ : ਗਲੋਬਲ ਚੇਤਨਾ ਵਾਲਾ ਕਾਵਿ

ਲੇਖਕ : ਰਵਿੰਦਰ ਰਵੀ, ਪੰਨੇ : 108, ਮੁੱਲ : ਪੈਂਠ ਰੁਪਏ
ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

'ਗੰਢਾਂ' ਰਵਿੰਦਰ ਰਵੀ ਦਾ ਪਿੱਛੇ ਜਿਹੇ ਪ੍ਰਕਾਸ਼ਤ ਹੋਇਆ ਚੌਦਵਾਂ ਕਾਵਿ-ਸੰਗ੍ਰਹਿ ਹੈ। ਕਵਿਤਾ ਦੇ ਨਾਲ-ਨਾਲ, ਹੁਣ ਤੱਕ ਉਸ ਦੇ ਕੁਝ ਕਾਵਿ-ਨਾਟਕ, ਕਹਾਣੀ-ਸੰਗ੍ਰਹਿ, ਦੋ ਸਮੀਖਿਆ-ਪੁਸਤਕਾਂ ਤੇ ਇਕ ਸਫਰਨਾਮਾ ਪ੍ਰਕਾਸ਼ਤ ਹੋ ਚੁੱਕਿਆ ਹੈ। ਇੱਥੋਂ ਇਸ ਲੇਖਕ ਦੀ, ਆਪਣੇ ਵਿਰਸੇ ਤੇ ਸਾਹਿਤ ਪ੍ਰਤੀ ਵਚਨਬੱਧਤਾ ਦਾ ਦੀਦਾਰ ਹੁੰਦਾ ਹੈ। ਪੰਜਾਬੀ ਸਾਹਿਤਕਾਰੀ ਤੇ ਸ਼ਬਦ-ਸਭਿਆਚਾਰ ਨੂੰ ਪੂਰੀ ਸ਼ਿੱਦਤ ਨਾਲ ਸਮਰਪਿਤ ਇਸ ਲੇਖਕ ਨੂੰ ਦਾਦ ਦੇਣੀ ਬਣਦੀ ਹੈ। ਰਵਿੰਦਰ ਰਵੀ ਪਿਛਲੇ ਕਈ ਵਰ੍ਹਿਆਂ ਤੋਂ ਸਾਹਿਤ-ਸਾਧਨਾਂ ਦੇ ਕਾਰਜ ਵਿਚ ਪੂਰੀ ਤਨਦੇਹੀ ਨਾਲ ਜੁਟਿਆ ਹੋਇਆ ਹੈ। ਪ੍ਰਯੋਗਵਾਦੀ ਲਹਿਰ ਨਾਲ ਜੁੜ ਕੇ ਇਸ ਲੇਖਕ ਨੇ ਵੱਡੀ ਮਾਤਰਾ ਵਿਚ ਸਾਹਿਤ ਰਚਿਆ। ਇਸ ਲਹਿਰ ਨਾਲ ਜੁੜੇ ਲਗਭਗ ਸਾਰੇ ਕਵੀ ਹੰਭ ਹਾਰ ਚੁੱਕੇ ਹਨ। ਪਰ, ਰਵੀ ਦਾ ਸਾਹਿਤ-ਸਿਰਜਣ ਕਾਰਜ ਅਜੇ ਵੀ ਜਾਰੀ ਹੈ।

'ਗੰਢਾਂ' ਕਾਵਿ-ਸੰਗ੍ਰਹਿ ਵਿਚ ਰਵਿੰਦਰ ਰਵੀ ਦੀਆਂ ਗਲੋਬਲ-ਚੇਤਨਾ ਅਤੇ ਪ੍ਰਵਾਸੀ-ਚੇਤਨਾ ਨਾਲ ਓਤਪੋਤ ਨਜ਼ਮਾਂ ਦਰਜ ਹਨ। ਇਹ ਸਾਰੀਆਂ ਨਜ਼ਮਾਂ ਮਾਨਵੀ ਵੇਦਨਾ-ਸੰਵੇਦਨਾ ਤੋਂ ਉੱਪਰ ਉੱਠ ਕੇ, ਨਵੇਂ ਅਰਥਾਂ ਦੇ ਸਿਰਜਨ ਵੱਲ ਰੁਚਿਤ ਹਨ। ਇਹਨਾਂ ਵਿਚ ਸੰਜਮ ਹੈ ਅਤੇ ਇਹ ਪੂਰੀ ਤਰ੍ਹਾਂ ਗੱਠੀਆਂ ਹੋਈਆਂ ਹਨ। ਮਿਸਾਲ ਵਜੋਂ ਇਸ ਸੰਗ੍ਰਹਿ ਦੀ ਚਰਚਿਤ ਨਜ਼ਮ 'ਗੰਢਾਂ' ਦੀਆਂ ਇਹ ਸਤਰਾਂ ਲਓ :-

**'ਗੰਢ-ਤੁੱਪ ਦੇ ਵਿਚ ਬੀਤੇ ਜੀਵਨ**
**ਗੰਢ-ਤੁੱਪ ਵਿਚ ਸਭ ਰਿਸ਼ਤੇ**
**ਤਨ ਵਿਚ ਗੰਢਾਂ, ਮਨ ਵਿਚ ਗੰਢਾਂ**
**ਗੰਢਾ ਵਸਤਰ, ਗੰਢਾਂ ਵਾਣੀ**



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

**ਗੰਢਾਂ ਹੇਠ ਅਲੋਪ ਹੈ ਵਸਤੂ**
**ਗੰਢੀਂ ਉਲਝੀ ਸਗਲ ਕਹਾਣੀ।'**

ਲੇਖਕ ਨੂੰ ਸਾਰੀ ਮਾਨਵਤਾ, ਗੰਢ-ਤੁੱਪ ਦਾ ਸ਼ਿਕਾਰ ਹੋਈ ਨਜ਼ਰ ਆਉਂਦੀ ਹੈ। ਗੰਢਾਂ ਦੇ ਪ੍ਰਤੀਕ ਨਾਲ ਉਹ ਮਾਨਵੀ ਰਿਸ਼ਤਿਆਂ ਦੇ ਮਾਨਵੀ ਸੋਚ-ਵਿਚਾਰਾਂ ਦੀ ਇਕ ਵਿਸ਼ੇਸ਼ ਪ੍ਰਕਾਰ ਦੀ ਵਿਆਖਿਆ ਕਰਦਾ ਚਲਿਆ ਜਾਂਦਾ ਹੈ। ਇਉਂ ਤਿੱਖਾ ਵਿਅੰਗ ਤੇ ਕਟਾਖਸ਼ ਨਜ਼ਰ ਦੇ ਅੰਤਲੇ ਬੰਦ ਵਿਚ ਪਹੁੰਚ ਕੇ ਪ੍ਰਚੰਡ ਰੂਪ ਧਾਰ ਲੈਂਦਾ ਹੈ। ਖਾਸ ਕਰਕੇ ਉਦੋਂ ਜਦੋਂ ਕਵੀ ਇਹ ਕਾਵਿ-ਬੋਲ ਉਚਾਰਦਾ ਹੈ :-

**'ਦਰ ਵਿਚ ਵੀ,**
**ਦੀਵਾਰ 'ਚ ਗੰਢਾਂ**
**ਮੰਦਰ, ਗੁਰੂ-ਦਵਾਰ 'ਚ ਗੰਢਾਂ**
**ਸਿਸਟਮ ਉਲਝੇ, ਉਲਝੀ ਨੀਤੀ**
**ਵਾਦ 'ਚ ਵੀ, ਵਿਚਾਰ 'ਚ ਗੰਢਾਂ**
**ਹਰ ਪ੍ਰਾਣੀ ਗੰਢਾਂ ਦਾ ਗੁੰਬਦ**
**ਉਲਝ ਗਿਆ,**
**ਸੰਸਾਰ 'ਚ ਗੰਢਾਂ।'**

ਸੋ ਜ਼ਾਹਿਰ ਹੈ ਕਿ ਸਮੁੱਚੀ ਨਜ਼ਮ, ਗਲੋਬਲ-ਚੇਤਨਾ ਨੂੰ ਉਜਾਗਰ ਕਰਨ ਵੱਲ ਰੁਚਿਤ ਹੈ। ਇਹ ਤਾਂ ਅਸੀਂ ਜਾਣਦੇ ਹੀ ਹਾਂ ਕਿ ਪ੍ਰਤੀਕ, ਸਮਾਜ ਅੰਦਰ ਚੇਤਨਾ ਨੂੰ ਜਨਮ ਦੇਂਦੇ ਹਨ। ਕਾਵਿ-ਪ੍ਰਤੀਕ ਸਾਡੀ ਸੁਰਤਿ ਨੂੰ ਘੜਦਾ ਹੈ। ਇਹ ਸੁਹਜਮਈ ਵੀ ਹੁੰਦਾ ਹੈ ਅਤੇ ਗਿਆਨ ਭਰਪੂਰ ਵੀ। ਇਥੇ ਕਵੀ 'ਗੰਢਾਂ' ਦੇ ਦ੍ਰਿਸ਼ਟੀ-ਬਿੰਦੂ ਤੇ ਖਲੋ ਕੇ, ਸਾਰੀ ਉਲਝੀ ਹੋਈ ਤਾਣੀ ਦਾ ਭਰਵਾਂ ਦ੍ਰਿਸ਼ ਸਿਰਜ ਜਾਂਦਾ ਹੈ। ਇਸੇ ਤਰ੍ਹਾਂ 'ਖੁੱਲ੍ਹੇ ਆਸਮਾਨ' ਨਜ਼ਮ ਵਿਚ ਕਵੀ, 'ਪਿੰਜਰੇ' ਦੇ ਪ੍ਰਤੀਕ ਨੂੰ ਆਧਾਰ ਬਣਾ ਕੇ ਮਾਨਵੀ-ਰਿਸ਼ਤਿਆਂ ਦੀਆਂ ਤਹਿਆਂ ਉਧੇੜਦਾ ਜਾਂਦਾ ਹੈ :

**'ਪਿੰਜਰੇ ਬੀਜੋ, ਪਿੰਜਰੇ ਪਾਓ**
**ਏਧਰ, ਉੱਧਰ, ਜਿੱਧਰ ਜਾਓ**
**ਪਿੰਜਰਾ, ਪਿੰਜਰਾ ਕਿਰਦੇ ਜਾਓ।**
**ਪਿੰਜਰਿਆਂ ਅੰਦਰ, ਪਿੰਜਰੇ ਵੱਸਦੇ**
**ਪਿੰਜਰਿਆਂ ਦਾ ਹਰ ਤਰਫ ਘਿਰਾਓ।'**

ਇਹ ਰਵੀ ਦੀ ਕਾਵਿ-ਸ਼ੈਲੀ ਨਾਲ ਸੰਬੰਧਤ, ਇਕ ਮਹੱਤਵਪੂਰਨ ਨੁਕਤਾ ਹੈ। ਇਸ ਕਾਵਿ-ਸ਼ੈਲੀ ਨਾਲ ਨਜ਼ਮ ਦਾ ਪ੍ਰਭਾਵ ਤਿੱਖਾ ਹੁੰਦਾ ਜਾਂਦਾ ਹੈ। ਅਤੇ


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਇਕ ਖਾਸ ਕਿਸਮ ਦੀ ਲੈਆਤਮਿਕਤਾ ਵੀ ਬਣਦੀ ਚਲੀ ਜਾਂਦੀ ਹੈ। 'ਚੇਤਨਾ', 'ਭਾਸ਼ਾ ਦੀ ਸੰਸਕ੍ਰਿਤੀ', 'ਟਿਕਾਅ', 'ਸੰਕੇਤ-ਭਾਸ਼ਾ', 'ਪਲਾਇਨ', 'ਗੰਢਾਂ ਦਾ ਚੱਕ੍ਰਵਯੂਹ', 'ਸਟਿੱਲ ਲਾਈਫ ਪੇਂਟਿੰਗ', 'ਪੰਜਾਬ : ਤਿੰਨ ਪ੍ਰਭਾਵ-ਸਕੇਪ', 'ਲਗਾਤਾਰ ਉੱਜੜ ਰਿਹਾ ਖੇਤ' ਆਦਿ ਨਜ਼ਮਾਂ ਇਸ ਪੱਖੋਂ ਵਿਸ਼ੇਸ਼ ਤੌਰ 'ਤੇ ਵਿਚਾਰਯੋਗ ਹਨ।

ਇਨ੍ਹਾਂ ਸਾਰੀਆਂ ਨਜ਼ਮਾਂ ਵਿਚ ਵਿਚਾਰ, ਬਿੰਬ ਦੇ ਅਧੀਨ ਹੀ ਵਿਚਰਦਾ ਹੈ। ਇਹੀ ਵਜ੍ਹਾ ਹੈ ਕਿ ਵਿਚਾਰ ਇੱਥੇ ਭਾਰੂ ਨਹੀਂ ਹੁੰਦਾ। ਇਉਂ ਇਨ੍ਹਾਂ ਵਿਚ ਕਾਵਿ-ਸੁਹਜ ਵੀ ਬਣਿਆ ਰਹਿੰਦਾ ਹੈ ਅਤੇ ਨਵੇਂ ਅਰਥਾਂ ਦਾ ਉਤਪਾਦਨ ਵੀ ਨਿਰੰਤਰ ਹੁੰਦਾ ਰਹਿੰਦਾ ਹੈ। 'ਪੰਜਾਬ : ਤਿੰਨ ਪ੍ਰਭਾਵ ਸਕੇਪ' ਹੀ ਮਿਸਾਲ ਵਜੋਂ ਲਉ :-

**'ਗੀਤ ਬਣਨ ਵਾਲੇ ਬੋਲ**
**ਗੋਲੀ ਬਣ ਰਹੇ ਹਨ।**
**ਹੋਠ ਸੁੰਨੇ ਹਨ,**
**ਜ਼ਿਹਨ ਵਿਚ ਵਾਵਰੋਲੇ**
**ਤੇ ਦਿਲ ਨੂੰ ਵੰਝਲੀ ਦੀ**
**ਇਕ ਉਦਾਸ ਸੋਗੀ ਧੁਨ**
**ਥਿਰ ਮੌਨ ਮੁਦਰਾ 'ਚ**
**ਚਿਪਕ ਕੇ ਰਹਿ ਗਈ ਹੈ !'**

ਇਹ ਧੀਮੇ ਕਾਵਿ-ਬੋਲਾਂ ਵਿਚ, ਪੰਜਾਬ ਦੇ ਮੌਜੂਦਾ ਸੰਕਟ ਉੱਪਰ ਇਕ ਤਿੱਖਾ ਵਿਅੰਗ ਹੈ। ਇਨ੍ਹਾਂ ਨਜ਼ਮਾਂ ਦੀ ਖਾਸੀਅਤ ਇਸ ਗੱਲ ਵਿਚ ਵੀ ਹੈ ਕਿ ਵਿਅੰਗ, ਇਨ੍ਹਾਂ ਦੀ ਸਮੁੱਚੀ ਬਣਤਰ ਵਿਚ ਸਮਾਇਆ ਹੋਇਆ ਹੈ। ਇਸੇ ਕਰਕੇ ਇਸ ਨੂੰ ਅੰਤਰ-ਵਿਅੰਗ ਦੀ ਸੰਗਿਆ ਵੀ ਦਿੱਤੀ ਜਾ ਸਕਦੀ ਹੈ। ਕੁਲ ਮਿਲਾ ਕੇ ਇਸ ਸੰਗ੍ਰਹਿ ਨਾਲ ਸਬੰਧਿਤ ਲਗਭਗ ਸਾਰੀਆਂ ਨਜ਼ਮਾਂ, ਗਲੋਬਲ ਚੇਤਨਾ ਨੂੰ ਉਭਾਰਨ ਅਤੇ ਨਵੇਂ ਅਰਥਾਂ ਦਾ ਉਤਪਾਦਨ ਕਰਨ ਵੱਲ ਰੁਚਿਤ ਹਨ। ਇਹ ਵੇਦਨਾ-ਸੰਵੇਦਨਾ ਕਰਨ ਵਾਲੀ ਸ਼ਾਇਰੀ ਨਹੀਂ, ਸਗੋਂ ਚਿੰਤਨਸ਼ੀਲ ਕਵਿਤਾ ਦਾ ਦਰਜਾ ਰੱਖਦੀ ਹੈ।

**-ਡਾ. ਮਨਜੀਤ ਸਿੰਘ**
'ਅਕਸ', ਮਾਰਚ, 1994


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

## ਪੰਜ ਦਰਿਆ ਅਸੀਂ ਪਲਕੀਂ ਪਾਏ

ਨਾ ਅਸੀਂ ਕੂਏ, ਨਾ ਅਸੀਂ ਰੋਏ,
ਨਾ ਅਸੀਂ ਪਾਏ ਵੈਣ।
ਪੰਜ ਦਰਿਆ ਅਸੀਂ ਪਲਕੀਂ ਪਾਏ
ਡੁੱਬ ਗਏ ਸਾਡੇ ਨੈਣ।

ਟੁੱਟੀ ਵੰਗ, ਅਸੀਂ ਟੁਕੜੇ ਟੁਕੜੇ,
ਰੋਕ ਲਏ ਅਸਾਂ ਸਾਹ।
ਉੱਜੜੀ ਮਾਂਗ, ਉਜਾੜ ਬਣੇ ਖ਼ੁਦ,
ਘਿਰ ਗਏ ਸੱਭੇ ਰਾਹ !
ਆਪਣਿਆਂ 'ਚੋਂ ਦੁਸ਼ਮਣ ਚੜ੍ਹ ਪਏ,
ਲਸ਼ਕਰ ਟੁੱਟ, ਟੁੱਟ ਪੈਣ !

ਚੁੱਪ, ਚੁੱਪ ਲੋਕੀਂ ਅੰਦਰੋ ਅੰਦਰ,
ਲੋਥਾਂ ਦੇ ਅੰਬਾਰ !
ਆਪਣੇ ਕੋਲੋਂ ਚੁੱਕ ਨਾ ਹੋਵੇ,
ਆਪਣੀ ਜਿੰਦ ਦਾ ਭਾਰ !
ਸੱਚ ਨੂੰ ਸੱਚ ਕਹਿਣ ਤੋਂ ਡਰਦੇ,
ਦਿਨੇ ਵਿਹਾਜੀ ਰੈਣ।

ਆਪਣਿਆਂ ਵਿਚ, ਆਪਣੇ ਰਸਤੇ,
ਆ ਕੇ, ਹੋ ਗਏ ਬੰਦ।
ਆਪਣਿਆਂ 'ਚੋਂ, ਆਪਣੇ ਵੰਡਣ,
ਵਾਲੀ ਉੱਸਰੀ ਕੰਧ।
ਆਪਣਿਆਂ ਸੰਗ ਰਹਿਣੋਂ ਚੰਗਾ,
ਦੇਸ਼ ਬਿਗਾਨੇ ਰਹਿਣ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਦੇਸ਼ ਬਿਗਾਨੇ ਸਭ ਬੇਗਾਨੇ,
ਦੰਭ ਨਾ ਚੁੱਕਣਾ ਪੈਂਦਾ।
ਦੇਸ਼ ਬਿਗਾਨੇ ਬੇਗਾਨਾ ਵੀ,
ਆਪਣਾ ਹੋ ਹੋ ਬਹਿੰਦਾ !
ਦੇਸ਼ ਬਿਗਾਨੇ ਹੋਵਣ ਸਭ, ਜਦ
ਮਨ ਪ੍ਰਦੇਸੀ, ਮਨ ਬੇਚੈਨ !

ਅੰਦਰੇ ਅੰਦਰ ਵਧਦਾ ਜਾਵੇ,
ਬੇਬਸੀਆਂ ਦਾ ਸਾੜ।
ਇਕ ਦਿਨ ਇਸ ਲਾਵੇ ਨੇ ਧਰਤੀ
ਅੰਬਰ ਦੇਣੇ ਪਾੜ।
ਚਿੰਤਨ ਅੰਦਰ ਖਿਤਿਜ ਨਵੇਂ ਪਏ
ਅੱਜ ਅੰਗੜਾਈਆਂ ਲੈਣ !

ਨਾ ਅਸੀਂ ਕੂਏ, ਨਾ ਅਸੀਂ ਰੋਏ,
ਨਾ ਅਸੀਂ ਪਾਏ ਵੈਣ !
ਪੰਜ ਦਰਿਆ ਅਸੀਂ ਪਲਕੀਂ ਪਾਏ,
ਡੁੱਬ ਗਏ ਸਾਡੇ ਨੈਣ।

ਰਵਿੰਦਰ ਰਵੀ ਦੀ ਕਾਵਿ-ਰਚਨਾ 'ਪੰਜ ਦਰਿਆ ਅਸੀਂ ਪਲਕੀਂ ਪਾਏ' ਦੀ ਕੇਂਦਰੀ/ਮੁੱਖ ਧਿਰ 'ਅਸੀਂ' (ਸਮੂਹ) ਪਾਤਰ, ਪੰਜ ਦਰਿਆਵਾਂ ਜਿਹੇ ਵਿਸ਼ਾਲ ਦਰਦ/ਸਥਿਤੀ/ਯਥਾਰਥ ਨਾਲ, ਆਪਣੇ ਆਪ ਹੀ ਦੋ ਚਾਰ ਹੋ ਰਹੇ ਹਨ। ਉਸਨੂੰ ਅਥਰੂਆਂ ਦੀ ਸ਼ਕਲ ਵਿਚ ਆਪਣੀਆਂ ਪਲਕਾਂ ਅੰਦਰ ਬੰਦ ਕਰਕੇ ਜੀ ਰਹੇ ਹਨ। ਇਸ ਸਥਿਤੀ ਨਾਲ ਇਹ 'ਅਸੀਂ' ਆਪੇ ਦੋ-ਚਾਰ ਹੁੰਦੇ ਹਨ। ਇਹ ਦਰਦ/ਸਥਿਤੀ/ਯਥਾਰਥ ਦੇ ਪਾਸਾਰ ਇਸ ਮੁੱਖਬੰਦ ਮੋਟਿਫ (ਮੂਲ ਸਥਿਤੀ) ਦੇ ਰਾਹੀਂ ਆਉਣ ਵਾਲੇ ਗਤੀਸ਼ੀਲ ਸਥਿਤੀਸ਼ੀਲ ਵੇਰਵਿਆਂ ਰਾਹੀਂ ਖੁੱਲ੍ਹਦੇ ਹਨ। ਇਸ ਵਿਚ ਦਿੱਤਾ ਵਾਪਰਨ ਵਾਲਾ ਸਮਾਂ ਇਤਿਹਾਸਕ/ਰਾਜਨੀਤਿਕ ਉੱਥਲ-ਪੁੱਥਲ ਅਤੇ ਮੋਟੇ ਤੌਰ ਤੇ 1947 ਦੇ ਬਟਵਾਰੇ ਦਾ ਕਿਹਾ ਜਾ ਸਕਦਾ ਹੈ। ਜਿਸ ਨੇ ਪੰਜ ਦਰਿਆਵਾਂ (ਪੰਜ+ਆਬ) ਦੀ ਧਰਤੀ ਨੂੰ ਦੁਫਾੜ ਹੀ ਨਹੀਂ ਕੀਤਾ ਸਗੋਂ ਹੋਰ ਕਈ ਮਾਨਵੀ/ਰਾਜਨੀਤਿਕ ਤੇ ਸਮਾਜਿਕ ਸਮੱਸਿਆਵਾਂ ਸਾਹਵੇਂ ਲਿਆ ਖਲ੍ਹਾਰਿਆ। ਇਹ ਸਥਿਤੀ ਸੰਕੇਤਕ ਰੂਪ ਵਿਚ ਪਿੱਠਭੂਮੀ ਵਿਚ ਵਿਚਰਦੀ ਦਿਸਦੀ ਹੈ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

ਇਸ ਦਾ ਸਭ ਤੋਂ ਪਹਿਲਾ ਅਸਰ ਮਨੁੱਖੀ ਏਕਤਾ ਤੇ ਪੈਂਦਾ ਹੈ। ਫਲਸਰੂਪ ਉਨ੍ਹਾਂ ਦੀ ਹਸਤੀ, 'ਟੁੱਟੀ ਵੰਡ ਦੇ ਟੁਕੜੇ' ਤੋਂ 'ਲਸ਼ਕਰ ਟੁੱਟ ਪੈਣ' ਰਾਹੀਂ ਦੋਫਾੜ ਆਪੇ ਦੇ ਦਰਦ ਸਾਹਵੇਂ ਆ ਖਲੋਂਦੀ ਹੈ। ਇਹ ਰਚਨਾ ਦਾ ਗਤੀਸ਼ੀਲ ਮੋਟਿਫ ਹੈ ਜਿਸ ਵਿਚ 'ਆਪਣਿਆਂ ਵਿਚੋਂ ਹੀ ਦੁਸ਼ਮਣਾਂ ਦਾ ਚੜ੍ਹ ਆਉਣਾ' ਸਿਰਫ 1947 ਨਹੀਂ ਸਗੋਂ 1984 ਵਿਚ ਹੋਏ ਫਸਾਦਾਂ ਦੇ ਪਿਛੋਕੜ ਨਾਲ ਵੀ ਸਹਿਜੇ ਹੀ ਸੰਬੰਧ ਜਾ ਜੋੜ ਲੈਂਦਾ ਹੈ। ਭਾਵੇਂ ਇਹ ਕਵਿਤਾ ਪ੍ਰਤੱਖ ਰੂਪ ਵਿਚ ਇਸ ਸਥਿਤੀ ਨਾਲ ਜੁੜੀ ਹੋਈ ਨਹੀਂ ਹੈ। ਉਹ ਬੰਦ ਸਥਿਤੀ ਨੂੰ ਹੰਢਾਉਣ ਲਈ ਮਜਬੂਰ ਹੋ ਜਾਂਦੇ ਹਨ। ਆਮ/ਬੇਦੋਸੇ ਮਨੁੱਖਾਂ ਦੀਆਂ ਜਾਨਾਂ ਜਾਂਦੀਆਂ ਹਨ ਅਤੇ ਉਹ ਅੱਗੇ ਆਉਣ ਵਾਲੇ 'ਚੁੱਪ ਚੁੱਪ ਅੰਦਰੇ ਅੰਦਰ' ਤੋਂ 'ਦਿਨੇ ਵਿਹਾਜੀ ਰੈਣ' ਵਾਲੇ ਸਥਿਤੀਸ਼ੀਲ ਮੋਟਿਫ ਵਾਲੀ ਸਥਿਤੀ ਵਿਚ ਪੈ ਜਾਂਦੇ ਹਨ। ਇਉਂ ਉਹ ਅੰਤਰਮੁਖੀ ਹੋ ਜਾਂਦੇ ਹਨ। ਲਾਸ਼ਾਂ ਦੇ ਢੇਰ ਤੇ ਸੱਚ ਨੂੰ ਸੱਚ ਕਹਿਣ ਦੀ ਜੁਰੱਤ ਵਾਲੀ ਕੌੜੀ ਹਕੀਕਤ ਸਾਹਵੇਂ ਆਪਣੀ ਜਾਨ ਦਾ ਭਾਰ ਨਹੀਂ ਚੁੱਕ ਸਕਦੇ। ਇਉਂ ਇਕ ਆਜ਼ਾਦ ਸਵੇਰ ਦੇ ਬਾਵਜੂਦ ਕਾਲੀ ਰੈਣ ਦਾ ਹਨ੍ਹੇਰਾ ਭੋਗਦੇ ਹਨ। 'ਆਪਣਿਆਂ ਵਿਚ ਆਪਣੇ ਰਸਤੇ' ਤੋਂ 'ਦੇਸ਼ ਬਿਗਾਨੇ ਰਹਿਣ' ਤਕ ਦੀ ਸਥਿਤੀ ਗਤੀਸ਼ੀਲ ਮੋਟਿਫ ਦੀ ਸ਼ਕਲ ਵਿਚ ਸਾਹਮਣੇ ਆਉਂਦੀ ਹੈ। ਇਸ ਤੋਂ ਪਹਿਲਾਂ ਆਈ ਚੁੱਪ/ਖਾਮੋਸ਼ੀ ਇਥੇ ਆਪਣੇ ਦੁਆਲੇ ਨੂੰ ਫਰੋਲਣ ਦੀ ਕੋਸ਼ਿਸ਼ ਕਰਦੀ ਹੈ। ਇਥੇ ਆਪਣਿਆਂ ਵਿਚ ਆਪਣੇ ਰਸਤੇ ਅੱਗੇ ਕਿਸੇ ਖੁੱਲ੍ਹੀ ਦਿਸ਼ਾ ਵਿਚ ਨਿਕਲਣ ਦੀ ਥਾਵੇਂ ਆਪਣੇ ਆਪ ਵਿਚ ਬੰਦ ਯਾਨੀ ਬੰਦ ਸਥਿਤੀ ਦੇ ਧਾਰਨੀ ਹੋ ਕੇ ਰਹਿ ਜਾਂਦੇ ਹਨ। ਵੰਡ ਇੱਥੇ ਕੰਧ/ਵਿੱਥ/ਦਰਦ ਦੀ ਸੂਚਕ ਹੈ ਜਿਥੇ ਇਸ ਵਿਚਲੇ 'ਅਸੀਂ' ਇਕ ਨਤੀਜੇ ਤੇ ਪੁੱਜਦੇ ਹਨ ਕਿ ਅਜਿਹੇ ਬੇਗਾਨਿਆਂ ਜਿਹੇ ਆਪਣਿਆਂ ਨਾਲੋਂ ਪਰਾਏ ਦੇਸ਼ (ਪਰਵਾਸੀ ਹੋਣ) ਵਿਚ ਰਹਿਣਾ ਹੀ ਬਿਹਤਰ ਹੈ। ਜਿੱਥੇ ਆਪਣੇ ਬੇਗਾਨੇ ਹੋ ਜਾਣ ਤੇ ਖੇਤ ਦੀ ਵਾੜ ਹੀ ਖੇਤ ਨੂੰ ਖਾਣ ਲਗ ਪਵੇ। ਖਾਮੋਸ਼ੀ, ਇਸ ਪਰਦੇ ਸੀ ਵਸਣ ਦੇ ਦਰਦੀਲੇ ਨਤੀਜੇ ਤੇ ਪੁੱਜਦੀ ਹੈ। ਮਨ ਨੂੰ ਧਰਵਾਸ ਦੇਂਦੇ ਹੋਏ ਅਗਲਾ ਮੋਟਿਫ 'ਬੇਗਾਨੇ ਦੇਸ਼/ਪਰਦੇਸ' ਵਿਚ ਆਪਣੀ ਹੋਂਦ ਨੂੰ ਕਾਇਮ ਰੱਖਣ ਦੇ ਪੱਖ ਦਾ ਮੁਤਾਲਿਆ ਕਰਦੀ ਹੈ। ਇਸ ਸਥਿਤੀਸ਼ੀਲ ਮੋਟਿਫ 'ਦੇਸ਼ ਬਿਗਾਨੇ ਸਭ ਬੇਗਾਨਾ ਢੰਭ ਨ ਚੁੱਕਣਾ ਪੈਂਦਾ' ਤੋਂ 'ਮਨ ਪ੍ਰਦੇਸੀ ਮਨ ਬੇਚੈਨ' ਵਿਚ ਅਸੀਂ ਕਿਸੇ ਢੰਭ/ ਵਿਖਾਵੇ ਦੀ ਥਾਂ ਬੇਗਾਨਿਆਂ ਵਿਚੋਂ ਅਪਣੱਤ ਦੀ ਭਾਲ ਕਰਨ ਦੇ ਰਾਹ ਪੈਂਦੀ ਆਪਣੇ ਮੂਲ (ਵਤਨ/ਘਰ) ਨਾਲੋਂ ਵਿਛੁੰਨੀ ਜਾਂਦੀ ਹੈ। ਜਿੱਥੇ ਕਿਸੇ ਅਪਣੱਤ ਦੀ ਝੂਠੀ ਆਸ ਉਸ ਨੇ ਆਪਣੇ ਮਨ ਨੂੰ ਨਹੀਂ ਦਿੱਤੀ। ਇਉਂ ਦੇਸ਼, ਮਨ ਤੇ ਹੋਂਦ ਸਭ ਪੱਖੋਂ ਪਰਦੇਸੀ ਹੋ ਕੇ 'ਬੇਚੈਨੀ' ਜਾਂ ਤਨਾਓਸ਼ੀਲ ਸਥਿਤੀ ਵਿਚ ਪੈ ਜਾਂਦੀ ਹੈ। ਪਰ ਇਹ ਫੈਸਲਾ ਉਸਦਾ ਆਪਣਾ ਹੈ। ਇਹ ਫੈਸਲਾ ਇਕ ਅਜਿਹੀ ਬੇਬਸੀ ਦੇ ਰੂਪ ਵਿਚ ਉੱਭਰਦਾ ਹੈ ਜਿਥੇ ਇਹ ਤਨਾਓ, ਦਰਦ, ਬੇਚੈਨੀ ਇਕ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

ਲਾਵੇ ਦੀ ਸ਼ਕਲ ਅਖ਼ਤਿਆਰ ਕਰਕੇ ਅੰਬਰ ਪਾੜ ਦੇਣ ਤਕ ਦੀ ਅੱਤ ਨੂੰ ਜਾ ਛੂੰਹਦਾ ਹੈ। ਇਸੇ ਸਥਿਤੀ ਵਿੱਚੋਂ ਚਿੰਤਨ/ਮੂਲ/ਚੇਤਨਾ ਦਾ ਨਾਂ ਦੁਮੇਲ ਅੰਗੜਾਈ ਲੈ ਕੇ ਨਵੀਂ ਦਿਸ਼ਾ/ਸੰਭਾਵਨਾਮੁਖਤਾ ਦੇ ਰੂਪ ਵਿਚ ਉੱਘੜਦਾ ਹੈ। ਇਹ ਕਾਵਿ-ਰਚਨਾ ਦਾ ਲੀਤ ਮੋਇਫ ਹੈ ਜੋ ਪਿਛੇ ਵਾਪਰਨ ਵਾਲੀਆਂ ਸਥਿਤੀਆਂ ਟੁੱਟਣਾ, ਬਿਖਰਨਾ, ਬੰਦ ਸਥਿਤੀ, ਆਪਣੇ/ਬੇਗਾਨ, ਬੇਗਾਨੇ/ਆਪਣੇ ਤੇ ਪਰਵਾਸੀ ਹੋਂਦ ਦੇ ਦਰਪੇਸ਼ ਯਥਾਰਥ ਨਾਲ ਸੰਬੰਧ ਜੋੜਦਾ ਹੈ। ਨਵੀਂ ਸੰਭਾਵਨਾਮੁਖਤਾ (ਸੋਚ/ਨੀਝ/ਚਿੰਤਨ) ਦੇ ਰਾਹ 'ਅਸੀਂ' ਸਮੂਹ/ਧਿਰ ਨੂੰ ਪਾ ਦਿੰਦਾ ਹੈ। ਇਸ ਬੰਦ ਮੋਇਫ 'ਨਾ ਅਸੀਂ ਕੂਏ ਨਾ ਅਸੀਂ ਰੋਏ' ਤੋਂ 'ਡੁੱਬ ਗਏ ਸਾਡੇ ਨੈਣ' ਦਾ ਦੁਹਰਾਓ ਇਸ ਗੱਲ ਦਾ ਪ੍ਰਮਾਣ ਹੈ ਕਿ ਅਜੇ ਇਸ ਨੁਕਤੇ (ਸੰਭਾਵਨਾਮੁਖਤਾ/ਨਵੀਂ ਦਿਸ਼ਾ/ਸਥਿਤੀ/ਚਿੰਤਨ) ਤਕ ਪਹੁੰਚ ਕੇ ਵੀ ਅਜੇ ਉਨ੍ਹਾਂ ਦੀਆਂ ਪਲਕਾਂ ਵਿਚ ਪੰਜ ਦਰਿਆਵਾਂ ਵਾਲੇ ਇਨਸਾਨੀਅਤ ਨਾਲ ਵਾਪਰੇ ਹਾਦਸੇ ਦਾ ਦਰਦ ਅੱਥਰੂ ਦੀ ਸ਼ਕਲ ਵਿਚ ਛੁਪਿਆ ਹੋਇਆ ਹੈ। ਨਾ ਇਹ ਪੂਰੀ ਤਰ੍ਹਾਂ ਵਗ ਕੇ ਸ਼ਾਂਤ ਹੋਣਾ ਚਾਹੁੰਦਾ ਹੈ, ਕਿਉਂ ਜੋ ਉਹ ਰੋਏ/ਕੂਏ ਨਹੀਂ, ਅੰਤਰਮਖੀ ਹੋ ਦਰਦ ਦੇ ਸੇਕ ਨੂੰ ਜ਼ਰਦੇ ਰਹੇ ਹਨ।

ਇਵੇਂ ਇਸ ਕਾਵਿ-ਰਚਨਾ ਦੀ ਯਾਤਰਾ ਅਣਕਹੇ ਪੰਜਾਂ ਦਰਿਆਵਾਂ ਦੇ ਦਰਦ ਤੋਂ ਬਿਖਰਨ ਤੇ (ਆਪਣਿਆਂ ਤੋਂ ਆਪਣਿਆਂ ਨੂੰ ਮਾਰ) ਅੰਤਰਮੁਖੀ ਹੋ ਬੰਦ ਸਥਿਤੀ ਰਾਹੀਂ ਵੰਡ/ਜ਼ੁਲਮ ਦੇ ਦਰਦ ਤੋਂ ਅਖੀਰ ਪਰਦੇਸੀ/ਪਰਵਾਸੀ ਹੋ ਬੇਗਾਨਿਆਂ ਦੀ ਦੂਰ ਪਾਰਲੀ ਦੁਨੀਆਂ ਤਕ ਦੀ ਹੈ। ਜਿਥੇ ਪਹੁੰਚ ਕੇ ਵੀ ਮਨ ਵਿਚ ਤਨਾਓ ਬੇਚੈਨੀ ਤੇ ਉਦਰੇਵਾਂ ਪਿੱਠਭੂਮਨ ਦਾ ਪ੍ਰਕਾਰਜ ਅਦਾ ਕਰਦੇ ਹੋਏ ਅੰਤ ਨਵੀਂ ਸੰਭਾਵਨਾਮੁਖਤਾ (ਨਵੇਂ ਖਿਤਿਜ/ਦੁਮੇਲ) ਪਰਵਾਸੀ ਹੋਂਦ/ਉਸਦੀਆਂ ਵੰਗਾਰਾਂ ਨਾਲ ਜਾ ਜੁੜਦੀ ਹੈ। ਇਥੇ ਸਮਾਂ 1947 ਦੀ ਵੰਡ ਜਾਂ 1984 ਦੇ ਆਪਣਿਆਂ ਵਿਚਲੇ ਫਸਾਦ ਦਾ ਹੀ ਨਹੀਂ ਸਗੋਂ ਪਾਰਗਾਮੀ ਸਮਰੱਥਾ ਕਾਰਨ ਸਮਕਾਲੀ ਅਜਿਹੀਆਂ ਸਥਿਤੀਆਂ ਨਾਲ ਬਰ ਮੇਚਦਾ 'ਗਤੀਸ਼ੀਲ ਇਕਾਲਕਤਾ' **(dynamic synchrony)**, ਸਮੇਂ ਦੇ ਅਸੀਮ ਪਾਸਾਰ ਵਲ ਵਧਦਾ ਹੈ। ਇਹ ਰਚਨਾ ਪੰਜਾਬ ਦੀ ਧਰਤੀ, ਪਾਣੀ ਦੇ ਬਿੰਬ ਤੋਂ ਤੁਰ ਕੇ ਪਰਵਾਸੀ ਹੋਂਦ, ਇਕੱਲਤਾ, ਬੇਗਾਨਗੀ ਤਨਾਓ ਤਕ ਦਾ ਸਫਰ ਤੈਅ ਕਰਦੀ ਹੈ। ਇਵੇਂ ਇਹ ਕੇਂਦਰੀ ਮਹੱਤਵ ਵਾਲੀ ਨਾ ਹੋ ਕੇ ਅਨੇਕ ਕੇਂਦਰੀ/ਵਿਕੇਂਦ੍ਰਿਤ ਹੋ ਉੱਤਰ-ਆਧੁਨਿਕ ਦ੍ਰਿਸ਼ਟੀ ਅਧੀਨ ਵਿਚਰਦੀ ਵੇਖੀ ਜਾ ਸਕਦੀ ਹੈ। ਇਸ ਦੀ ਕਾਵਿ-ਭਾਸ਼ਾ ਇਸ ਥੀਮਿਕ ਦਰਿਆਵਾਂ ਦੇ ਦਰਦ ਨੂੰ ਮੁਲਕਾਂ ਤਕ ਸਾਂਭਦੀ ਹੋਈ ਨਵੇਂ ਪਾਸਾਰਾਂ/ਵੰਗਾਰਾਂ ਨਾਲ ਜੁੜਨ/ਜੂਝਣ/ਲੜਨ ਦੀ ਪਾਰਗਾਮੀ ਸਮਰੱਥਾ ਨਾਲ ਜੁੜਦੀ ਹੈ। ਇਸ ਲਈ ਇਸ ਕਾਵਿ-ਰਚਨਾ ਨੂੰ ਸਿਰਫ 'ਪੰਜਾਬ-ਸੰਤਾਪ' ਜਾਂ 'ਵੰਡ' ਦੇ ਥੀਮ ਤਕ ਹੀ ਮਹਿਦੂਦ ਨਹੀਂ ਕੀਤਾ ਜਾ ਸਕਦਾ। ਇਸਦੀ ਥੀਮਿਕ-ਸਮਰੱਥਾ ਇਸ



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

ਦੀਆਂ ਅਰਥ ਸੰਭਾਵਨਾਵਾਂ ਨੂੰ 'ਪਰਵਾਸੀ ਹੋਂਦ' (ਬੇਗਾਨਗੀ/ਅਜਨਬੀਅਤ) ਤਕ ਫੈਲਾਉਣ ਵਿਚ ਕਹੀ ਜਾ ਸਕਦੀ ਹੈ। ਇਥੇ 'ਅਸੀਂ' ਦਾ ਕਿਰਦਾਰ ਗਤੀਸ਼ੀਲ ਹੈ। 'ਉਦਰੇਵੇਂ' ਦਾ ਥੀਮਿਕ ਵੇਰਵਾ/ਸਥਿਤੀ ਇਸ ਕਾਵਿ-ਰਚਨਾ ਦੇ ਲਈ ਪਿੱਠਭੂਮੀ ਦਾ ਪ੍ਰਕਾਰਜ ਅਦਾ ਕਰਦਾ ਹੈ। ਇਸ ਕਵਿਤਾ ਦੇ ਪਿੱਛੇ ਕਾਰਜਸ਼ੀਲ ਚੇਤਨਾ ਰਾਜਨੀਤਿਕ/ਸਾਂਸਕ੍ਰਿਤਕ ਹੈ। ਇਹ ਇਸ ਤਰ੍ਹਾਂ ਵੇਖਣ ਨੂੰ ਸਰਲ ਜਾਪਣ ਵਾਲੀ ਰਚਨਾ ਜੱਟਿਲ ਪ੍ਰਕ੍ਰਿਤੀ ਦੀ ਹੋ ਨਿੱਬੜਦੀ ਹੈ। ਪੰਜ ਦਰਿਆਵਾਂ ਦੇ ਦਰਦ/ਯਥਾਰਥ ਨੂੰ ਪਲਕੀਂ ਪਾਉਣ ਦੀ ਥਾਂ ਇਸ ਦੇ ਰਾਹੀਂ ਸਮਕਾਲੀ ਯਥਾਰਥ ਨਾਲ ਆਪਣਾ ਨਾਤਾ ਜੋੜਨ ਵਿਚ ਹੀ ਇਸ ਕਾਵਿ-ਰਚਨਾ ਦੀ ਥੀਮਿਕ ਵਿਲੱਖਣਤਾ ਹੈ।

**-ਡਾ. ਜਸਪਾਲ ਕੌਰ (ਭਾਰਤ)**
ਐਸੋਸੀਏਟ ਪ੍ਰੋਫ਼ੈਸਰ
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ-110007



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

# ਪ੍ਰਸ਼ਨਾਵਲੀ

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

1. ਰਵਿੰਦਰ ਰਵੀ ਨੂੰ ਬ੍ਰਹਿਮੰਡਕ-ਚੇਤਨਾ ਦਾ ਕਵੀ ਕਿਉਂ ਕਿਹਾ ਜਾਂਦਾ ਹੈ ?
2. ਰਵਿੰਦਰ ਰਵੀ, ਬ੍ਰਹਿਮੰਡ ਵਿਚਲੀਆਂ ਵਿਰੋਧੀ ਖਿੱਚਾਂ ਨੂੰ ਕਿਨ੍ਹਾਂ ਕਿਨ੍ਹਾਂ ਚਿੰਨ੍ਹਾਂ ਰਾਹੀਂ ਸਾਕਾਰ ਕਰਦਾ ਹੈ ? ਚਰਚਾ ਕਰੋ।
3. ਰਵਿੰਦਰ ਰਵੀ ਨੇ ਮਹਾਂਨਗਰ ਨੂੰ ਆਪਣੀਆਂ ਕਾਵਿ-ਕਿਰਤਾਂ ਵਿਚ ਕਿਵੇਂ ਪਰਿਭਾਸ਼ਤ ਕੀਤਾ ਹੈ ?
4. ਰਵਿੰਦਰ ਰਵੀ ਆਪਣੀ ਕਵਿਤਾ ਵਿਚ ਕਿਹੜੇ ਮਾਨਵੀ ਅਸਿਤਤ੍ਵਵਾਦੀ ਸਰੋਕਾਰਾਂ ਨੂੰ ਚਰਚਾ ਦਾ ਵਿਸ਼ਾ ਬਣਾਉਂਦਾ ਹੈ ਅਤੇ ਕਿਵੇਂ ? ਚਰਚਾ ਕਰੋ।
5. 'ਆਪਣੇ ਖ਼ਿਲਾਫ਼-1, 2, 3' ਨਜ਼ਮਾਂ 'ਚੋਂ ਉੱਭਰਣ ਵਾਲੇ 'ਅੰਤਰ-ਵਿਰੋਧ ਚਿੰਤਨ' ਨੂੰ ਚਰਚਾ ਦਾ ਵਿਸ਼ਾ ਬਣਾਉ।
6. 'ਆਪਣਾ ਦੇਸ਼' ਕਵਿਤਾ ਦੀ ਕਾਵਿ-ਬੁਣਤੀ ਦੀ ਪ੍ਰਕਿਰਤੀ ਨਾਲ ਜਾਣ-ਪਛਾਣ ਕਰਾਉ।
7. 'ਸ਼ਬਦ ਦੀ ਦੁਨੀਆਂ' ਕਵਿਤਾ ਨਾਲ ਸੰਬੰਧਤ, ਡਾ. ਜਸਪਾਲ ਕੌਰ ਦੇ ਕਥਨ "ਸ਼ਾਇਰ ਆਪਣੀ ਕਵਿਤਾ ਵਿਚ 'ਬਿਯੌਂਡ ਲੈਂਗੁਏਜ' (Beyond Language) ਜਾਂ ਪਾਰਭਾਸ਼ਾ ਦੀ ਗੱਲ ਕਰਦਾ ਹੈ, ਇਉਂ ਇਹ ਕਵਿਤਾ, ਗਿਆਨ ਦੀ ਇਕ ਆਧੁਨਿਕ ਤੇ ਵੱਡੀ ਸਮੱਸਿਆ ਨਾਲ ਜੁੜੀ ਹੋਈ ਹੈ।" ਦੀ ਪੁਸ਼ਟੀ ਕਰੋ।
8. 'ਪੰਜਾਬ ਦੀ ਲਾਸ਼' ਕਵਿਤਾ ਵਿਚ ਪੰਜਾਬ ਦੇ ਮੌਜੂਦਾ ਸੰਕਟ ਦੀ ਪੇਸ਼ਕਾਰੀ ਕਿਵੇਂ ਹੋਈ ਹੈ ? ਚਰਚਾ ਕਰੋ।



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

9. ਪੰਜਾਬ ਸੰਕਟ ਨਾਲ ਸੰਬੰਧਤ ਰਵਿੰਦਰ ਰਵੀ ਦੀਆਂ ਨਜ਼ਮਾਂ 'ਚ 'ਅਘਰਵਾਸੀ ਵਾਲੀ ਮਾਨਸਿਕਤਾ' ਤੇ 'ਉਦਰੇਵੇਂ' ਦੀ ਸਥਿਤੀ ਕਿਵੇਂ ਰੂਪਮਾਨ ਹੁੰਦੀ ਹੈ ? ਚਰਚਾ ਕਰੋ।

10. ਆਪਣੀ ਸ਼ਾਇਰੀ ਵਿਚ ਰਵਿੰਦਰ ਰਵੀ ਕਿਨ੍ਹਾਂ ਮਾਨਵੀ ਗੰਢਾਂ ਦੀ ਗੱਲ ਕਰਦਾ ਹੈ ? ਉਦਾਹਰਣਾਂ ਸਹਿਤ ਸਪੱਸ਼ਟ ਕਰੋ।

11. ਰਵਿੰਦਰ ਰਵੀ ਦੀ ਕਵਿਤਾ 'ਚੋਂ ਉੱਭਰਣ ਵਾਲੀ ਵਿਲੱਖਣ ਪ੍ਰਵਾਸੀ-ਚੇਤਨਾ ਦਾ ਮੁਹਾਂਦਰਾ ਉਲੀਕੋ।

12. 'ਆਪਣੇ ਖ਼ਿਲਾਫ਼' ਕਾਵਿ-ਸੰਗ੍ਰਹਿ ਦੇ ਆਧਾਰ 'ਤੇ ਰਵਿੰਦਰ ਰਵੀ ਦੀ ਕਾਵਿ-ਕਲਾ ਦੀਆਂ ਖ਼ੂਬੀਆਂ ਬਿਆਨ ਕਰੋ।

13. 'ਆਪਣੇ ਖ਼ਿਲਾਫ਼' ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਦੇ ਥੀਮਕ ਪੱਖ ਉੱਪਰ ਰੌਸ਼ਨੀ ਪਾਉ।

14. ਰਵਿੰਦਰ ਰਵੀ ਦੀ ਕਵਿਤਾ ਦੇ ਬੁਨਿਆਦੀ ਵਿਕਾਸ-ਪੜਾਵਾਂ ਨਾਲ ਜਾਣ-ਪਛਾਣ ਕਰਾਉ।

15. ਪੰਜਾਬੀ ਪਰਵਾਸੀ ਕਵਿਤਾ ਨੂੰ ਰਵਿੰਦਰ ਰਵੀ ਦਾ ਵਿਸ਼ੇਸ਼ ਯੋਗਦਾਨ ਕੀ ਹੈ ? ਚਰਚਾ ਕਰੋ।

16. ਰਵਿੰਦਰ ਰਵੀ ਦੀ ਕਾਵਿ-ਭਾਸ਼ਾ ਦੇ ਗੁਣਾਂ ਨੂੰ ਚਰਚਾ ਦਾ ਵਿਸ਼ਾ ਬਣਾਉ।

17. ਰਵਿੰਦਰ ਰਵੀ ਦੀ ਸ਼ਾਇਰੀ ਰਾਹੀਂ ਉੱਭਰਣ ਵਾਲੀ ਵਿਚਾਰਧਾਰਾ ਬਾਰੇ ਜਾਣਕਾਰੀ ਦਿਉ।

18. 'ਆਪਣੇ ਖ਼ਿਲਾਫ਼' ਕਾਵਿ-ਪੁਸਤਕ ਵਿਚ ਸ਼ਾਇਰ, ਲੋਕ-ਕਾਵਿ-ਰੂਪਾਂ ਦਾ ਰੂਪਾਂਤਰਣ ਕਿਨ੍ਹਾਂ ਅਰਥਾਂ ਵਿਚ ਕਰਦਾ ਹੈ ? ਦਲੀਲਾਂ ਰਾਹੀਂ ਸਪੱਸ਼ਟ ਕਰੋ।

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਰਵਿੰਦਰ ਰਵੀ ਦੀ ਸ਼ਾਇਰੀ ਵਿਚ ਪੇਸ਼ 'ਅਘਰਵਾਸ' ਦਾ ਸੰਕਲਪ ਕੀ ਹੈ ? ਉਦਾਹਰਣਾਂ ਸਹਿਤ ਸਪੱਸ਼ਟ ਕਰੋ।

2. 'ਆਪਣਾ ਦੇਸ਼' ਕਵਿਤਾ 'ਚ ਪੇਸ਼ ਅਸਤਿਤਵੀ ਸੱਚ ਕੀ ਹੈ ? ਟਿੱਪਣੀ ਕਰੋ।

3. 'ਆਪਣੇ ਖ਼ਿਲਾਫ਼' ਕਾਵਿ-ਸੰਗ੍ਰਹਿ 'ਚੋਂ ਤੁਹਾਨੂੰ ਕਿਹੜੀ ਨਜ਼ਮ ਸਭ ਤੋਂ ਵੱਧ ਪਸੰਦ ਆਈ ਹੈ ਤੇ ਕਿਉਂ ? ਟਿੱਪਣੀ ਕਰੋ।



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**


Academy of the Punjab in North America: http://www.apnaorg.com

4. ਰਵਿੰਦਰ ਰਵੀ ਦੀਆਂ ਸਾਹਿਤਕ-ਕਿਰਤਾਂ ਦੇ ਨਾਂ ਲਿਖੋ।
5. ਰਵਿੰਦਰ ਰਵੀ ਦੀ ਸ਼ਾਇਰੀ 'ਚੋਂ ਸਭਿਆਚਾਰਕ ਤਣਾਵਾਂ ਦੇ ਕਿਹੋ ਜਿਹੇ ਕਾਵਿ-ਬਿੰਬ ਉਜਾਗਰ ਹੁੰਦੇ ਹਨ ? ਟਿੱਪਣੀ ਕਰੋ।
6. ਰਵਿੰਦਰ ਰਵੀ ਦੀ ਸ਼ਾਇਰੀ 'ਚ ਮਾਨਵੀ ਹੋਂਦ ਦੇ ਸੰਤਾਪ ਦੀ ਪੇਸ਼ਕਾਰੀ ਕਿਵੇਂ ਹੋਈ ਹੈ ? ਟਿੱਪਣੀ ਕਰੋ।
7. ਕਿਸੇ ਕਵਿਤਾ ਬਾਰੇ ਟਿੱਪਣੀ ਕਰੋ।
8. ਮਨੁੱਖ ਤੇ ਮਸ਼ੀਨ ਬਾਰੇ ਰਵੀ ਦੇ ਕੀ ਵਿਚਾਰ ਹਨ, ਟਿੱਪਣੀ ਕਰੋ।
9. 'ਆਪਣੇ ਖ਼ਿਲਾਫ਼' ਦਾ ਬਿੰਬ ਕੀ ਸੁਨੇਹਾ ਦਿੰਦਾ ਹੈ, ਸੰਖੇਪ ਵਿਚ ਦਸੋ।


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2
Academy of the Punjab in North America: http://www.apnaorg.com

ਅੰਤਿਮ ਅੰਤਿਕਾ

# ਰਵਿੰਦਰ ਰਵੀ ਦੀਆਂ ਪੁਸਤਕਾਂ ਤੇ ਹੋਰ ਵੇਰਵੇ





IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apna Khilaf/2-Proof/Apne Khilaf-A2

Academy of the Punjab in North America: http://www.apnaorg.com

IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**
Academy of the Punjab in North America: http://www.apnaorg.com

# ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿਆਂ ਦਾ ਵੇਰਵਾ

1. ਦਿਲ ਦਰਿਆ ਸਮੁੰਦਰੋਂ ਡੂੰਘੇ—ਧਨਪਤ ਰਾਏ ਐਂਡ ਸਨਜ਼, ਜਲੰਧਰ—1961
2. ਬੁੱਕਲ ਦੇ ਵਿਚ ਚੋਰ—ਹਿੰਦ ਪਬਲਿਸ਼ਰਜ਼, ਜਲੰਧਰ—1963
3. ਬਿੰਦੂ—ਦੌਲਤ ਰਾਮ ਸਹਿਦੇਵ ਐਂਡ ਸਨਜ਼, ਜਲੰਧਰ—1965
4. ਮੌਨ ਹਾਦਸੇ—ਰਾਜ ਰੂਪ ਪ੍ਰਕਾਸ਼ਨ, ਜਲੰਧਰ—1967
5. ਦਿਲ-ਟ੍ਰਾਂਸਪਲਾਂਟ ਤੋਂ ਬਾਅਦ—ਨਿਊ ਬੁਕ ਕੰਪਨੀ, ਜਲੰਧਰ—1969
6. ਸ਼ਹਿਰ ਜੰਗਲੀ ਹੈ—ਨਿਊ ਬੁਕ ਕੰਪਨੀ, ਜਲੰਧਰ—1970
7. ਮੇਰੇ ਮੌਸਮ ਦੀ ਵਾਰੀ—ਨਿਊ ਬੁਕ ਕੰਪਨੀ, ਜਲੰਧਰ—1972
8. ਜਲ ਭਰਮ-ਜਲ—ਕੇ. ਲਾਲ ਐਂਡ ਕੰਪਨੀ, ਜਲੰਧਰ—1976
9. ਚਿੱਟੇ ਕਾਲੇ ਧੱਬੇ—ਕੇ. ਲਾਲ ਐਂਡ ਕੰਪਨੀ, ਜਲੰਧਰ—1978
10. ਸੀਮਾਂ ਆਕਾਸ਼—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1980
11. ਸ਼ੀਸ਼ੇ 'ਤੇ ਦਸਤਕ—ਨਵਯੁੱਗ ਪਬਲਿਸ਼ਰਜ਼, ਦਿੱਲੀ—1983
12. ਆਪਣੇ ਖ਼ਿਲਾਫ਼—ਨਵਯੁੱਗ ਪਬਲਿਸ਼ਰਜ਼, ਦਿੱਲੀ—1986
13. ਸੂਰਜ ਤੇਰਾ ਮੇਰਾ—ਨੈਸ਼ਨਲ ਬੁਕ ਸ਼ਾਪ, ਦਿੱਲੀ—1989
14. ਰਵਿਾਂ—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1993
15. ਸ਼ਬਦੋਂ ਪਾਰ—ਨੈਸ਼ਨਲ ਬੁਕ ਸ਼ਾਪ, ਦਿੱਲੀ—1999
16. ਪੱਤਰ ਤੇ ਦਰਿਆ—ਨੈਸ਼ਨਲ ਬੁਕ ਸ਼ਾਪ, ਦਿੱਲੀ—2003
17. ਛਾਵਾਂ ਤੇ ਪਰਛਾਵੇਂ—ਨੈਸ਼ਨਲ ਬੁਕ ਸ਼ਾਪ, ਦਿੱਲੀ—2007
18. ਬਾਜ਼ ਦੀ ਨਜ਼ਰ—ਨੈਸ਼ਨਲ ਬੁਕ ਸ਼ਾਪ, ਦਿੱਲੀ—2010
19. ਨਵੀਂ ਸਦੀ ਦੀ ਨਵੀਂ ਨਸਲ—ਨੈਸ਼ਨਲ ਬੁਕ ਸ਼ਾਪ, ਦਿੱਲੀ—2013
20. ਸ਼ਬਦਾਂ ਦੇ ਚਿਹਰੇ—ਨੈਸ਼ਨਲ ਬੁਕ ਸ਼ਾਪ, ਦਿੱਲੀ—2014
21. ਨਿਹੋਂਦ ਦਾ ਗੀਤ—ਨੈਸ਼ਨਲ ਬੁਕ ਸ਼ਾਪ, ਦਿੱਲੀ—2015

## ਕਵਿਤਾ ਦੇ ਸਮੁੱਚੇ ਸੰਗ੍ਰਹਿ (Collected works)

1. ਅਕੱਥ ਕਥਾ (1955 ਤੋਂ 1966, ਭਾਰਤ)
   —ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1988
   ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

2. ਵਣ ਵਾਣੀ (1967 ਤੋਂ 1974, ਕੀਨੀਆ)
—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1988
ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005

3. ਪਿਆਸਾ ਬੱਦਲ (1974 ਤੋਂ 1986 ਕੈਨੇਡਾ)
—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1990
ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005

4. ਸ਼ਬਦ ਸਾਗਰ (1986 ਤੋਂ 2003 ਕੈਨੇਡਾ)
—ਨੈਸ਼ਨਲ ਬੁਕ ਸ਼ਾਪ, ਦਿੱਲੀ—2004

5. ਪਿੰਡ ਬ੍ਰਹਮੰਡ (2003 ਤੋਂ 2014 ਕੈਨੇਡਾ)
—ਨੈਸ਼ਨਲ ਬੁਕ ਸ਼ਾਪ, ਦਿੱਲੀ—2015

**ਅੰਗਰੇਜ਼ੀ ਵਿਚ**

Restless Soul—Indo-Candian Publishers,
Surrey, B.C. Canada-1978
Second Edition—National Book Shop, Delhi-2008

**ਹਿੰਦੀ ਵਿਚ**

1. ਸੂਰਜ ਕਾ ਤਕੀਆ—ਪ੍ਰਤੀਕ ਪਬਲੀਕੇਸ਼ਨਜ਼, ਲੁਧਿਆਣਾ—1998
ਦੂਜਾ ਐਡੀਸ਼ਨ—ਨੈਸ਼ਨਲ ਬੁਕ ਸ਼ਾਪ, ਦਿੱਲੀ—2009

**ਪਾਕਿਸਤਾਨ ਵਿਚ**

1. ਗੰਢਾਂ (ਗੁਰਮੁਖੀ ਤੇ ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—1999

2. ਸ਼ਬਦੋਂ ਪਾਰ (ਗੁਰਮੁਖੀ ਤੇ ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—1999

3. ਹੀਰਿਆਂ ਦਾ ਚੋਗ—ਚੋਣਵੀਂ ਕਵਿਤਾ ਦਾ ਸੰਗ੍ਰਹਿ—1974-1989—(ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—2002

4. ਪੱਤਰ ਤੇ ਦਰਿਆ (ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—2005

5. ਸ਼ਬਦਾਂ ਦੇ ਚਿਹਰੇ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼,
ਲਾਹੌਰ, ਪਾਕਿਸਤਾਨ-2016



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

6. ਨਿਹੋਂਦ ਦਾ ਗੀਤ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2016

7. ਨਵੀਂ ਸਦੀ ਦੀ ਨਵੀਂ ਨਸਲ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2017



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

# ਰਵਿੰਦਰ ਰਵੀ ਰਚਿਤ ਕਾਵਿ-ਨਾਟਕਾਂ ਦਾ ਵੇਰਵਾ

1. "ਬੀਮਾਰ ਸਦੀ"—ਮੁਹਿੰਦਰ ਪਾਲ ਪਬਲਿਸ਼ਰਜ਼, ਜਲੰਧਰ—1974
2. "ਦਰ ਦੀਵਾਰਾਂ"—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1981
3. "ਅੱਧੀ ਰਾਤ ਦੁਪਹਿਰ"—ਨਵਯੁੱਗ ਪਬਲਿਸ਼ਰਜ਼, ਦਿੱਲੀ—1983
4. "ਚੌਕ ਨਾਟਕ"—ਨਵਯੁੱਗ ਪਬਲਿਸ਼ਰਜ਼, ਦਿੱਲੀ—1984
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
5. "ਰੂਹ ਪੰਜਾਬ ਦੀ"—ਦੀਪਕ ਪਬਲਿਸ਼ਰਜ਼, ਜਲੰਧਰ—1984
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
6. "ਸਿਫ਼ਰ ਨਾਟਕ"—ਰਵੀ ਸਹਿਤ ਪ੍ਰਕਾਸ਼ਨ, ਅੰਮ੍ਰਿਤਸਰ—1987
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
7. "ਤਿੰਨ ਨਾਟਕ"—ਨੈਸ਼ਨਲ ਬੁਕ ਸ਼ਾਪ, ਦਿੱਲੀ—1990
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
8. "ਮਨ ਦੇ ਹਾਣੀ"—ਨੈਸ਼ਨਲ ਬੁਕ ਸ਼ਾਪ, ਦਿੱਲੀ—2005
9. "ਮਘੌਟੇ ਤੇ ਹਾਦਸੇ"—ਨੈਸ਼ਨਲ ਬੁਕ ਸ਼ਾਪ, ਦਿੱਲੀ—2009
10. "ਚੱਕ੍ਰਵਯੂਹ ਤੇ ਪਿਰਾਮਿਡ"—ਨੈਸ਼ਨਲ ਬੁਕ ਸ਼ਾਪ, ਦਿੱਲੀ—2010
11. "ਆਪੋ ਆਪਣੇ ਦਰਿਆ"—ਨੈਸ਼ਨਲ ਬੁਕ ਸ਼ਾਪ, ਦਿੱਲੀ—2015
12. "ਹੋਂਦ ਨਿਹੋਂਦ"—ਨੈਸ਼ਨਲ ਬੁਕ ਸ਼ਾਪ, ਦਿੱਲੀ—2016
13. "ਪਰਤੱਖ ਤੋਂ ਅਗਾਂਹ" (ਦੋ ਕਾਵਿ-ਨਾਟਕ : "ਭਰਮ-ਜਲ" ਅਤੇ "ਸਿਆਸੀ ਦੰਦ-ਕਥਾ")
    —ਨੈਸ਼ਨਲ ਬੁਕ ਸ਼ਾਪ, ਦਿੱਲੀ—2017

**ਥੀਮਕੀ ਤ੍ਰਿੱਕੜੀ (Thematic Trilogy)**

1. "ਸੂਰਜ ਨਾਟਕ" (ਬੀਮਾਰ ਸਦੀ, ਦਰ ਦੀਵਾਰਾਂ ਤੇ ਅੱਧੀ ਰਾਤ ਦੁਪਹਿਰ)
   —ਨਵਯੁੱਗ ਪਬਲਿਸ਼ਰਜ਼, ਦਿੱਲੀ—1985
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
   **ਨਾਟਕ ਤੇ ਰੰਗਮੰਚ :** ਦੋ ਨਾਟਕ ਤੇ ਰੰਗਮੰਚ
   —ਨੈਸ਼ਨਲ ਬੁਕ ਸ਼ਾਪ, ਦਿੱਲੀ—2014



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

## ਕਾਵਿ-ਨਾਟਕਾਂ ਦੇ ਸਮੁੱਚੇ ਸੰਗ੍ਰਹਿ

1. "ਮੰਚ ਨਾਟਕ" (1974-90)—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1993
2. "ਮੇਰੇ ਕਾਵਿ-ਨਾਟਕ-1" : ਸੈਂਚੀ ਪਹਿਲੀ (1974-1983)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
3. "ਮੇਰੇ ਕਾਵਿ-ਨਾਟਕ-2" : ਸੈਂਚੀ ਦੂਜੀ (1984-1987)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
4. "ਮੇਰੇ ਕਾਵਿ-ਨਾਟਕ-3" : ਸੈਂਚੀ ਤੀਜੀ (1990-2005)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
5. "ਮੇਰੇ ਕਾਵਿ-ਨਾਟਕ-4" : ਸੈਂਚੀ ਚੌਥੀ (2008-2010)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2013

## ਪਾਕਿਸਤਾਨ ਵਿਚ ਸ਼ਾਹਮੁਖੀ ਲਿੱਪੀ ਵਿਚ ਕਾਵਿ-ਨਾਟਕਾਂ ਦਾ ਸਮੁੱਚਾ ਸੰਗ੍ਰਹਿ :

1. "ਮੰਚ ਨਾਟਕ" (1974-1990)
   —ਅਦਾਰਾ ਪੰਜਾਬੀ ਜ਼ਬਾਨ ਤੇ ਸ਼ਕਾਫ਼ਤ, ਲਾਹੌਰ, 2001

## ਪਾਕਿਸਤਾਨ ਵਿਚ ਸ਼ਾਹਮੁਖੀ ਲਿੱਪੀ ਵਿਚ ਕਾਵਿ-ਨਾਟਕ

1. "ਮਨ ਦੇ ਹਾਣੀ"
   —ਅਦਾਰਾ ਪੰਜਾਬੀ ਜ਼ਬਾਨ ਤੇ ਸ਼ਕਾਫ਼ਤ, ਲਾਹੌਰ, 2005



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

## ਰਵਿੰਦਰ ਰਵੀ ਰਚਿਤ ਕਹਾਣੀ-ਸੰਗ੍ਰਹਿਆਂ ਦਾ ਵੇਰਵਾ

| | ਕਹਾਣੀ-ਸੰਗ੍ਰਹਿ | ਪ੍ਰਕਾਸ਼ਕ | ਪੰਨੇ |
|---|---|---|---|
| 1. | ਚਰਾਵੀ | ਦੌਲਤ ਰਾਮ ਸਹਿਦੇਵ ਐਂਡ ਸਨਜ਼, ਜਲੰਧਰ<br>ਤਿੰਨ ਰੁਪਏ—1963<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 115 |
| 2. | ਜੁਰਮ ਦੇ ਪਾਤਰ | ਨਿਊ ਬੁਕ ਕੰਪਨੀ, ਜਲੰਧਰ<br>ਪੰਜ ਰੁਪਏ—1968<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 155 |
| 3. | ਸ਼ਹਿਰ ਵਿਚ ਜੰਗਲ | ਰਾਜ ਰੂਪ ਪ੍ਰਕਾਸ਼ਨ, ਜਲੰਧਰ<br>ਪੰਜ ਰੁਪਏ—1969<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 120 |
| 4. | ਕੋਨ ਪ੍ਰਤੀਕੋਨ | ਹਜ਼ੂਰੀਆ ਪਬਲਿਸ਼ਰਜ਼ ਕੰਪਨੀ, ਜਲੰਧਰ<br>5.75 ਰੁਪਏ—1971<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 83 |
| 5. | ਮੈਲੀ ਪੁਸਤਕ | ਮਹਿੰਦਰਪਾਲ ਪਬਲਿਸ਼ਿੰਗ, ਜਲੰਧਰ<br>ਅੱਠ ਰੁਪਏ—1973<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 96 |
| 6. | ਜਿੱਥੇ ਦੀਵਾਰਾਂ ਨਹੀਂ | ਕੇ. ਲਾਲ. ਐਂਡ ਕੰਪਨੀ, ਜਲੰਧਰ<br>ਵੀਹ ਰੁਪਏ—1978<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 139 |
| 7. | ਕੰਪਿਊਟਰ ਕਲਚਰ | ਨਵਯੁਗ ਪਬਲਿਸ਼ਰਜ਼, ਦਿੱਲੀ-6<br>ਪੈਂਤੀ ਰੁਪਏ—1985<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 128 |
| 8. | ਆਪਣੇ ਆਪਣੇ ਟਾਪੂ | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>ਸੱਠ ਰੁਪਏ—1992<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 120 |
| 9. | ਗੋਰੀਆਂ ਸ਼ਹੀਦੀਆਂ | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>225 ਰੁਪਏ—2010 | 160 |

### ਸਮੁੱਚੇ ਕਹਾਣੀ-ਸੰਗ੍ਰਹਿ

| | | | |
|---|---|---|---|
| 1. | ਅਘਰਵਾਸੀ<br>(1955-1983) | ਨਵਯੁਗ ਪਲਲਿਸ਼ਰਜ਼, ਦਿੱਲੀ-6<br>ਅੱਸੀ ਰੁਪਏ—1984 | 436 |
| 2. | ਮੇਰੀ ਕਹਾਣੀ<br>(1955-2005) | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>495 ਰੁਪਏ—2006 | 648 |
| 3. | ਮੇਰੀਆਂ ਸਾਰੀਆਂ ਕਹਾਣੀਆਂ<br>(1955-2010) | ਨੈਸ਼ਨਲ ਬੁਕ ਸ਼ਾਪ, ਦਿੱਲੀ-6 | 2017 |



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

## ਚੋਣਵੇਂ ਕਹਾਣੀ-ਸੰਗ੍ਰਹਿ

| | | | |
|---|---|---|---|
| 1. | ਸਮੇਂ ਦੇ ਨਾਲ ਨਾਲ (1955-1989) | ਨੈਸ਼ਨਲ ਬੁਕ ਸ਼ਾਪ, ਦਿੱਲੀ-6 140 ਰੁਪਏ—1989 | 322 |
| 2. | ਖੰਭਾਂ ਵਾਲੇ ਪਿੰਜਰੇ (1955-2000) | ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ 325 ਰੁਪਏ—2001 | 376 |
| 3. | ਚੋਣਵੀਆਂ ਕਹਾਣੀਆਂ (ਇਸਤਰੀ-ਮਰਦ ਪ੍ਰਸੰਗ ਵਾਲੀਆਂ ਕਹਾਣੀਆਂ) | ਕੁਕਨੁਸ ਪ੍ਰਕਾਸ਼ਨ, ਜਲੰਧਰ 75 ਤੇ 40 ਰੁਪਏ—2002 | 111 |
| 4. | ਚੋਣਵੀਆਂ ਕਹਾਣੀਆਂ-2 (ਬ੍ਰਹਮੰਡਕ ਚੇਤਨਾ) | ਕੁਕਨੁਸ ਪ੍ਰਕਾਸ਼ਨ, ਜਲੰਧਰ-2008 | |

## ਪਾਕਿਸਤਾਨ ਵਿਚ (ਸ਼ਾਹਮੁਖੀ ਲਿੱਪੀ ਵਿਚ)

| | | | |
|---|---|---|---|
| 1. | ਖੰਭਾਂ ਵਾਲੇ ਪਿੰਜਰੇ | ਇਦਾਰਾ ਪੰਜਾਬੀ ਜਬਾਨ ਤੇ ਸਕਾਫ਼ਤ, ਲਾਹੌਰ 450 ਰੁਪਏ—2000 | 432 |

## ਰਵਿੰਦਰ ਰਵੀ ਦੀਆਂ ਕਹਾਣੀਆਂ ਦੇ ਗਹਿਨ ਅਧਿਅਨ

| | | |
|---|---|---|
| 1. | *ਯੁਕਲਿਪਟਸ ਤੇ ਹੈਮਿੰਗਵੇ—ਨੈਸ਼ਨਲ ਬੁਕ ਸ਼ਾਪ, ਦਿੱਲੀ ਲੇਖਕ : ਡਾ. ਦੇਵਿੰਦਰ ਕੌਰ—35 ਰੁਪਏ—1989 | 112 |
| 2. | **ਕਥਾ ਸਨਮੁਖ—ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ ਸੰਪਾ: ਰਵਿੰਦਰ ਰਵੀ—140 ਰੁਪਏ—2001 | 168 |
| 3. | ***ਕਥਾ ਸਨਮੁਖ-2—ਨੈਸ਼ਨਲ ਬੁਕ ਸ਼ਾਪ, ਦਿੱਲੀ ਸੰਪਾ: ਰਵਿੰਦਰ ਰਵੀ—350 ਰੁਪਏ—2012 | 204 |

* "ਅਨ੍ਹੇਰਾ ਯੁਕਲਿਪਟਸ ਤੇ ਅੱਗ" ਅਤੇ "ਇਕ ਹੋਰ ਹੈਮਿੰਗਵੇ" ਕਹਾਣੀਆਂ ਤੇ ਉਨ੍ਹਾਂ ਦੇ ਗਹਿਨ ਅਧਿਅਨ ਇਸ ਪੁਸਤਕ ਵਿਚ ਸ਼ਾਮਿਲ ਹਨ।

** "ਅਨ੍ਹੇਰਾ ਯੁਕਲਿਪਟਸ ਤੇ ਅੱਗ" ਅਤੇ "ਇਕ ਹੋਰ ਹੈਮਿੰਗਵੇ" ਕਹਾਣੀਆਂ ਤੇ ਉਨ੍ਹਾਂ ਉੱਤੇ ਲਿਖੇ ਡਾ. ਦੇਵਿੰਦਰ ਕੌਰ ਦੇ ਗਹਿਨ ਅਧਿਅਨ ਅਤੇ "ਹਮ ਛਿਣ" ਕਹਾਣੀ ਤੇ ਉਸ ਉੱਤੇ ਲਿਖਿਆ ਡਾ. ਹਰਚੰਦ ਸਿੰਘ ਬੇਦੀ ਦਾ ਗਹਿਨ-ਅਧਿਅਨ ਇਸ ਪੁਸਤਕ ਵਿਚ ਸ਼ਾਮਿਲ ਹਨ।

*** "ਕਥਾ ਸਨਮੁਖ-2" ਇਸ ਪੁਸਤਕ ਵਿਚ ਹੇਠ ਲਿਖੀਆਂ ਕਹਾਣੀਆਂ ਦੇ ਗਹਿਨ ਅਧਿਐਨ ਸ਼ਾਮਿਲ ਹਨ :

1. ਅਨ੍ਹੇਰਾ ਯੁਕਲਿਪਟਸ ਤੇ ਅੱਗ –ਡਾ. ਦੇਵਿੰਦਰ ਕੌਰ ਤੇ ਡਾ. ਵਨੀਤਾ
2. ਇਕ ਹੋਰ ਹੈਮਿੰਗਵੇ – ਡਾ. ਦੇਵਿੰਦਰ ਕੌਰ
3. ਹਮ ਛਿਣ –ਡਾ. ਹਰਚੰਦ ਸਿੰਘ ਬੇਦੀ
4. ਸ਼ਾਦੀ ਵੱਲ ਜਾਂਦੀ ਸੜਕ –ਡਾ. ਅਕਵਿੰਦਰ ਕੌਰ ਬਾਹਲ
5. ਕੰਪਿਊਟਰ ਕਲਚਰ –ਮਨਜੀਤ ਮੀਤ (ਕੈਨੇਡਾ)



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/Apne Khilaf-A2

Academy of the Punjab in North America: http://www.apnaorg.com

# ਰਵਿੰਦਰ ਰਵੀ ਰਚਿਤ ਫੁਟਕਲ ਪੁਸਤਕਾਂ ਦਾ ਵੇਰਵਾ

**ਸਫ਼ਰਨਾਮਾ**

| | | | |
|---|---|---|---|
| 1. | ਸਿਮਰਤੀਆਂ ਦੇ ਦੇਸ਼ | ਧਨਪਤ ਰਾਏ ਐਂਡ ਸਨਜ਼, ਜਲੰਧਰ | 1979 |
| | (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2006 |

**ਵਾਰਤਕ : ਸਾਹਿਤਿਕ ਸ੍ਵੈ-ਜੀਵਨੀ**

| | | | |
|---|---|---|---|
| 1. | ਮੇਰੀ ਸਾਹਿਤਿਕ ਸ੍ਵੈ-ਜੀਵਨੀ | ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ | 1994 |
| 2. | ਐਟਸੈਟਰਾ-2 (ਰਚਨ-ਪ੍ਰਕ੍ਰਿਆ ਤੇ ਹੋਰ ਲੇਖ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 3. | ਐਟਸੈਟਰਾ-3 (ਮੁਲਾਕਾਤਾਂ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 4. | ਮੇਰਾ ਜੀਵਨ, ਮੇਰਾ ਸਾਹਿਤ (ਸਾਹਿਤਿਕ ਸ੍ਵੈ-ਜੀਵਨੀ) | ਪੰਜਾਬੀ ਯੂਨੀਵਰਸਿਟੀ, ਪਟਿਆਲਾ | 2010 |
| 5. | ਐਟਸੈਟਰਾ-4 (ਮੁਲਾਕਤਾਂ ਤੇ ਫੁਟਕਲ ਲਿਖਤਾਂ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |

**ਸਾਹਿਤ ਸਮੀਖਿਆ ਤੇ ਸੰਕਲਨ**

| | | | |
|---|---|---|---|
| 1. | ਪ੍ਰਯੋਗਸ਼ੀਲ ਕਾਵਿ-ਦਰਪਨ | ਹਜ਼ੂਰੀਆ ਪਬਲਿਸ਼ਰਜ਼, ਜਲੰਧਰ | 1964 |
| | (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2007 |
| 2. | ਮੇਰਾ ਕਾਵਿ-ਨਾਟ ਲੋਕ | ਨੈਸ਼ਨਲ ਬੁਕ ਸ਼ਾਪ, ਦਿੱਲੀ | 1990 |
| | (ਦੂਜਾ ਐਡੀਸ਼ਨ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 3. | ਐਟਸੈਟਰਾ-1 (ਖੋਜ-ਪੱਤਰ ਤੇ ਆਲੋਚਨਾ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 4. | ਮੇਰਾ ਥੀਏਟਰ ਤੇ ਇੱਕੀਵੀਂ ਸਦੀ | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |

**ਸੰਪਾਦਨ (ਪੰਜਾਬੀ ਤੇ ਅੰਗਰੇਜ਼ੀ ਵਿਚ)**

| | | | |
|---|---|---|---|
| 1. | ਵਿਸ਼ਵ ਪੰਜਾਬੀ ਸਾਹਿਤ | ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ | 1981 |
| 2. | ਕਵਿਤਾ ਸਨਮੁਖ | ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ | 1994 |
| | (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2007 |
| 3. | ਕਥਾ ਸਨਮੁਖ | ਚੇਤਨਾ ਪ੍ਰਕਾਸ਼ਨ, ਲੁਧਿਆਣਾ | 2001 |
| 4. | ਕਥਾ ਸਨਮੁਖ-2 | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

| | | | |
|---|---|---|---|
| 5. | ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ (ਅਭਿਨੰਦਨ ਗ੍ਰੰਥ) | ਨਵਯੁੱਗ ਪਬਲਿਸ਼ਰਜ਼, ਦਿੱਲੀ | 1992 |
| 6. | Wind Song (Poetry) | ਇੰਡੋ-ਕਨੇਡੀਅਨ ਪਬਲੀਕੇਸ਼ਨਜ਼, ਸਰੀ, ਬੀ.ਸੀ., ਕੈਨੇਡਾ | 1978 |
| 7. | Wind Song-2 (Poetry) | ਇੰਡੋ-ਕਨੇਡੀਅਨ ਪਬਲੀਕੇਸ਼ਨਜ਼, ਸਰੀ, ਬੀ.ਸੀ., ਕੈਨੇਡਾ | 1984 |

## ਅੰਗਰੇਜ਼ੀ ਵਿਚ ਚੋਣਵੀਂ ਕਵਿਤਾ-ਹੋਰ ਕਵੀਆਂ ਨਾਲ ਸਾਂਝੀ

| | | | |
|---|---|---|---|
| 1. | The Rebel Sound | Dave Book Centre, Nairobi, Kenya | 1968 |
| 2. | The Voices of Dissent | Seema Parkashan, Jalandhar India | 1972 |
| 3. | Indian Poetry Today (Volume One) | Indian Council for Cultural Relations, New Delhi | 1974 |
| 4. | Green Snow | Vesta Publications, Cornwall, Ontario, Canada | 1976 |
| 5. | Hundred Indian Poets | Oxford + IBH Publishing Company, India. | 1977 |

## ਰਵਿੰਦਰ ਰਵੀ ਦੀ ਸਵੈ-ਜੀਵਨੀ 7 ਵੀਡੀਓ-ਭਾਗਾਂ ਵਿਚ

ਰਵਿੰਦਰ ਰਵੀ ਦੀ ਸਵੈ-ਜੀਵਨੀ, 7 ਵੀਡੀਓ-ਭਾਗਾਂ ਵਿਚ, ਵੇਖਣ/ਸੁਣਨ ਲਈ, ਹੇਠ ਲਿਖੇ ਵੈਬਸਾਈਟ ਉੱਤੇ ਜਾ ਕੇ, **Autobiography** ਭਾਗ ਵਿਚ ਪ੍ਰਾਪਤ ਕਰੋ : **www.ravinder-ravi.com**



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

# ਰਵਿੰਦਰ ਰਵੀ ਦੇ ਸਾਹਿਤ ਉੱਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ

1. ਯੂਕਲਿਪਟਸ ਤੇ ਹੈਮਿੰਗਵੇ: (ਦੋ ਕਹਾਣੀਆਂ ਦੇ ਪੜ੍ਹਤ-ਅਧਿਅਨ)
   ਲੇਖਿਕਾ : ਡਾ. ਦੇਵਿੰਦਰ ਕੌਰ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—1989

2. ਮੇਰਾ ਕਾਵਿ-ਨਾਟ ਲੋਕ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—1990
   ਦੂਜਾ ਐਡੀਸ਼ਨ : ਤ੍ਰਿਲੋਚਨ ਪਬਲਿਸ਼ਰਜ਼, ਚੰਡੀਗੜ੍ਹ—2008

3. ਕਵਿਤਾ ਸਨਮੁਖ : 25 ਕੁ ਕਵਿਤਾਵਾਂ ਦੇ ਪੜ੍ਹਤ-ਅਧਿਅਨ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1994
   ਦੂਜਾ ਐਡੀਸ਼ਨ : ਨੈਸ਼ਨਲ ਬੁਕ ਸ਼ਾਪ, ਦਿੱਲੀ—2008

4. ਰਵਿੰਦਰ ਰਵੀ ਦਾ ਰਚਨਾ ਸੰਸਾਰ
   ਲੇਖਕ : ਪ੍ਰੋ. ਬ੍ਰਹਮ ਜਗਦੀਸ਼ ਸਿੰਘ
   ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1999

5. ਕਥਾ ਸਨਮੁਖ : ਤਿੰਨ ਕਹਾਣੀਆਂ ਦੇ ਪੜ੍ਹਤ-ਅਧਿਅਨ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ—2001

6. ਰਵਿੰਦਰ ਰਵੀ ਦੀ ਕਵਿਤਾ ਵਿਚ ਮਾਨਵੀ ਰਿਸ਼ਤੇ
   ਲੇਖਿਕਾ : ਡਾ. ਸੁਖਵਿੰਦਰ ਕੌਰ ਮੱਲ੍ਹੀ
   ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ—2002

7. ਨਾਟਕਕਾਰ ਰਵਿੰਦਰ ਰਵੀ
   ਸੰਪਾਦਕ : ਡਾ. ਗੁਰੂਮੇਲ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2003

8. ਕਥਾਕਾਰ ਰਵਿੰਦਰ ਰਵੀ
   ਸੰਪਾਦਕ : ਡਾ. ਗੁਰੂਮੇਲ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2004



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

9. ਰਵਿੰਦਰ ਰਵੀ ਦੀ ਕਹਾਣੀ-ਕਲਾ
ਲੇਖਿਕਾ : ਦਲਜਿੰਦਰ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2006

10. ਰਵਿੰਦਰ ਰਵੀ ਦਾ ਨਾਟ-ਚਿੰਤਨ
ਲੇਖਕ : ਡਾ. ਸਤਨਾਮ ਸਿੰਘ ਜੱਸਲ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2007

11. ਕਵੀ ਰਵਿੰਦਰ ਰਵੀ
ਸੰਪਾਦਕ : ਮਨਜੀਤ ਮੀਤ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2008

12. ਰਵਿੰਦਰ ਰਵੀ ਦੀ ਕਹਾਣੀ : ਸੱਭਿਆਚਾਰਕ ਪਰਿਪੇਖ
ਲੇਖਕ : ਡਾ. ਗੁਰਜੰਟ ਸਿੰਘ
ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ—2009

13. ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਸੰਰਚਨਾਤਮਕ ਅਧਿਐਨ
ਲੇਖਕ : ਮੁਨੀਸ਼ ਕੁਮਾਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2011

14. ਮੇਰਾ ਥੀਏਟਰ ਤੇ ਇੱਕੀਵੀਂ ਸਦੀ
ਸੰਪਾਦਕ : ਰਵਿੰਦਰ ਰਵੀ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿਲੀ—2012

15. ਰਵਿੰਦਰ ਰਵੀ ਦਾ ਸਫ਼ਰਨਾਮਾ ਸਿਮਰਤੀਆਂ ਦੇ ਦੇਸ਼ : ਪਾਠ-ਕੇਂਦਰਿਤ ਅਧਿਐਨ
ਲੇਖਿਕਾ : ਮਨਮੀਤ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2012

16. ਕਥਾ ਸਨਮੁਖ-2 ਪੰਜ ਕਹਾਣੀਆਂ ਦੇ ਪੜ੍ਹਤ-ਅਧਿਐਨ
ਸੰਪਾਦਕ : ਰਵਿੰਦਰ ਰਵੀ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2012

17. ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ "ਥੀਮ ਵਿਗਿਆਨਕ" ਵਿਸ਼ਲੇਸ਼ਣ
ਲੇਖਿਕਾ : ਡਾ. ਰਵਿੰਦਰ ਕੌਰ ਬੇਦੀ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2014


IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com

18. ਰਵਿੰਦਰ ਰਵੀ ਦਾ ਸਾਹਿਤ-ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ
ਲੇਖਿਕਾ : ਡਾ. ਕਿਰਨਦੀਪ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2014

19. ਰਵਿੰਦਰ ਰਵੀ ਕਾਵਿ : ਸੱਭਿਆਚਾਰਕ ਤਣਾਓ-ਪਰਵਾਸੀ ਸੰਦਰਭ
ਲੇਖਿਕਾ : ਸਰਬਜੀਤ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2015

20. ਰਵਿੰਦਰ ਰਵੀ ਦਾ ਕਾਵਿ-ਸ਼ਾਸਤਰੀ ਚਿੰਤਨ
ਲੇਖਕ : ਡਾ. ਨਾਨਕ ਸਿੰਘ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2017


21. ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿ ਆਪਣੇ ਖ਼ਿਲਾਫ਼
(ਮੂਲ ਪਾਠ ਅਤੇ ਆਲੋਚਨਾ)
ਸੰਪਾਦਕ : ਮਨਜੀਤ ਸਿੰਘ (ਪ੍ਰੋ.) ਤੇ ਡਾ. ਜਸਪਾਲ ਕੌਰ
ਪ੍ਰਕਾਸ਼ਕ: ਨੈਸ਼ਨਲ ਬੁਕ ਸ਼ਾਪ, ਦਿੱਲੀ—2017

**ਨੋਟ** : 55 ਪੁਸਤਕਾਂ—ਰਵਿੰਦਰ ਰਵੀ ਦੀਆਂ ਜਾਂ ਉਸ ਉੱਤੇ ਪਿਛਲੇ 27 ਸਾਲਾਂ (1987-2016) ਵਿਚ ਨੈਸ਼ਨਲ ਬੁਕ ਸ਼ਾਪ, ਦਿੱਲੀ ਨੇ ਪ੍ਰਕਾਸ਼ਤ ਕੀਤੀਆਂ।



IInd on 27.12.2016, Ist on 12.12.16
D:/National/Jaspal Kaur Dr./Ravinder Ravi Rachit-Apne Khilaf/2-Proof/**Apne Khilaf-A2**

Academy of the Punjab in North America: http://www.apnaorg.com



ਰਵਿੰਦਰ ਰਵੀ

ਕਹਾਣੀ, ਨਾਟਕ ਤੇ ਕਾਵਿ-ਨਾਟਕ ਦੇ ਨਾਲ਼ ਨਾਲ਼ ਕਵਿਤਾ, ਖ਼ਾਸ ਕਰਕੇ, ਪਰਵਾਸੀ ਪੰਜਾਬੀ ਕਵਿਤਾ ਨੂੰ, ਰਵਿੰਦਰ ਰਵੀ ਦਾ ਯੋਗਦਾਨ ਬਹੁ-ਪਰਤੀ ਵੀ ਹੈ ਅਤੇ ਬਹੁ-ਆਯਾਮੀ ਵੀ। ਇਸੇ ਗੱਲ ਨੂੰ ਧਿਆਨ ਵਿਚ ਰੱਖਦਿਆਂ, ਉਸ ਦੇ ਬਹੁ-ਚਰਚਿਤ ਕਾਵਿ-ਸੰਗ੍ਰਹਿ 'ਆਪਣੇ ਖ਼ਿਲਾਫ਼' ਨੂੰ, ਇੱਥੇ ਵੱਖਰੇ ਤੌਰ 'ਤੇ, ਇਕ ਪਾਠ-ਪੁਸਤਕ ਦੇ ਰੂਪ ਵਿਚ, ਮੁੜ ਪ੍ਰਕਾਸ਼ਤ ਕਰਨ ਦਾ ਯਤਨ ਕੀਤਾ ਗਿਆ ਹੈ। ਇਕ ਆਦਰਸ਼ ਪਾਠ-ਪੁਸਤਕ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਇੱਥੇ, 'ਆਪਣੇ ਖ਼ਿਲਾਫ਼' ਕਾਵਿ-ਸੰਗ੍ਰਹਿ ਦੇ ਮੂਲ ਪਾਠ ਦੇ ਨਾਲ਼, ਰਵਿੰਦਰ ਰਵੀ ਦੀ ਸ਼ਾਇਰੀ ਉਪਰ ਹੋਈ ਆਲੋਚਨਾ ਦੇ ਕੁੱਝ ਨਮੂਨਿਆਂ ਨੂੰ, ਅੰਤਿਕਾਵਾਂ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਤਾਂ ਜੋ ਵਿਦਿਆਰਥੀਆਂ ਨੂੰ, ਰਵੀ-ਕਾਵਿ ਸਮਝਣ ਵਿਚ, ਦਿੱਕਤਾਂ ਦਾ ਸਾਮ੍ਹਣਾ ਨਾ ਕਰਨਾ ਪਵੇ। ਇਹ ਆਲੋਚਨਾਤਮਕ ਨਮੂਨੇ, ਸਿਰਫ਼ ਸੰਕੇਤ ਮਾਤਰ ਹਨ। ਵਿਦਿਆਰਥੀ ਇਨ੍ਹਾਂ ਸੰਕੇਤਾਂ ਨੂੰ ਆਧਾਰ ਬਣਾ ਕੇ, ਇਸ ਸੰਗ੍ਰਹਿ ਵਿਚ ਦਰਜ਼ ਸ਼ਾਇਰੀ ਨੂੰ ਨਵੇਂ ਸਿਰਿਉਂ ਚਰਚਾ ਦਾ ਵਿਸ਼ਾ ਬਣਾ ਸਕਦੇ ਹਨ।





ਮਨਜੀਤ ਸਿੰਘ (ਪ੍ਰੋ.)
ਸਾਬਕਾ ਮੁਖੀ, ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ, ਦਿੱਲੀ-7

ਜਸਪਾਲ ਕੌਰ (ਡਾ.)
ਐਸੋਸੀਏਟ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ, ਦਿੱਲੀ-7

ਨੈ.ਬੁ.ਸ.

NATIONAL BOOK SHOP
Pleasure Garden Market,
Near Gauri Shankar Mandir,
Chandni Chowk, Delhi-110006
Email : nbs.bookstore@gmail.com

**Ravinder Ravi Rachit Kaav-Sangreh Aapne Khilaaf (Mool Path ate Aalochna)**

**Editors : Manjit Singh (Prof.), Dr. Jaspal Kaur**

Academy of the Punjab in North America: http://www.apnaorg.com